# ਕੌਮਾਂਤਰੀ ਅੰਮ੍ਰਿਤਸਰ ਟਾਈਮਜ਼

QUOMANTRY AMRITSAR TIMES

West/East Coast Edition | Volume 6 | Issue 21 | 24 May to 30 May 2017 | Ph.: (510) 240-5949 | For Advt.: (510) 677-2777 | Fax: (888) 323-6950 | Email: info@amritsartimes.com, asrtimes@gmail.com


# ਮੈਨਚੈਸਟਰ 'ਚ ਸੰਗੀਤ ਪ੍ਰੋਗਰਾਮ ਦੌਰਾਨ ਦਹਿਸ਼ਤੀ ਹਮਲੇ 'ਚ 22 ਮੌਤਾਂ

- ਆਮ ਚੋਣਾਂ ਤੋਂ ਪਹਿਲਾਂ 12 ਸਾਲ ਬਾਅਦ ਸਭ ਤੋਂ ਵੱਡਾ ਦਹਿਸ਼ਤੀ ਹਮਲਾ
- ਬਰਤਾਨੀਆ ਵਿਚ ਹੋ ਸਕਦੇ ਹਨ ਹੋਰ ਹਮਲੇ, ਸਾਰੀਆਂ ਅਹਿਮ ਥਾਵਾਂ 'ਤੇ ਫ਼ੌਜ ਤੈਨਾਤ
- ਧਮਾਕੇ ਤੋਂ ਇਕ ਘੰਟਾ ਪਹਿਲਾਂ ਹੀ ਆਈ.ਐਸ. ਸਮਰਥਕ ਮਨਾਉਣ ਲੱਗੇ ਸਨ ਟਵਿੱਟਰ 'ਤੇ ਜਸ਼ਨ



ਲੰਡਨ/ਬਿਊਰੋ ਨਿਊਜ਼ : ਬਰਤਾਨੀਆ ਵਿਚ ਆਮ ਚੋਣਾਂ ਤੋਂ ਠੀਕ ਪਹਿਲਾਂ 12 ਸਾਲ ਬਾਅਦ ਸਭ ਤੋਂ ਭਿਆਨਕ ਦਹਿਸ਼ਤੀ ਹਮਲਾ ਹੋਇਆ ਹੈ। ਮੰਗਲਵਾਰ ਨੂੰ ਮੈਨਚੈਸਟਰ ਵਿਚ ਪੌਪ ਸਟਾਰ ਏਰੀਏਨਾ ਗਰੈਂਡ ਦੇ ਕਨਸਰਟ ਵਿਚ ਦਹਿਸ਼ਤੀ ਸੰਗਠਨ ਆਈ.ਐਸ. ਦੇ ਆਤਮਘਾਤੀ ਹਮਲਾਵਰ ਨੇ ਖ਼ੁਦ ਨੂੰ ਉਡਾ ਲਿਆ। ਧਮਾਕੇ ਵਿਚ 8 ਸਾਲ ਦੀ ਬੱਚੀ ਸਮੇਤ 22 ਲੋਕਾਂ ਦੀ ਮੌਤ ਹੋ ਗਈ,

ਬਾਕੀ ਸਫ਼ਾ 31 'ਤੇ

## ਸਿੱਖ ਕੈਬ ਡਰਾਈਵਰ ਨੇ ਦਿੱਤੀ ਮੁਫ਼ਤ ਸਰਵਿਸ, ਗੁਰਦੁਆਰਿਆਂ ਨੇ ਦਿੱਤਾ ਆਸਰਾ

ਹਮਲੇ ਤੋਂ ਬਾਅਦ ਅਫਰਾ-ਤਫਰੀ ਮੱਚੀ ਸੀ, ਪਰ ਇਸ ਦੌਰਾਨ ਇਕ ਸਿੱਖ ਕੈਬ ਡਰਾਈਵਰ ਨੇ ਇਨਸਾਨੀਅਤ ਦੀ ਮਿਸਾਲ ਕਾਇਮ ਕੀਤੀ। ਉਹ ਆਪਣੀ ਕੈਬ ਰਾਹੀਂ ਜ਼ਖ਼ਮੀ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣ ਵਿਚ ਜੁੱਟ ਗਿਆ। ਉਸ ਨੇ ਟੈਕਸੀ 'ਤੇ ਕਾਗਜ਼ ਚਿਪਕਾ ਦਿੱਤਾ, ਜਿਸ 'ਤੇ ਲਿਖਿਆ ਸੀ, 'ਫਰੀ ਟੈਕਸੀ ਇਫ਼ ਨੀਡਡ' ਨਾਲ

ਬਾਕੀ ਸਫ਼ਾ 31 'ਤੇ

## ਆਸਟਰੇਲੀਆ : ਸਿੱਖ ਟੈਕਸੀ ਚਾਲਕ ਵਿਦਿਆਰਥੀ 'ਤੇ ਨਸਲੀ ਹਮਲਾ

ਤਸਮਾਨੀਆ/ਬਿਊਰੋ ਨਿਊਜ਼ : ਆਸਟਰੇਲੀਆ ਵਿੱਚ 25 ਸਾਲਾ ਭਾਰਤੀ ਟੈਕਸੀ ਡਰਾਈਵਰ ਉਤੇ ਦੋ ਯਾਤਰੀਆਂ ਨੇ ਹਮਲਾ ਕਰ ਕੇ ਬੇਹੋਸ਼ ਕਰ ਦਿੱਤਾ। ਹਮਲਾਵਰਾਂ ਵਿੱਚ ਇਕ ਔਰਤ ਵੀ ਸ਼ਾਮਲ ਸੀ, ਜਿਨ੍ਹਾਂ ਉਸ ਖ਼ਿਲਾਫ਼ ਨਸਲੀ ਟਿੱਪਣੀਆਂ ਵੀ ਕੀਤੀਆਂ। ਇੱਥੇ



ਹੌਸਪਿਟੈਲਿਟੀ ਦੀ ਪੜ੍ਹਾਈ ਕਰ ਰਹੇ ਪਰਦੀਪ ਸਿੰਘ ਉਤੇ ਸ਼ਨਿੱਚਰਵਾਰ ਰਾਤੀਂ ਆਸਟਰੇਲੀਆ ਦੇ ਟਾਪੂਨੁਮਾ ਰਾਜ ਤਸਮਾਨੀਆ ਵਿੱਚ ਸੈਂਡੀ ਬੇਅ ਮੈਕਡੌਨਲਡ ਦੇ ਡਰਾਈਵ ਥਰੂ ਉਤੇ ਹਮਲਾ ਹੋਇਆ। 'ਦਿ ਮਰਕਰੀ' ਦੀ ਰਿਪੋਰਟ ਅਨੁਸਾਰ ਪਰਦੀਪ ਸਿੰਘ ਉਤੇ ਯਾਤਰੀਆਂ ਨੇ ਉਦੋਂ ਹਮਲਾ ਕੀਤਾ, ਜਦੋਂ ਉਸ ਨੇ ਉਲਟੀ ਕਰਨ ਜਾ ਰਹੀ ਲੜਕੀ ਨੂੰ ਕਾਰ ਵਿਚੋਂ ਉਤਰਨ ਲਈ ਆਖਿਆ। ਉਸ ਨੇ ਯਾਤਰੀਆਂ ਨੂੰ ਕਿਹਾ ਕਿ ਜੇ ਉਹ ਕਾਰ ਗੰਦੀ ਕਰਨਗੇ ਤਾਂ ਉਨ੍ਹਾਂ ਨੂੰ ਸਫ਼ਾਈ ਦੀ ਫੀਸ ਦੇਣੀ ਪਵੇਗੀ। ਪਰਦੀਪ ਸਿੰਘ ਨੇ ਦੋਸ਼ ਲਾਇਆ ਕਿ ਮਹਿਲਾ ਯਾਤਰੀ ਨੇ ਗਾਲਾਂ ਕੱਢਦਿਆਂ ਕਿਹਾ ਕਿ ਉਹ ਕਿਰਾਇਆ ਜਾਂ ਸਫ਼ਾਈ ਦੀ ਫੀਸ ਨਹੀਂ ਦੇਣਗੇ। ਉਨ੍ਹਾਂ ਡਰਾਈਵਰ ਨੂੰ ਕਈ ਦਫ਼ਾ ਮੁੱਕੇ ਤੇ ਠੁੱਡੇ ਮਾਰੇ। ਰੌਇਲ ਹੋਬਰਟ ਹਸਪਤਾਲ ਵਿੱਚ ਦਾਖ਼ਲ ਪਰਦੀਪ ਸਿੰਘ ਨੇ ਕਿਹਾ ਕਿ "ਹਮਲਾਵਰਾਂ ਨੇ ਚੀਕ ਕੇ ਆਖਿਆ ਕਿ ਤੁਸੀਂ ਭਾਰਤੀ ਇਸੇ ਦੇ ਲਾਇਕ ਹੋ।" ਇੰਸਪੈਕਟਰ ਇਆਨ ਵਿਸ਼ ਵਿਲਸਨ ਨੇ ਕਿਹਾ ਕਿ ਦੋਵਾਂ ਯਾਤਰੀਆਂ ਉਤੇ ਹਮਲੇ ਨਾਲ ਸਬੰਧਤ ਦੋਸ਼ ਲਾਏ ਗਏ ਹਨ ਅਤੇ ਉਨ੍ਹਾਂ ਨੂੰ 26 ਜੂਨ ਨੂੰ ਹੋਬਰਟ ਮੈਜਿਸਟਰੇਟਸ ਕੋਰਟ ਵਿੱਚ ਪੇਸ਼ ਹੋਣਾ ਪਵੇਗਾ।

## ਪੰਜਾਬ 'ਚ ਕਿਸਾਨ ਕਰਜ਼ਾ ਮਾਫ਼ੀ ਵਾਅਦੇ ਨੂੰ ਬੂਰ ਪੈਂਦਾ ਨਹੀਂ ਦਿਸਦਾ

### ਮਹਿਜ਼ ਢਾਈ ਏਕੜ ਮਾਲਕੀ ਵਾਲੇ ਕਿਸਾਨਾਂ ਨੂੰ ਹੀ ਰਾਹਤ ਮਿਲਣ ਦੀ ਆਸ

ਚੰਡੀਗੜ੍ਹ/ਬਿਊਰੋ ਨਿਊਜ਼: ਕੈਪਟਨ ਸਰਕਾਰ ਕਿਸਾਨਾਂ ਦੀ ਪੂਰੀ ਕਰਜ਼ਾ ਮਾਫ਼ੀ ਦੇ ਚੋਣ ਵਾਅਦੇ ਤੋਂ ਹੁਣ ਪਲਟ ਰਹੀ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪੀ.ਐਚ.ਡੀ. ਚੈਂਬਰ ਆਫ਼ ਕਾਮਰਸ ਐਂਡ ਇੰਡਸਟਰੀ ਦੇ ਪ੍ਰੋਗਰਾਮ ਵਿਚ ਕਿਹਾ ਕਿ ਕਿਸਾਨਾਂ ਦੇ ਕਰਜ਼ੇ ਘਟਾਏ ਜਾਣਗੇ। ਇਕ ਮਹੀਨੇ ਵਿਚ 21 ਕਿਸਾਨਾਂ ਵਲੋਂ ਖ਼ੁਦਕੁਸ਼ੀ ਦੀਆਂ ਘਟਨਾਵਾਂ ਨੂੰ ਸਵੀਕਾਰਦੇ ਹੋਏ ਉਨ੍ਹਾਂ ਕਿਹਾ ਕਿ ਕੁਰਕੀ ਖ਼ਤਮ ਕਰ ਦਿੱਤੀ ਹੈ, ਜਦਕਿ ਹਕੀਕਤ ਇਹ ਹੈ ਕਿ ਸਰਕਾਰੀ ਬੈਂਕ ਡਿਫਾਲਟਰ ਕਿਸਾਨਾਂ ਨੂੰ ਨੋਟਿਸ ਜਾਰੀ ਕਰ ਰਹੇ ਹਨ। ਕਿਸਾਨਾਂ ਨੂੰ ਖ਼ੁਦਕੁਸ਼ੀ ਨਾ ਕਰਨ ਦੀ ਅਪੀਲ ਕਰਦੇ ਹੋਏ ਕੈਪਟਨ ਨੇ ਕਿਹਾ ਕਿ ਕਰਜ਼ਾ ਮਾਫ਼ੀ ਲਈ ਉਹ ਥੋੜ੍ਹਾ ਇੰਤਜ਼ਾਰ ਕਰਨ।

ਬਾਕੀ ਸਫ਼ਾ 31 'ਤੇ

# 'ਦਿ ਬਲੈਕ ਪ੍ਰਿੰਸ' ਦਾ ਟਰੇਲਰ ਕਾਨ ਫਿਲਮ ਮੇਲੇ 'ਚ ਰਿਲੀਜ਼

## ਵਿਸ਼ਵ ਪ੍ਰਸਿੱਧ ਫ਼ਿਲਮ ਫੈਸਟੀਵਲ ਦੇ ਰੈੱਡ ਕਾਰਪੈਟ ਉੱਤੇ ਪਹਿਲੇ ਦਸਤਾਰਧਾਰੀ ਸਿੱਖ ਵਜੋਂ ਤੁਰਨ ਦਾ ਸਨਮਾਨ ਸਤਿੰਦਰ ਸਰਤਾਜ ਨੂੰ ਹੋਇਆ ਹਾਸਲ

### ਵਿਸ਼ਵ ਭਰ ਦੇ ਸਿਨੇਮਾ ਘਰਾਂ ਵਿਚ 21 ਜੁਲਾਈ ਤੋਂ ਵਿਖਾਈ ਜਾਵੇਗੀ ਸਿੱਖਾਂ ਦੇ ਆਖ਼ਰੀ ਮਹਾਰਾਜਾ ਦਲੀਪ ਸਿੰਘ ਦੀ ਜੀਵਨ ਕਹਾਣੀ

ਨਵੀਂ ਦਿੱਲੀ/ਬਿਊਰੋ ਨਿਊਜ਼ :
ਇਸ ਵਰ੍ਹੇ ਦੇ 70ਵੇਂ ਕਾਨ ਫ਼ਿਲਮ ਉਤਸਵ ਦੌਰਾਨ ਭਾਵੇਂ ਕੋਈ ਵੀ ਭਾਰਤੀ ਫੀਚਰ ਫ਼ਿਲਮ ਨਹੀਂ ਦਿਖਾਈ ਜਾ ਰਹੀ ਪਰ ਵਿਸ਼ਵ ਦੇ ਸਭ ਤੋਂ ਵੱਡੇ ਅਤੇ ਮਸ਼ਹੂਰ ਫਿਲਮ ਮੇਲੇ ਦੇ ਰੈੱਡ ਕਾਰਪੈਟ ਉੱਤੇ ਪਹਿਲੇ ਦਸਤਾਰਧਾਰੀ ਸਿੱਖ ਵਜੋਂ ਤੁਰਨ ਦਾ ਸਨਮਾਨ ਉੱਘੇ ਗਾਇਕ, ਅਦਾਕਾਰ ਅਤੇ ਦਿ ਬਲੈਕ ਪ੍ਰਿੰਸ' ਫਿਲਮ 'ਚ ਆਖ਼ਰੀ ਸਿੱਖ ਮਹਾਰਾਜਾ ਦਲੀਪ ਸਿੰਘ ਦਾ ਕਿਰਦਾਰ ਨਿਭਾਉਣ ਵਾਲੇ ਸਤਿੰਦਰ ਸਰਤਾਜ ਨੂੰ ਹਾਸਲ ਹੋਇਆ। ਕਈ ਕੌਮਾਂਤਰੀ ਐਵਾਰਡ ਜੇਤੂ ਫ਼ਿਲਮ ਦਿ ਬਲੈਕ ਪ੍ਰਿੰਸ' ਦਾ ਟਰੇਲਰ ਇਸ ਮੇਲੇ 'ਚ ਸ਼ਨਿਚਰਵਾਰ





ਵਿਸ਼ਵ ਪ੍ਰਸਿੱਧ ਕਾਨ ਫ਼ਿਲਮ ਫੈਸਟੀਵਲ ਦੇ ਰੈੱਡ ਕਾਰਪੈਟ ਉੱਤੇ ਪਹਿਲੇ ਦਸਤਾਰਧਾਰੀ ਸਿੱਖ ਵਜੋਂ ਤੁਰਨ ਦਾ ਸਨਮਾਨ ਹਾਸਲ ਕਰਨ ਵਾਲੇ ਦਿ ਬਲੈਕ ਪ੍ਰਿੰਸ' ਫਿਲਮ ਦੇ ਨਾਇਕ ਅਤੇ ਉੱਘੇ ਸੂਫ਼ੀ ਗਾਇਕ ਸਤਿੰਦਰ ਸਰਤਾਜ ਦੇ ਖ਼ੁਸ਼ੀ ਦੇ ਪਲਾਂ ਵਾਲੇ ਦੋ ਅੰਦਾਜ਼।

20 ਮਈ ਨੂੰ ਵਿਸ਼ੇਸ਼ ਤੌਰ ਰਿਲੀਜ਼ ਕੀਤੇ ਜਾਣ ਦਾ ਮਾਣ ਹਾਸਲ ਹੋਇਆ। 'ਦਿ ਬਲੈਕ ਪ੍ਰਿੰਸ' ਦੇ ਟਰੇਲਰ ਰਿਲੀਜ਼ ਤੋਂ ਇਲਾਵਾ ਫਿਲਮ ਦੇ ਨਾਇਕ ਸਤਿੰਦਰ ਸਰਤਾਜ ਦਾ ਰੈੱਡ ਕਾਰਪਟ ਜਸ਼ਨਾਂ ਵਿੱਚ ਸ਼ਾਮਲ ਹੋਣਾ ਅਤੇ ਫਿਲਮ ਦੀ ਸਕਰੀਨਿੰਗ ਬੜੀ ਅਹਿਮ ਪ੍ਰਾਪਤੀ ਹੈ। ਇਸ ਮਾਣ ਸਨਮਾਨ ਨੂੰ ਮੀਡੀਆ ਤੋਂ ਇਲਾਵਾ ਫਿਲਮੀ ਹਸਤੀਆਂ ਅਤੇ ਦਰਸ਼ਕਾਂ ਵਲੋਂ ਬੜਾ ਭਰਵਾਂ ਹੁੰਗਾਰਾ ਮਿਲਿਆ ਹੈ।
'ਦਿ ਬਲੈਕ ਪ੍ਰਿੰਸ' ਸਿਖ ਇਤਿਹਾਸ ਦੇ ਅਹਿਮ ਘਟਨਾਕ੍ਰਮ ਸਬੰਧੀ ਹਾਲੀਵੁੱਡ ਵਿੱਚ ਬਣਨ ਵਾਲੀ ਪਹਿਲੀ ਅੰਗਰੇਜੀ ਫਿਲਮ ਹੈ। ਇਹ ਇਤਿਹਾਸਕ ਡਰਾਮਾ ਪੰਜਾਬ ਰਿਆਸਤ ਦੇ ਆਖ਼ਰੀ ਵਾਰਿਸ ਮਹਾਰਾਜਾ ਦਲੀਪ ਸਿੰਘ, ਜਿਨ੍ਹਾਂ ਨੂੰ ਦੀ ਬਲੈਕ ਪ੍ਰਿੰਸ' ਵਜੋਂ ਵੀ ਜਾਣਿਆ ਜਾਂਦਾ ਹੈ, ਦੀ ਅਸਲ ਜ਼ਿੰਦਗੀ 'ਤੇ ਆਧਾਰਤ ਹੈ। ਇਹ ਫ਼ਿਲਮ ਵਿਸ਼ਵ ਭਰ ਦੇ

ਬਾਕੀ ਸਫ਼ਾ 31 'ਤੇ


ਵਿਸ਼ੇਸ਼ ਸੂਚਨਾ
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਵਿੱਚ ਖ਼ਬਰਾਂ ਅਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
ਜੈ ਸਿੰਘ
ਫੋਨ ਨੰਬਰ
510-677-2777

SAVE $2500
ON DIESEL PER TRUCK WITH
ONE CALL!
11¢
DISCOUNT PER GALLON
✓ No more Pre-Paid Cards
✓ Get Rid of Bank Wires ✓ Low Transaction Fee
TRANS-ALLIANCE
(855) 641-6955 • (888) 795-7035
sales@trans-alliance.com • www.trans-alliance.com

JASPREET SINGH
Attorney-At-law
ਜਸਪ੍ਰੀਤ ਸਿੰਘ
Loan Modification
Bankruptcy, Immigration,
Political Asylum, Deportation Defense,
Citizenship, L-1, H-1, Family Law, Divorce
FREMONT
44790 S. GRIMMER BLVD
# 204, FREMONT, CA 94538
Phone : 510-657-6444, Fax : 510-657-6443
SACRAMENTO
2945 W. CATPITOL AVENUE
W. SACRAMENTO, CA 95691
Phone : 916-372-4448, Fax : 916-372-4440

Punjabi Radio USA
408-272-5200

KHALSA
INSURANCE AGENCY, INC.
COVERED CALIFORNIA
OBAMACARE
Call Now for the
Lowest Health Insurance
Premiums available
Some Households
qualify for
FREE HEALTHCARE
408-272-2500

VISA
Global Visa Service
• Indian visa
• Indian passport renewals
• Oci cards
• Renunciation
• Notary services
• China visa
• Russia visa
• Brazil visa
• Providing consistent, fast and reliable Visa service to US travelers
JAY SUMMAN
415.850.9278
39271 Mission Blvd, #210, Fremont, CA 94539


Official Selection
CINEQUEST
WINNER
REMI WINNER
2017
THE TRUE STORY OF THE LAST KING OF PUNJAB
JULY 21ST


Travel for Less Inc.
SPECIALIZED IN DISCOUNT FARES WORLDWIDE
INDIA | PAKISTAN | EUROPE
ਅਗਰ ਤੁਸੀ ਇੰਡਿਆਂ ਜਾਣ ਲਈ ਸਸਤੀਆਂ ਟਿਕਟਾ ਲਭ ਰਹੇ ਹੋ ਜਾਂ ਫਿਰ ਤੁਹਾਨੂੰ ਸੀਟ ਮਿਲਣ ਵਿਚ ਦਿਕਤ ਆ ਰਹੀ ਹੈ ਤਾਂ ਸਾਨੂੰ ਇੱਕ ਵਾਰ ਕਾਲ ਜਰੂਰ ਕਰੋ ਅਸੀ ਹਰੇਕ ਵੱਡੀ ਏਅਰਲਾਈਨ ਦੀਆਂ ਟਿਕਟਾ ਬਹੁਤ ਵਧੀਆ ਰੇਟਾਂ ਤੇ ਵੇਚਦੇ ਹਾਂ।
ASIANA AIRLINES
A STAR ALLIANCE MEMBER
Asiana Airlines Daily Flight To New Delhi
Best deals on major airlines like
ASIANA AIRLINES
CHINA AIRLINES
BRITISH AIRWAYS
CATHAY PACIFIC
virgin atlantic
SINGAPORE AIRLINES
Emirates
الاتحاد
ETIHAD AIRWAYS
Lufthansa
QATAR AIRWAYS القطرية
BBB
IATAN
8th time in a row
2016 Best of Fremont Award
CALL US TO GET BEST RATES FOR YOUR AIR TICKETS TO INDIA AND WORLDWIDE.
2016
CST NO : 2031914-40
Serving the Bay Area Since 1996
We have moved to
32116-Alvarado Blvd. Union City, CA-94587
Email: info@travelforlessinc.com
CALL 510-791-3300 Book online 24x7 @ www.Letsflyhome.com

FLY AIR TRAVEL

# Fly Air Travel

## Best Deals to India

Flights-Hotels-Cars-Vacations

Visa & Passport Services
Best Deals to
India - Fiji - Europe
Australia - Asia
Corporate Travel Management
Domestic Special Fares & Packages
Group Specials

Fly Air Travel

39111 Paseo Padre Parkway Suite 201A
Fremont, CA 94538

Please Contact : Preeti Kang

Phone : 510-744-5152, 510-509-8890
Email: info@flyairtravel.us

VISA MasterCard DISCOVER NETWORK AMERICAN EXPRESS




## Help wanted

- ★ Cook
- ★ Tandoria
- ★ server and
- ★ other helpers

Please call Manit Nagra at
317-750-1900.

Tiffin Indian Restaurant

1480 N State Road 1, Cambridge City, IN 47327

Truckers Best Truck Stop Dhaba Restaurant

CHAAT BHAVAN RESTAURANT

# CHAAT BHAVAN®

## Best Name for Indian Vegetarian Food

DINE IN • TAKE OUT • CATERING • DELIVERY



ਵਿਆਹ ਸ਼ਾਦੀ,
ਬਰਥ ਡੇ ਪਾਰਟੀ,
ਐਂਨਵਰਸਰੀ ਜਾਂ ਹੋਰ
ਕਿਸੇ ਵੀ ਕਿਸਮ ਦੀ
ਕੇਟਰਿੰਗ ਲਈ ਸਦਾ
ਸਾਨੂੰ ਯਾਦ ਰੱਖੋ।

FOR CATERING INQUIRIES:
408.472.0229

Catering

FULL SERVICE CATERING
FOR YOUR SPECIAL EVENT
from 50 to upto 10,000 guests.
Setup a Tasting Appointment Today!

5355 MOWRY AVENUE • FREMONT
510.795.1100

976 E. EL CAMINO REAL • SUNNYVALE
408.795.1100

4112 GRAFTON ST • DUBLIN
925.829.1700

WWW.CHAATBHAVAN.COM


INDIAN CARE ASSOCIATION
proudly presents
GRAND SPONSORS
SHERU BHATIA
C.C. YIN
Flamingo
Dhoot Brothers
PLANTINUM SPONSORS
APCA
Bay Realtor Group
Ray Sharma, Broker
Kashmir S. Dhoot Westley
Balbir S. Samra Loomis
Dalwinder S.Dhoot Lathrop
Jaspreet Singh Attorney
ROSHAN PRINCE
MISS POOJA
HARMAN DEEP
ASHA SHARMA
BAY AREA
ਪੰਜਾਬ ਮੇਲ
HYPE
Punjabi Dhaba
Vaisakhi Mela 2017
FREE ENTRY
SATURDAY • MAY 27 • 1-7PM
SOLANO COUNTY FAIRGROUNDS
Music By : Bittu Devgan
900 FAIRGROUNDS DR • VALLEJO, CA 94589
GRAND SPONSORS : • Sheru Bhatia • CC Yin • Radio Punjab • Flamingo Banquet • Dhoot Brothers
PLANTINUM SPONSORS : • APCA • Balbir S. Samra • Jaspreet Singh (Attorney) • Ray Sharma • Sikh Sports Association of USA
GOLD SPONSORS : • Amrish Aulakh • Amritpal Dhillon AAP • Bagga Palace • Balwinder Pahal • BB Insurance Agency • Bhinder Sandhu • Chamkaur Giri • Chicago Pizza • David Hayer • DD Sharma • Dr. Harmesh Kumar • Gulinder Gill • Gurjatinder S. Randhawa (Realtor) • Harjit Bhangoo • Jack Ram & Paul Ram • Jagjit Rattu (Audio House) • Jassi Banga • Jassie Dhillon (Burger King) • Jaswant Pannu • Jaswinder Boparai • Jivtesh Gill • Joe Basra • Joe Johal • Kinny Chakara • Kulwinder Bains • Malkit Boparai • Manraj Natt • Mike Ali • Nannar Borthers • Navjeet Chahal • Pankaj Goswami (Jai) • Ram & Amarjit Matharu • Ranbir Sarkaria • Rander Bains • Randhir Bajwa • Robert Hayer/Darren Dhillon • Rocky Malhi (TCI) • Sandy Mann,• Santa Rosa Community • Sikandar Grewal • Spices For Less • Tirath Sahota • Varsah Patel (Sagar Exclusive) • Word Financial Group • Sukhjinder Samra
SILVER SONSORS : • Amarjit Singh Saggu • Amrik Chand • Ashok Vij (Globe Truck Center) • Avinash Sondhi • Bahadur Singh • Baldev Basra • Bhupinder & Balbir Sull • Daljit Uppal • Dr. H.S. Ladhar • Gurcharan Mann • Guri Kang • Hardeep Bhangu • Hardial & Kulwant Banga • Harit Nijjar • Harjap Singh • Harry Sidhu • Harvinder Dhaliwal (SSA) • Henry Walia (Express Refrigeration\Electro Freeze) • Jasbir Sekhon • Jasmail Chitti • Jit Singh Bal • Jaswant Singh Hans • K & L Auto Expert, Inc. • Karan Chawla (Honor Insurance Agency) • Kash Fabrics • Kuldeep Sandhu (Wendy's) • Kuldip Grewal • Kuldip Sidhu • Lachman Mangat • Mohinder Nahal & Group • Muhammad Amir (Vaccaville Tire Center) • New York Pizza • Nirmal Sidhu (Elmira liquors) • Rajesh Mahay • Rajinder Chahal (1st Choice) • Rajinderpal Dhillon • Ram Murti Saroay • Ramesh & Gyan Suman • Rana Kahlon • Randher Khangura (Straw Hat Pizza) • Rummy Cheema (White Orchid) • Sam Chahal • Sarabjit S Sandhu (Food Stop) • Satvinder Satti • Star Mechanical Inc. • Sukhjinder Singh (S&S Liquors) • Sunil Prabhakar (Vitamin Adventures) • Sunita Verma • Sunny Sidhu • Surat Pandher • Surinder Pal Sidhu • Surjit Kooner (K & B Trucking) • Swaran Sidhu • Taj Randhawa • Tony Gill • Paul Dhaliwal (Chevron Dixon) • Solano Sports Club • Randhir Nijjar • Surjit Singh Brar • Taj India (Vallejo)
ਪਰਿਵਾਰਕ ਸੱਭਿਆਚਾਰਿਕ ਮੇਲਾ ਜਿਸ ਵਿਚ ਖਾਣ ਪੀਣ ਤੋਂ ਇਲਾਵਾ ਖਰੀਦੋ ਫਰੋਖ਼ਤ ਦੇ ਸਟਾਲ ਵੀ ਹੋਣਗੇ।
ਬੱਚਿਆਂ ਦੇ ਮਨੋਰੰਜਨ ਦਾ ਖ਼ਾਸ ਪ੍ਰਬੰਧ ਹੋਵੇਗਾ।
FOR MORE INFO: 707.372.5657 • 510.715.7513
Email: indiancareassociation@gmail.com • Web: www.indiancareassociation.com

## ਵਲੇਹੋ ਦਾ ਵਿਸਾਖੀ ਮੇਲਾ 27 ਮਈ, ਸ਼ਨਿੱਚਰਵਾਰ ਨੂੰ

**ਵਲੇਹੋ/ਬਿਊਰੋ ਨਿਊਜ਼ :** ਇੰਡੀਅਨ ਕੇਅਰ ਐਸੋਸੀਏਸ਼ਨ ਵਲੋਂ ਵਿਸਾਖੀ ਮੇਲਾ 27 ਮਈ, ਸ਼ਨਿੱਚਰਵਾਰ ਨੂੰ ਦੁਪਹਿਰ 1:00 ਵਜੇ ਤੋਂ ਸ਼ਾਮ 7:00 ਵਜੇ ਤਕ ਸੋਲਾਨੋ ਕਾਉਂਟੀ ਫੇਅਰਗਰਾਉਂਡਜ਼, 900 ਫੇਅਰਗਰਾਉਂਡਜ਼ ਡਰਾਈਵ ਵਲੇਹੋ, ਕੈਲੀਫੋਰਨੀਆ 94589 ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਦੀ ਐਂਟਰੀ ਬਿਲਕੁਲ ਮੁਫ਼ਤ ਰੱਖੀ ਗਈ ਹੈ। ਮੇਲੇ ਦੌਰਾਨ ਗਾਇਕ ਤੇ ਅਦਾਕਾਰ ਰੌਸ਼ਨ ਪ੍ਰਿੰਸ, ਮਿਸ ਪੂਜਾ ਤੇ ਹਰਮਨ ਦੀਪ ਆਪਣੇ ਗੀਤਾਂ ਨਾਲ ਮਨੋਰੰਜਨ ਕਰਨਗੇ। ਸਟੇਜ ਸੰਚਾਲਨ ਆਸ਼ਾ ਸ਼ਰਮਾ ਵਲੋਂ ਕੀਤਾ ਜਾਵੇਗਾ। ਇਸ ਮੌਕੇ ਖਾਣ-ਪੀਣ ਤੋਂ ਇਲਾਵਾ ਖ਼ਰੀਦੋ-ਫ਼ਰੋਖ਼ਤ ਦੇ ਸਟਾਲ ਵੀ ਹੋਣਗੇ। ਬੱਚਿਆਂ ਦੇ ਮਨੋਰੰਜਨ ਲਈ ਵੀ ਖ਼ਾਸ ਪ੍ਰਬੰਧ ਕੀਤੇ ਗਏ ਹਨ। ਵਧੇਰੇ ਜਾਣਕਾਰੀ ਲਈ 707-372-5657 ਜਾਂ 510-715-7513 'ਤੇ ਸੰਪਰਕ ਕੀਤਾ ਜਾ ਸਕਦਾ ਹੈ।

# ਗੁਰਦੁਆਰਾ ਸਾਹਿਬ ਸਿੰਘ ਸਭਾ ਮਿਲਪੀਟਸ ਬੇ-ਏਰੀਆ ਦੀ ਕਮੇਟੀ ਦੇ ਸੇਵਾਦਾਰਾਂ ਦੀ ਚੋਣ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੋਈ

**ਮਿਲਪੀਟਸ/ ਬਿਊਰੋ ਨਿਊਜ਼:**
ਗੁਰਦੁਆਰਾ ਸਾਹਿਬ ਸਿੰਘ ਸਭਾ ਬੇ-ਏਰੀਆ ਮਿਲਪੀਟਸ ਦੇ ਸੇਵਾਦਾਰਾਂ ਦੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੋਈ ਚੋਣ ਵਿੱਚ ਪ੍ਰਿਤਪਾਲ ਸਿੰਘ ਬੁੱਟਰ, ਜਗਜੀਤ ਸਿੰਘ ਕੰਗ, ਕਮਲਜੀਤ ਸਿੰਘ ਚੀਮਾ, ਬਲਿਹਾਰ ਸਿੰਘ, ਰਘਵੀਰ ਸਿੰਘ ਢਿੱਲੋਂ, ਹਰਦਿਆਲ ਸਿੰਘ ਗਰੇਵਾਲ ਅਤੇ ਤਿੰਨ ਬੀਬੀਆਂ ਸ਼ਾਮਲ ਕੀਤੀਆਂ ਗਈਆਂ। ਗੁਰਦੁਆਰਾ ਸਾਹਿਬ ਦੀ ਓਪਨਿੰਗ ਨਵੰਬਰ 2013 ਵਿਚ ਹੋਈ  ਸੀ ਅਤੇ ਚਾਰ ਸਾਲ ਬਾਅਦ ਗੁਰਦੁਆਰਾ ਸਾਹਿਬ ਵਿਚ ਸੰਗਤਾਂ ਅਤੇ ਵੱਧ ਰਹੇ ਪ੍ਰੋਗਰਾਮਾਂ ਨੂੰ ਲੈ ਕੇ ਪ੍ਰਬੰਧਕੀ ਢਾਂਚੇ ਵਿਚ ਨਵੇਂ ਸੇਵਾਦਾਰਾਂ ਨੂੰ ਬੇਨਤੀ ਕਰਕੇ ਕਮੇਟੀ ਵਿਚ ਅਦਲਾ ਬਦਲੀ ਕੀਤੀ ਗਈ।
21 ਮਈ 2017 ਐਤਵਾਰ ਨੂੰ ਹਫ਼ਤਾਵਾਰੀ ਦੀਵਾਨ ਤੋਂ ਬਾਅਦ ਮੇਨ ਹਾਲ ਵਿਚ ਅਰਦਾਸ ਉਪਰੰਤ ਮੀਟਿੰਗ ਦੀ ਕਾਰਵਾਈ ਭਾਈ ਜਸਵੰਤ ਸਿੰਘ ਹੋਠੀ ਵੱਲੋਂ ਕੀਤੀ ਗਈ। ਉਨ੍ਹਾਂ ਨੇ ਸਭ ਤੋਂ ਪਹਿਲਾਂ ਬੀਤੇ ਸਾਲਾ ਵਿਚ ਸੰਗਤਾਂ ਵੱਲੋਂ ਦਿੱਤੇ ਸਹਿਯੋਗ ਦਾ ਧੰਨਵਾਦ ਅਤੇ ਗੁਰੂ ਜੀ ਦਾ ਸ਼ੁਕਰਾਨਾ ਕੀਤਾ।
ਵਰਨਣਯੋਗ ਹੈ ਕਿ ਗੁਰਦੁਆਰਾ ਸਾਹਿਬ ਅੰਦਰ ਪਿਛਲੇ ਸਮੇਂ ਵਿਚ ਤਕਰੀਬਨ ਮਹੀਨੇ ਵਿਚ ਇਕ ਵਾਰ ਗੁਰਮਤਿ ਅਨੁਸਾਰ ਸੈਮੀਨਾਰ ਕਰਵਾਇਆ ਜਾਂਦਾ ਹੈ ਜਿਸ ਵਿਚ ਕੌਮ ਦੇ ਪੰਥਕ ਬੁਲਾਰੇ ਆਪਣੇ ਵਿਚਾਰ ਅਤੇ ਸੰਗਤਾਂ ਵੱਲੋਂ ਕੀਤੇ ਸੁਆਲਾਂ ਦੇ ਜਵਾਬ ਦਿੰਦੇ ਹਨ. ਗੁਰਦੁਆਰਾ ਸਾਹਿਬ ਵਿਚ ਖਾਲਸਾ ਸਕੂਲ ਦੀ ਸ਼ੁਰੂਆਤ ਕੀਤੀ ਗਈ ਜਿਸ ਵਿਚ ਤਕਰੀਬਨ 50 ਤੋਂ ਉਪਰ ਬੱਚੇ ਆਪਣੀ ਮਾਂ ਬੋਲੀ ਪੰਜਾਬੀ ਅਤੇ ਗੁਰਬਾਣੀ ਦਾ ਕੀਰਤਨ ਸਿੱਖ ਰਹੇ ਹਨ. ਗੁਰਦੁਆਰਾ ਸਾਹਿਬ ਅੰਦਰ ਗੁਰਮਤਿ ਆਨ ਲਾਈਨ ਸਟੱਡੀ ਕੋਰਸ ਪਟਿਆਲਾ ਯੂਨੀਵਰਸਿਟੀ ਵੱਲੋਂ ਪਿਛਲੇ 2 ਸਾਲ ਤੋਂ ਕੀਤਾ ਗਿਆ ਜਿਸ ਨੂੰ ਸੰਗਤਾਂ ਵੱਲੋਂ ਭਰਵਾਂ ਹੁੰਗਾਰਾ ਮਿਲਿਆ। ਗੁਰਦੁਆਰਾ ਸਾਹਿਬ ਵੱਲੋਂ ਜਿੱਥੇ ਆਪਣੇ ਬੀਤੇ ਇਤਿਹਾਸ ਨੂੰ ਦੁਹਰਾਇਆ ਜਾਂਦਾ ਹੈ ਉਥੇ ਪ੍ਰਬੰਧਕਾਂ ਵੱਲੋਂ ਮੌਜੂਦਾ ਸਮੇਂ ਦੀ ਗੱਲ ਵੀ ਸੰਗਤਾਂ ਨਾਲ ਸਾਂਝੀ ਕੀਤੀ ਜਾਂਦੀ ਹੈ। ਗੁਰਦੁਆਰਾ ਸਾਹਿਬ ਦੀ ਸਟੇਜ ਹਰ ਉਸ ਬੁਲਾਰੇ ਰਾਗੀ ਕਥਾਵਾਚਕ ਲਈ ਮੁਹੱਈਆ ਹੁੰਦੀ ਹੈ ਜਿਹੜੇ ਗੁਰੂ ਗ੍ਰੰਥ ਜੀ ਦੀ ਵਿਚਾਰਧਾਰਾਂ ਦਾ ਭਾਵ ਕਬੂਲਦੇ ਹਨ ਅਤੇ ਦੂਸਰਿਆਂ ਨੂੰ ਪ੍ਰੇਰਦੇ ਹਨ। ਚੋਣ ਮੀਟਿੰਗ ਦੇ ਅਖੀਰ ਵਿਚ ਭਾਈ ਜਸਵੰਤ ਸਿੰਘ ਹੋਠੀ ਵੱਲੋਂ ਉਨ੍ਹਾਂ ਸਾਰੇ ਵੀਰਾਂ ਭੈਣਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਨੇ ਪਿਛਲੇ 4 ਸਾਲ ਤੋਂ ਅਤੇ ਇਸ ਚੋਣ ਪ੍ਰੀਕਿਰਿਆ ਵਿਚ ਸਹਿਯੋਗ ਦਿੱਤਾ।



# ਗੁਰਦੁਆਰਾ ਲੈਂਕਰਸ਼ਿਮ ਵਿਖੇ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਜਨਮ ਦਿਹਾੜਾ ਬਹੁਤ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

**ਲਾਸ ਏਂਜਲਸ/ਬਿਊਰੋ ਨਿਊਜ਼:**
ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਦਾ ਜਨਮ ਦਿਹਾੜਾ 21 ਮਈ ਨੂੰ ਸਿੱਖ ਗੁਰਦੁਆਰਾ ਆਫ਼ ਲਾਸ ਏਂਜਲਸ ਵਿਖੇ ਬਹੁਤ ਸ਼ਰਧਾ ਅਤੇ ਭਾਵਨਾ ਨਾਲ ਮਨਾਇਆ ਗਿਆ ਜਿਸ ਵਿੱਚ ਲਾਸ ਏਜਲਸ ਅਤੇ ਦੂਰੋਂ ਨੇੜਿਉ ਚੱਲ ਕੇ ਆਈਆਂ ਸੰਗਤਾਂ ਨੇ ਕੀਰਤਨ ਅਤੇ ਢਾਡੀ ਵਾਰਾਂ ਦਾ ਆਨੰਦ ਮਾਣਿਆ। ਪ੍ਰੋਗਰਾਮ ਦੀ ਆਰੰਭਤਾ ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਹੋਈ, ਜਿਸ ਦੀ ਸੇਵਾ ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਮੈਮੋਰੀਅਲ ਸੋਸਾਇਟੀ ਵਲੋਂ ਕੀਤੀ ਗਈ। ਸ਼੍ਰੀ ਅਖੰਡ ਪਾਠ ਸਾਹਿਬ ਦੇ ਭੋਗ ਤੋਂ ਬਾਅਦ ਹਜ਼ੂਰੀ ਰਾਗੀ ਭਾਈ ਜਤਿੰਦਰ ਸਿੰਘ ਜੋਤ ਨੇ ਆਸਾ ਦੀ ਵਾਰ ਨਾਲ ਪ੍ਰੋਗਰਾਮ ਦੀ ਆਰੰਭਤਾ ਕੀਤੀ ਅਤੇ ਮਨੋਹਰ ਕੀਰਤਨ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਉਹਨਾਂ ਤੋ ਬਾਅਦ ਬਾਬਾ ਸੁਰਜੀਤ ਸਿੰਘ ਨੇ ਦੀਵਾਨ 'ਚ ਸੰਗਤਾਂ ਨੂੰ ਇਤਿਹਾਸਕ ਤਥਾਂ ਨਾਲ ਸ਼ਹੀਦਾਂ ਦੇ ਜੀਵਨ ਸੰਬੰਧੀ ਉਚੇਚੀ ਜਾਣਕਾਰੀ ਦਿਤੀ। ਹਜ਼ੂਰੀ ਰਾਗੀ ਭਾਈ ਜਤਿੰਦਰ ਸਿੰਘ ਜੋਤ ਅਤੇ ਭਾਈ ਰਵਿੰਦਰ ਸਿੰਘ ਰਸੀਆ ਨੇ ਰਸਭਿੰਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ। ਸਿੱਖ ਇਤਿਹਾਸਕਾਰ ਦਰਸ਼ਨ ਸਿੰਘ ਪਟਿਆਲਾ ਨੇ ਸ਼ਹੀਦ ਕਰਤਾਰ ਸਿੰਘ ਸਰਾਭਾ ਦੇ ਜੀਵਨ ਅਤੇ ਪਿਛੋਕੜ ਸੰਬੰਧੀ ਸੰਗਤਾਂ ਨਾਲ ਸਾਂਝੀ ਕੀਤੀ। ਮਿਥੇ ਪ੍ਰੋਗਰਾਮ ਅਨੁਸਾਰ ਢਾਡੀ ਜਥਾ ਭਾਈ ਜਰਨੈਲ ਸਿੰਘ ਤੂਫ਼ਾਨ  ਨੇ ਢਾਡੀ ਵਾਰਾਂ ਨਾਲ ਸੰਗਤਾਂ ਨੂੰ ਗੁਰੂ ਸਾਹਿਬ ਦੇ ਦਰਸਾਏ ਸ਼ਬਦ ਮਾਰਗ ਦੀ ਜਾਣਕਾਰੀ ਦਿਤੀ ਅਤੇ ਢਾਡੀ ਵਾਰਾਂ ਨਾਲ ਸੰਗਤਾਂ ਦਾ ਮਨ ਮੋਹ ਲਿਆ। ਸਮਾਗਮ ਦੀ  ਸਟੇਜ ਸੇਵਾ ਪ੍ਰਧਾਨ ਗੁਰਚਰਨ ਸਿੰਘ ਬੈਂਸ ਨੇ ਨਿਭਾਈ ਅਤੇ ਸੰਗਤਾਂ ਨੂੰ ਗੁਰੂ ਗ੍ਰੰਥ ਸਾਹਿਬ ਨਾਲ ਜੋੜਨ ਦੀ ਅਤੇ ਗੁਰੂ ਸ਼ਬਦ ਨੂੰ ਵਿਚਾਰ ਕੇ ਜੀਵਨ ਵਿਚ ਅਪਨਾਉਣ ਦੀ ਅਪੀਲ ਕੀਤੀ ਅਤੇ ਸੰਗਤਾਂ ਨੂੰ ਆਤਮ ਜਾਗ੍ਰਿਤ ਹੋਣ ਲਈ ਪ੍ਰੇਰਨਾ ਦਿਤੀ।



ਬਾਕੀ ਸਫ਼ਾ 32 'ਤੇ


CIS CALIFORNIA IMMIGRATION SERVICES
(Registered & Bonded)
> FAMILY IMMIGRATION
> GREEN CARD PETITION
> CITIZENSHIP
> OCI CARD / INDIAN PASSPORT
> BUSINESS / VISITOR VISA
> H-1 B VISA PETITION
> STUDENT VISA
> RELIGIOUS VISA
> LEGAL SERVICES


Rosy (Kanwal) Kaur
Immigration Consultant / LDA
CALL FOR FREE INITIAL CONSULTATION !
Ph: 510-573-3666, 408-422-8585
Fremont Office
4127 Bay Street, Suite 5
Tracy Office
95 W. 11th Street, Suite 205
www.caials.com rosy@caials.com

ALL STATE INSURANCE
Allstate You're in good hands.
ਕਿਸੇ ਕਿਸਮ ਦੀ ਇਨਸੋਰੈਂਸ ਵਾਸਤੇ ਅੱਜ ਹੀ ਕਾਲ ਕਰੋ
ਇੱਕ ਕਾਲ ਨਾਲ ਤੁਹਾਡੀ ਵੱਡੀ ਬੱਚਤ ਹੋ ਸਕਦੀ ਹੈ
AUTO HOME LIFE HEALTH BUSINESS

Avninder Singh
Insurance Specialist, CA --LIC: #0822501
Phone : (510) 441-7490
(877) 441-7490
FAX : (510) 441-2537
ADDRESS : 30042 MISSION BLVD
SUITE #221, HAYWARD, CA 94544

B Sons Travel & Tax Services, Inc.
* All Airlines * International And Domestic
* Wholesale Fares Around the World
We Will Beat or Match any Fare!

Office Hours
Mon-Fri
9am-6pm
Saturday
9am-5pm
CST. REG #2092042-40
We Also Have Special Vacation Packages
President : Avtar Singh
Contact any time from anywhere
Tel 707.703.1451 • Fax 707.425.4260
Email: bsonstravel@yahoo.com
1652 West Texas St. Suite 139, Fairfield, CA 94533

# ਸਿੱਖ ਸਾਰਜੈਂਟ ਬਲਵਿੰਦਰ ਸਿੰਘ ਬੇਦੀ ਸਰਵੋਤਮ ਪੁਲੀਸ ਅਫਸਰ ਐਵਾਰਡ ਨਾਲ ਸਨਮਾਨਿਤ

**ਮੈਰੀਲੈਂਡ/ਬਿਊਰੋ ਨਿਊਜ਼ :** ਮੈਰੀਲੈਂਡ ਦੇ ਕਮਿਸ਼ਨਰ ਵਲੋਂ ਵਿਸ਼ੇਸ਼ ਸਮਾਗਮ ਦੌਰਾਨ ਸਿੱਖ ਸਾਰਜੈਂਟ ਬਲਵਿੰਦਰ ਸਿੰਘ ਬੇਦੀ ਨੂੰ ਸਰਵੋਤਮ ਪੁਲੀਸ ਅਫ਼ਸਰ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਬਲਵਿੰਦਰ ਸਿੰਘ ਬੇਦੀ ਨੇ ਜੇਲ੍ਹ ਪੁਲੀਸ ਵਿੱਚ ਆਪਣੀ ਨੌਕਰੀ ਬਤੌਰ ਕਾਂਸਟੇਬਲ ਸ਼ੁਰੂ ਕੀਤੀ ਸੀ। ਪੰਜ ਸੌ ਦੀ ਪੁਲੀਸ ਨਫਰੀ ਵਿੱਚ ਇੱਕੋ ਇੱਕ ਸਿੱਖ ਸਾਰਜੈਂਟ ਬਲਵਿੰਦਰ ਸਿੰਘ ਬੇਦੀ ਹੈ, ਜਿਨ੍ਹਾਂ ਦੀਆਂ ਕਾਰਗੁਜ਼ਾਰੀਆਂ ਨੂੰ ਵੇਖਦੇ ਹੋਏ ਇਸ ਸਨਮਾਨ ਨਾਲ ਨਿਵਾਜਿਆ ਗਿਆ ਹੈ, ਜੋ ਸਿੱਖ ਭਾਈਚਾਰੇ ਲਈ ਫਖ਼ਰ ਵਾਲੀ ਗੱਲ ਹੈ। ਜ਼ਿਕਰਯੋਗ ਹੈ ਕਿ ਬਲਵਿੰਦਰ ਸਿੰਘ ਬੇਦੀ ਜਦੋਂ ਇਹ ਐਵਾਰਡ ਪ੍ਰਾਪਤ ਕਰਨ ਲਈ ਸਟੇਜ 'ਤੇ ਪਹੁੰਚੇ ਤਾਂ ਪੂਰਾ ਹਾਲ ਤਾੜੀਆਂ ਨਾਲ ਗੂੰਜ ਉਠਿਆ। ਇਸ ਬਾਰੇ ਬਲਵਿੰਦਰ ਸਿੰਘ ਬੇਦੀ ਦਾ ਕਹਿਣਾ ਹੈ ਕਿ ਇਹ ਵਾਹਿਗੁਰੂ ਦੀ ਬਖਸ਼ਿਸ਼ ਹੈ ਕਿ ਉਸ ਨੂੰ ਦ੍ਰਿੜ ਇਰਾਦਾ ਮਿਲਿਆ ਹੈ ਅਤੇ ਮੁਸ਼ਕਲ ਤੋਂ ਮੁਸ਼ਕਲ ਸਥਿਤੀ ਵਿੱਚ ਉਨ੍ਹਾਂ ਖਿੜੇ ਮੱਥੇ ਹਰ ਕੰਮ ਨੂੰ ਸਵੀਕਾਰਦੇ ਹੋਏ ਕਾਮਯਾਬੀ ਪ੍ਰਾਪਤ ਕੀਤੀ ਹੈ। ਜਿੱਥੇ ਜੇਲ੍ਹ ਵਿੱਚ ਕੈਦੀ ਵੀ ਉਨ੍ਹਾਂ ਨੂੰ ਅਥਾਹ ਸਤਿਕਾਰਦੇ ਹਨ। ਉੱਥੇ ਪੁਲੀਸ ਅਫਸਰ ਵੀ ਉਨ੍ਹਾਂ ਦੀ ਕਾਰਗੁਜ਼ਾਰੀ ਤੋਂ ਸੰਤੁਸ਼ਟ ਤੇ ਪ੍ਰਭਾਵਤ ਰਹੇ ਹਨ।' ਸਾਊਥ ਏਸ਼ੀਅਨ ਕਮਿਸ਼ਨਰ ਮੈਰੀਲੈਂਡ ਜਸਦੀਪ ਸਿੰਘ ਜੱਸੀ, ਭਾਜਪਾ ਮੈਰੀਲੈਂਡ ਬਲਜਿੰਦਰ ਸਿੰਘ ਸ਼ੰਮੀ, ਟਰੰਪ ਡਾਇਵਰਸਿਟੀ ਕੁਲੀਸ਼ਨ ਗਰੁੱਪ ਮੈਰੀਲੈਂਡ ਦੇ ਚੇਅਰਮੈਨ ਸਾਜਿਦ ਤਰਾਰ, ਡਾ. ਸੁਰਿੰਦਰ ਸਿੰਘ ਗਿੱਲ ਅਤੇ ਬਖ਼ਸ਼ੀਸ਼ ਸਿੰਘ ਵਲੋਂ ਸ. ਬੇਦੀ ਦੀ ਪ੍ਰਾਪਤੀ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਨੂੰ ਵਧਾਈ ਦਿੱਤੀ। ਸਿੱਖਸ ਆਫ ਅਮਰੀਕਾ ਵਲੋਂ 4 ਜੁਲਾਈ ਨੂੰ ਉਨ੍ਹਾਂ ਨੂੰ ਵਸ਼ਿੰਗਟਨ ਡੀ.ਸੀ. ਪਰੇਡ ਵਿੱਚ ਸ਼ਾਮਲ ਹੋਣ ਲਈ ਸੱਦਾ ਵੀ ਦਿੱਤਾ ਗਿਆ ਹੈ। ਐਵਾਰਡ ਪ੍ਰਾਪਤੀ ਸਮੇਂ ਬਲਵਿੰਦਰ ਸਿੰਘ ਬੇਦੀ ਦਾ ਪਰਿਵਾਰ ਵੀ ਮੌਜੂਦ ਸੀ। ਉਨ੍ਹਾਂ ਦੀ ਬੇਟੀ ਸਿਮਰ ਤੇ ਉਨ੍ਹਾਂ ਦੀ ਹਮ ਸਫਰ ਐਡਰਾ ਨੇ ਕਿਹਾ ਕਿ ਬੇਦੀ ਸਾਹਿਬ ਜਿੱਥੇ ਵੀ ਰਹੇ, ਜੋ ਵੀ ਕੰਮ ਕੀਤਾ, ਉਸ ਵਿੱਚ ਉਨ੍ਹਾਂ ਨੇ ਸ਼ੋਭਾ ਹੀ ਖੱਟੀ ਹੈ।



# ਇੰਡਿਆਨਾ ਦੇ ਗਵਰਨਰ ਹੋਲਕੌਂਬ ਵਲੋਂ ਨਾਪਾ ਆਗੂ ਬਹਾਦਰ ਸਿੰਘ ਦਾ ਸਨਮਾਨ

**ਇੰਡਿਆਨਾ/ਬਿਊਰੋ ਨਿਊਜ਼ :** ਅਮਰੀਕਾ ਦੇ ਇੰਡਿਆਨਾ ਸਟੇਟ ਦੇ ਗਵਰਨਰ ਮਿਸਟਰ ਹੋਲਕੌਂਬ ਨੇ ਨਾਰਥ ਅਮਰੀਕਨ ਪੰਜਾਬੀ ਐਸੋਸੀਏਸ਼ਨ (ਨਾਪਾ) ਦੀ ਔਰੀਗਨ ਸਟੇਟ ਇਕਾਈ ਦੇ ਚੇਅਰਮੈਨ ਬਹਾਦਰ ਸਿੰਘ ਨੂੰ ਉਨ੍ਹਾਂ ਵਲੋਂ ਸਮਾਜ ਪ੍ਰਤੀ ਕੀਤੀਆਂ ਜਾ ਰਹੀਆਂ ਸ਼ਾਨਦਾਰ ਸੇਵਾਵਾਂ ਲਈ ਸਨਮਾਨ ਪੱਤਰ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਗਵਰਨਰ ਨੇ ਬਹਾਦਰ ਸਿੰਘ ਦੀਆਂ ਸਮਾਜ ਪ੍ਰਤੀ ਸੇਵਾਵਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਮਨੁੱਖਤਾ ਦੀ ਸੇਵਾ ਹੀ ਸਹੀ ਅਰਥਾਂ ਵਿਚ ਹਰ ਇਕ ਵਿਅਕਤੀ ਦਾ ਧਰਮ ਹੈ। ਉਨ੍ਹਾਂ ਅਮਰੀਕਾ ਵਿਚ ਰਹਿਣ ਵਾਲੇ ਸਿੱਖਾਂ ਦੀ ਮਿਹਨਤ ਲਗਨ ਤੇ ਇਮਾਨਦਾਰੀ ਦੀ ਚਰਚਾ ਕਰਦਿਆਂ ਕਿਹਾ ਕਿ ਸਿੱਖ ਭਾਈਚਾਰੇ ਦਾ ਅਮਰੀਕਾ ਦੇ ਸਰਬਪੱਖੀ ਵਿਕਾਸ ਵਿਚ ਅਹਿਮ ਯੋਗਦਾਨ ਹੈ, ਜਿਸ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਇਸ ਮੌਕੇ ਉਨ੍ਹਾਂ ਨਾਲ ਸਿੱਖ ਪੈਕ ਦੇ ਗੁਰਿੰਦਰ ਸਿੰਘ ਖਾਲਸਾ ਵੀ ਮੌਜੂਦ ਸਨ।



# ਹੱਸਦਾ ਪੰਜਾਬ ਸੰਸਥਾ ਵੱਲੋਂ ਤੀਆਂ ਦਾ ਮੇਲਾ 15 ਜੁਲਾਈ ਨੂੰ



**ਡੈਲਸ/ਹਰਜੀਤ ਢੇਸੀ:** ਸਥਾਨਕ ਸਭਿਆਚਾਰਕ ਸੰਸਥਾ ਪੰਜਾਬੀ ਐਸੋਸੀਏਸ਼ਨ ਹੱਸਦਾ ਪੰਜਾਬ ਵੱਲੋਂ ਆਪਣਾ ਤੀਆਂ ਦਾ ਮੇਲਾ ਇਸ ਸਾਲ ਆਉਂਦੀ 15 ਜੁਲਾਈ ਨੂੰ ਕਰਵਾਇਆ ਜਾ ਰਿਹਾ ਹੈ ਜਿਸ ਵਿਚ ਪੰਜਾਬੀ ਗਾਇਕੀ ਤੋਂ ਇਲਾਵਾ ਗਿੱਧੇ, ਭੰਗੜੇ, ਮੋਨੋਐਕਟਿੰਗ, ਸਕਿਟ, ਗੀਤ ਸੰਗੀਤ ਰਾਹੀਂ ਕਲਾਕਾਰ ਦਰਸ਼ਕਾਂ ਦਾ ਮਨੋਰੰਜਨ ਕਰਨਗੇ, ਡੀਜੇ ਦਾ ਵੀ ਪ੍ਰਬੰਧ ਹੋਵੇਗਾ। ਇਸ ਸਬੰਧੀ ਫੈਸਲਾ ਸੰਸਥਾ ਦੇ ਬੋਰਡ ਮੈਂਬਰਾਂ ਦੀ ਇਥੇ ਹੋਈ ਮੀਟਿੰਗ ਵਿਚ ਲਿਆ ਗਿਆ। ਮੀਟਿੰਗ ਵਿਚ ਸੰਸਥਾ ਵੱਲੋਂ ਪਿਛਲੇ ਦਿਨੀਂ ਕਰਵਾਏ ਗਏ ਸਭਿਆਚਾਰਕ ਮੇਲੇ ਦਾ ਲੇਖਾ ਜੋਖਾ ਵੀ ਕੀਤਾ ਗਿਆ। ਅਤੇ ਮੈਂਬਰਾਂ ਨੇ ਇਸ ਦੀ ਕਾਮਯਾਬੀ ਉੱਤੇ ਤਸੱਲੀ ਜਾਹਰ ਕਰਦਿਆਂ ਸਪਾਸਰਾਂ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ। ਬੋਰਡ ਮੈਂਬਰਾਂ ਨੇ ਡੈਲਸ ਵਸਦੀਆਂ ਧੀਆਂ ਧਿਆਣੀਆਂ ਅਤੇ ਮਾਈਆਂ ਬੀਬੀਆਂ ਨੂੰ ਤੀਆਂ ਦੇ ਇਸ ਮੇਲੇ ਦੀ ਰੌਣਕ ਵਧਾਉਣ ਲਈ ਪਹੁੰਚਣ ਦਾ ਖੁੱਲ੍ਹਾ ਸੱਦਾ ਦਿੱਤਾ ਹੈ।

## ਸੰਯੁਕਤ ਰਾਸ਼ਟਰ ਵਲੋਂ 2 ਭਾਰਤੀ ਸ਼ਾਂਤੀ ਰੱਖਿਅਕਾਂ ਦਾ ਮਰਨ ਉਪਰੰਤ ਸਨਮਾਨ

**ਸੰਯੁਕਤ ਰਾਸ਼ਟਰ/ਬਿਊਰੋ ਨਿਊਜ਼ :** ਦੋ ਭਾਰਤੀਆਂ ਸਮੇਤ 117 ਫੌਜੀਆਂ, ਪੁਲੀਸ ਅਤੇ ਗੈਰ-ਹਥਿਆਰਬੰਦ ਕਰਮਚਾਰੀਆਂ ਨੂੰ ਫਰਜ਼ਾਂ ਦੀ ਅਦਾਇਗੀ ਵਿਚ ਬੀਰਤਾ ਦਾ ਪ੍ਰਦਰਸ਼ਨ ਅਤੇ ਕੁਰਬਾਨੀ ਦੇਣ ਵਾਲਿਆਂ ਨੂੰ ਮਰਨ ਉਪਰੰਤ ਸੁਯੰਕਤ ਰਾਸ਼ਟਰ ਮੈਡਲ ਨਾਲ ਸਨਮਾਨਿਤ ਕੀਤਾ ਜਾਵੇਗਾ। ਜਮਹੂਰੀ ਕਾਂਗੋ ਗਣਰਾਜ ਵਿਚ ਸੰਯੁਕਤ ਰਾਸ਼ਟਰ ਸਥਿਰੀਕਰਨ ਮਿਸ਼ਨ (ਐਮ.ਓ.ਐਨ.ਯੂ.ਐਸ.ਸੀ.ਓ) ਵਿਚ ਸੇਵਾ ਦਿੰਦੇ ਸਮੇਂ ਸ਼ਹੀਦ ਹੋਏ ਰਾਈਫ਼ਲਮੈਨ ਬ੍ਰਜੇਸ਼ ਥਾਪਾ ਅਤੇ ਲੈਬਨਾਨ ਵਿਚ ਸੰਯੁਕਤ ਰਾਸ਼ਟਰ ਅੰਤਰਿਮ ਫੋਰਸ (ਯੂ.ਐਨ.ਆਈ.ਐਫ.ਆਈ.ਐਲ) ਵਿਚ ਤੈਨਾਤੀ ਦੌਰਾਨ ਸ਼ਹੀਦ ਹੋਏ ਪ੍ਰਾਈਵੇਟ ਰਵੀ ਕੁਮਾਰ ਨੂੰ 24 ਮਈ ਨੂੰ ਅੰਤਰਰਾਸ਼ਟਰੀ ਸੰਯੁਕਤ ਰਾਸ਼ਟਰ ਸ਼ਾਂਤੀ ਰੱਖਿਅਕ ਦਿਵਸ 'ਤੇ 'ਦਾਗ ਹਮਾਰਸ਼ੋਲਡ ਮੈਡਲ' ਨਾਲ ਸਨਮਾਨਿਤ ਕੀਤਾ ਜਾਵੇਗਾ।

ਜ਼ਿਕਰਯੋਗ ਹੈ ਕਿ ਭਾਰਤ ਸੰਯੁਕਤ ਰਾਸ਼ਟਰ ਸ਼ਾਂਤੀ ਰੱਖਿਆ ਵਿਚ ਵੱਡੇ ਪੱਧਰ 'ਤੇ ਫੌਜੀ ਯੋਗਦਾਨ ਦੇਣ ਵਾਲਾ ਦੇਸ਼ ਹੈ। ਭਾਰਤ ਨੇ ਪਿਛਲੇ 6 ਦਹਾਕਿਆਂ ਵਿਚ 71 ਸ਼ਾਂਤੀ ਰੱਖਿਆ ਮੁਹਿੰਮਾਂ ਵਿਚ ਲਗਭਗ 2 ਲੱਖ ਫੌਜੀ ਕਰਮਚਾਰੀਆਂ ਦਾ ਯੋਗਦਾਨ ਦਿੱਤਾ ਹੈ। ਹੁਣ ਤੱਕ ਸੰਯੁਕਤ ਰਾਸ਼ਟਰ ਦੀ ਅਗਵਾਈ ਵਿਚ 168 ਭਾਰਤੀ ਫੌਜੀ ਆਪਣੀ ਜਾਨ ਕੁਰਬਾਨ ਕਰ ਚੁੱਕੇ ਹਨ। ਸੰਯੁਕਤ ਰਾਸ਼ਟਰ ਜਨਰਲ ਸਕੱਤਰ ਐਨਤੋਨੀਓ ਗੁਏਟਰਸ ਸਾਰੇ ਸ਼ਹੀਦਾਂ ਨੂੰ ਸਨਮਾਨਿਤ ਕਰਨ ਲਈ ਸ਼ਾਂਤੀ ਰੱਖਿਅਕ ਸਮਾਰਕ (ਮੈਮੋਰੀਅਲ) 'ਤੇ ਜਾ ਕੇ ਸ਼ਰਧਾ ਦੇ ਫੁੱਲ ਭੇਟ ਕਰਨਗੇ। ਇਸ ਤੋਂ ਬਾਅਦ ਉਹ ਇਕ ਪ੍ਰੋਗਰਾਮ ਦੀ ਅਗਵਾਈ ਕਰਨਗੇ। ਜਿਸ ਵਿਚ ਸ਼ਾਂਤੀ ਰੱਖਿਆ ਦੀਆਂ ਮੁਹਿੰਮਾਂ ਦੌਰਾਨ ਪਿਛਲੇ ਸਾਲ ਸ਼ਹੀਦ ਹੋਏ 117 ਸ਼ਾਂਤੀ ਰੱਖਿਆ ਕਰਮਚਾਰੀਆਂ ਨੂੰ 'ਦਾਗ ਹਮਾਰਸ਼ੋਲਡ' ਮੈਡਲ ਨਾਲ ਸਨਮਾਨਿਤ ਕੀਤਾ ਜਾਏਗਾ। ਦੇਸ਼ਾਂ ਦੇ ਸਥਾਈ ਪ੍ਰਤੀਨਿਧੀ ਆਪਣੇ-ਆਪਣੇ ਦੇਸ਼ਾਂ ਦੇ ਸ਼ਹੀਦਾਂ ਲਈ ਮੈਡਲ ਸਵੀਕਾਰ ਕਰਨਗੇ।

## ਪੰਜਾਬੀ ਸ਼ਾਇਰ ਗੁਰਦਿਆਲ ਸਿੰਘ 'ਨੂਰਪੁਰੀ' ਦੀਆਂ ਕਾਵਿ ਪੁਸਤਕਾਂ 11 ਜੂਨ ਨੂੰ ਲੋਕ ਅਰਪਣ

**ਯੂਨੀਅਨ ਸਿਟੀ/ਬਿਊਰੋ ਨਿਊਜ਼:** ਪੰਜਾਬੀ ਸ਼ਾਇਰ ਗੁਰਦਿਆਲ ਸਿੰਘ ਨੂਰਪੁਰੀ ਦੀਆਂ ਕਾਵਿ ਪੁਸਤਕਾਂ/ਰਹਿਮਤਾਂ/ਧਾਰਮਿਕ ਗੀਤ ਅਤੇ ਤਰਕਾਂ (ਗੀਤ-ਸੰਗ੍ਰਹਿ) ਸਥਾਨਕ ਸਾਹਿਤਕਾਰਾਂ, ਸਾਹਿਤ ਰਸੀਏ, ਭਾਈਚਾਰਕ ਜਥੇਬੰਦੀਆਂ, ਕਾਰੋਬਾਰੀਆਂ ਅਤੇ ਪਤਵੰਤਿਆਂ ਦੀ ਹਾਜ਼ਰੀ ਵਿਚ ਸਥਾਨਕ 11 ਜੂਨ 2017 ਦਿਨ ਐਤਵਾਰ ਬਾਅਦ ਦੁਪਹਿਰ 2:00 ਵਜੇ ਯੂਨੀਅਨ ਸੀਟੀ ਲਾਇਬਰੇਰੀ 34007 ALVAR ADO NIES ROAD, UNION CITY CA. 94587 ਵਿਖੇ ਅਰਪਣ ਹੋਣਗੀਆਂ। ਯਾਦ ਰਹੇ ਕਿ 'ਨੂਰਪੁਰੀ' ਦੀ ਪਹਿਲੀ ਪੁਸਤਕ "ਬਿਨ ਬਾਲਣ ਦੇ ਸਾੜਨ ਧੀਆਂ" ਪਹਿਲਾ ਪੰਜਾਬੀ ਪਾਠਕਾਂ ਗੋਚਰੇ ਹੋ ਚੁੱਕੀ ਹੈ। ਨੂਰਪੁਰੀ ਧਾਰਮਿਕ ਕਵੀ ਦਰਬਾਰਾਂ ਦੀ ਵੀ ਸ਼ਾਨ ਮੰਨੇ ਜਾਂਦੇ ਹਨ। ਅਖਬਾਰਾਂ ਅਤੇ ਰੇਡੀਓ ਰਾਹੀਂ ਵੀ ਆਪਣੀਆਂ ਕਵਿਤਾਵਾਂ ਸਾਂਝੀਆਂ ਕਰਦੇ ਰਹਿੰਦੇ ਹਨ। ਪ੍ਰੋਗਰਾਮ ਵਿਚ ਗੀਤ ਸੰਗੀਤ ਦੇ ਸਭਿਆਚਾਰਕ ਦੌਰ ਵਿਚ ਕਾਵਿ ਪੁਸਤਕਾਂ ਦੇ ਪ੍ਰਚਾ- ਪਾਠ ਵਿਚ ਸਾਹਿਤਕਾਰ ਪ੍ਰਮਿੰਦਰ ਸਿੰਘ ਪ੍ਰਵਾਨਾ ਅਤੇ ਦਿਲ ਨਿਜ਼ਰ ਸ਼ਾਮਲ ਹੋਣਗੇ। ਹਾਜ਼ਰ ਕਵੀ ਆਪਣੀਆਂ ਕਵਿਤਾਵਾਂ ਰਾਹੀਂ ਚਾਨਣਾ ਪਾਉਣਗੇ। ਜਲ ਪਾਨ ਨਿਰੰਤਰ ਚਲਦਾ ਰਹੇਗਾ। ਦਾਖਲਾ ਸਿਰਫ਼ ਸਦਾ-ਪੱਤਰ ਰਾਹੀਂ ਹੈ। ਸਮਾਗਮ ਵਿਚ ਸ਼ਾਮਲ ਹੋਣ ਲਈ ਸੰਪਰਕ ਕਰੋ Email:punjabipoet@gmail.com ਫੋਨ ਨੰਬਰ 510-415-9377 ਜਾਂ 408-204-7985 ਅਤੇ 408-659-5880

## ਭਾਰਤੀ ਵਿਦਿਆਰਥੀ ਦੀ ਸ਼ੱਕੀ ਹਾਲਤ 'ਚ ਮੌਤ

**ਨਿਊਯਾਰਕ/ਬਿਊਰੋ ਨਿਊਜ਼ :** ਭਾਰਤੀ ਮੂਲ ਦਾ ਇਕ ਵਿਦਿਆਰਥੀ ਜੋ ਕੁਝ ਦਿਨਾਂ ਤੋਂ ਲਾਪਤਾ ਸੀ, ਦੀ ਲਾਸ਼ ਮਿਲੀ ਹੈ। ਅਲਾਪ ਨਾਰਸੀਪੁਰਾ ਨਾਂ ਦਾ 20 ਸਾਲਾ ਇਹ ਵਿਦਿਆਰਥੀ ਕਾਰਨੈੱਲ ਯੂਨੀਵਰਸਿਟੀ ਵਿਚ ਇਲੈਕਟ੍ਰੋਨਿਕ



ਇੰਜਨੀਅਰਿੰਗ ਦੀ ਪੜ੍ਹਾਈ ਕਰ ਰਿਹਾ ਸੀ। ਪੁਲੀਸ ਅਨੁਸਾਰ ਉਸ ਦੀ ਮੌਤ ਦੇ ਕਾਰਨਾਂ ਦਾ ਹਾਲੇ ਪਤਾ ਨਹੀਂ ਚੱਲ ਸਕਿਆ। ਕਈ ਏਜੰਸੀਆਂ ਦੇ ਸੂਬਾਈ ਅਤੇ ਲੋਕਲ ਅਧਿਕਾਰੀਆਂ ਨੇ ਉਸ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਸੀ ਪਰ ਇਸ ਬਾਰੇ ਕੋਈ ਖਬਰ ਨਾ ਮਿਲੀ। ਪਿਛਲੇ ਬੁੱਧਵਾਰ ਨੂੰ ਪੁਲੀਸ ਨੇ ਲੋਕਾਂ ਨੂੰ ਅਪੀਲ ਕੀਤੀ ਸੀ ਕਿ ਜੇਕਰ ਕਿਸੇ ਨੂੰ ਉਸ ਬਾਰੇ ਪਤਾ ਲੱਗੇ ਤਾਂ ਜਾਣਕਾਰੀ ਦਿੱਤੀ ਜਾਵੇ। ਅਲਾਪ ਨੇ ਇਸ ਦਸੰਬਰ ਤਕ ਗ੍ਰੈਜੂਏਸ਼ਨ ਦੀ ਡਿਗਰੀ ਪ੍ਰਾਪਤ ਕਰ ਲੈਣੀ ਸੀ। ਕਾਰਨੈੱਲ ਯੂਨੀਵਰਸਿਟੀ ਨੇ ਜਾਣਕਾਰੀ ਦਿੱਤੀ ਕਿ ਇਹ ਖ਼ਬਰ ਉਨ੍ਹਾਂ ਲਈ ਵੀ ਦੁੱਖ ਭਰੀ ਹੈ ਅਤੇ ਉਹ ਇਸ ਦੁੱਖ ਦੇ ਸਮੇਂ ਵਿਚ ਉਸ ਦੇ ਪਰਿਵਾਰ ਅਤੇ ਦੋਸਤਾਂ ਨਾਲ ਖੜ੍ਹੇ ਹਨ।

When tired of all treatments for any disease at any age Try
HOMEOPATHIC
Experienced Consultant Physician since 1973
American Red Cross
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮਿਓਪੈਥੀ ਅਜਮਾਓ
We sell homeopathic medicines
ਅਰਥਰਾਈਟਸ, ਦਮਾ, ਸ਼ੂਗਰ, ਬਲੱਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਸੇ,
ਵਜ਼ਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
7021 Village Parkway Dublin CA 94568
GURDIP SINGH SANDHU
DHMS-Gold Medalist, BAMS, MDEH. - INDIA
Ex Principal, Prof., Chief Medical Officer,
Ex Member NCH and CA Homeomedical Society
Working under act SB 577 state of CA
Office: 408.729.6691
Cell: 408.687.1899
email: homeomedicine@yahoo.com
www.homeopathyatoz.com
ਡਾ. ਸੰਧੂ ਦੇ ਸਿਹਤ ਵਿਗਿਆਨ ਸੰਬੰਧੀ ਲੈਕਚਰ 'Jus Punjabi TV' ਉੱਤੇ ਹਰ ਐਤਵਾਰ ਬਾਅਦ ਦੁਪਹਿਰ 1:00 ਵਜੇ ਤੋਂ 1:15 ਵਜੇ ਤੱਕ ਅਤੇ 'ਰੇਡੀਓ 1170AM' ਉੱਤੇ ਮੰਗਲਵਾਰ ਸਵੇਰੇ 10:00 ਵਜੇ ਤੋਂ 10:30 ਵਜੇ ਤੱਕ ਸੁਣੋ



CAPITAL SERVICES
Capital services
ਸਾਰੀਆਂ ਸੇਵਾਵਾਂ ਇਕੋ ਥਾਂ
• ਇੰਡੀਅਨ ਪਾਸਪੋਰਟ
• ਇੰਡੀਅਨ ਵੀਜ਼ਾ, OCI
• ਮੁਖਤਿਆਰਨਾਮਾ
• ਇਮੀਗਰੇਸ਼ਨ ਸਰਵਿਸਜ਼
• ਸਿਟੀਜ਼ਨ, ਗਰੀਨ ਕਾਰਡ
• ਫੈਮਲੀ ਪਟੀਸ਼ਨ
ਜੇਕਰ ਤੁਸੀਂ ਜਾਂ ਤੁਹਾਡਾ ਕੋਈ ਰਿਸ਼ਤੇਦਾਰ ਅਮਰੀਕਾ ਵਿੱਚ ਨਵਾਂ ਆਇਆ ਹੈ ਤਾਂ ਇੰਟਰਨੈਸ਼ਨਲ ਡਰਾਵਿੰਗ ਲਾਇਸੰਸ ਲੈਣ ਲਈ ਸੰਪਰਕ ਕਰੋ
ਹੋਰ ਸੇਵਾਵਾਂ
* ਕਾਰ ਟਰਾਂਸਫਰ/ਸਟਿੱਕਰ
* ਇੰਸ਼ੋਰੈਂਸ : ਕਾਰ, ਘਰ ਤੇ ਬਿਜਨਸ
* ਲਾਈਵ ਸਕੈਨ/ਫਿੰਗਰ ਪ੍ਰਿੰਟ
* ਨੋਟਰੀ ਪਬਲਿਕ, ਮੇਲ ਬੌਕਸ, ਫੈਕਸ, ਕਾਪੀ,
* ਬਿਜਨਸ ਕਾਰਡ, ਵਿਆਹ ਦੇ ਕਾਰਡ ਅਤੇ ਹੋਰ
Call, Banga (916) 427-4321, Fax (916) 258-0441
Email : sacramento99@yahoo.co, website: capitalservices.us



## ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ 25 ਮਈ ਤੋਂ

**ਦੇਹਰਾਦੂਨ/ਬਿਊਰੋ ਨਿਊਜ਼:** ਹਿਮਾਲਿਆ ਦੀਆਂ ਸੱਤ ਖ਼ੂਬਸੂਰਤ ਵਾਦੀਆਂ 'ਚ ਸੁਸ਼ੋਭਿਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਦੀ ਯਾਤਰਾ 25 ਮਈ ਤੋਂ ਸ਼ੁਰੂ ਹੋ ਰਹੀ ਹੈ, ਜਿਸ ਲਈ ਪਹਿਲਾ ਜਥਾ 24 ਮਈ ਨੂੰ ਪੰਜ ਪਿਆਰਿਆਂ ਦੀ ਅਗਵਾਈ ਹੇਠ ਗੁਰਦੁਆਰਾ ਗੋਬਿੰਦ ਘਾਟ ਤੋਂ ਕੈਬਨਿਟ ਮੰਤਰੀ ਸਤਪਾਲ ਮਹਾਰਾਜ (ਉਤਰਾਖੰਡ) ਰਵਾਨਾ ਕਰਨਗੇ। ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਦੇ ਉਪ-ਪ੍ਰਧਾਨ ਸ: ਨਰਿੰਦਰਜੀਤ ਸਿੰਘ ਬਿੰਦਰਾ ਨੇ ਉਕਤ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਇਸ ਯਾਤਰਾ ਲਈ ਪ੍ਰਬੰਧਕ ਕਮੇਟੀ ਵੱਲੋਂ ਸਰਕਾਰ ਅਤੇ ਪ੍ਰਸ਼ਾਸਨ ਦੇ ਸਹਿਯੋਗ ਨਾਲ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ, ਜਿਸ 'ਚ ਦੇਸ਼-ਵਿਦੇਸ਼ ਤੋਂ ਆਉਣ ਵਾਲੀਆਂ ਸੰਗਤਾਂ ਲਈ ਠਹਿਰਣ, ਲੰਗਰ ਅਤੇ ਮੈਡੀਕਲ ਤੋਂ ਇਲਾਵਾ ਹੋਰ ਲੋੜੀਂਦੀਆਂ ਸਹੂਲਤਾਂ ਦੇ ਪੁਖ਼ਤਾ ਪ੍ਰਬੰਧਾਂ ਤਹਿਤ ਹਰਿਦੁਆਰ, ਰਿਸ਼ੀਕੇਸ਼, ਸ੍ਰੀਨਗਰ, ਜੋਸ਼ੀਮੱਠ, ਗੋਬਿੰਦ ਘਾਟ ਅਤੇ ਗੋਬਿੰਦ ਧਾਮ ਧਰਮਸਥਾਨਾਂ 'ਤੇ ਸਰਾਵਾਂ ਵਿਖੇ ਟਰੱਸਟ ਵੱਲੋਂ ਵੱਖ-ਵੱਖ ਟੀਮਾਂ ਗਠਿਤ ਕੀਤੀਆਂ ਗਈਆਂ ਹਨ, ਜੋ ਕਿ 24 ਘੰਟੇ ਸੰਗਤਾਂ ਦੀ ਸੇਵਾ ਲਈ ਤਾਇਨਾਤ ਰਹਿਣਗੇ। ਉਨ੍ਹਾਂ ਦੱਸਿਆ ਕਿ ਗੋਬਿੰਦ ਘਾਟ ਜ਼ਿਲ੍ਹਾ ਚਮੋਲੀ ਤੋਂ ਪੈਦਲ ਸ਼ੁਰੂ ਹੋਣ ਵਾਲੀ ਯਾਤਰਾ 'ਚ ਹੈਲੀਕਾਪਟਰ, ਘੋੜੇ-ਖੱਚਰ ਅਤੇ ਡਾਂਡੀ ਕਾਂਡੀ ਦੀਆਂ ਸਹੂਲਤਾਂ ਵੀ ਮੁਹੱਈਆ ਹੋਣਗੀਆਂ। ਸ. ਬਿੰਦਰਾ ਨੇ ਦੱਸਿਆ ਕਿ ਇਸ ਵਾਰ ਸ੍ਰੀ ਹੇਮਕੁੰਟ ਸਾਹਿਬ ਵਿਖੇ ਲੱਖਾਂ ਸ਼ਰਧਾਲੂਆਂ ਵੱਲੋਂ ਸਿਜਦਾ ਕੀਤੇ ਜਾਣ ਦੀ ਉਮੀਦ ਹੈ। ਉਨ੍ਹਾਂ ਦਾਅਵਾ ਕਰਦਿਆਂ ਦੱਸਿਆ ਕਿ ਸ੍ਰੀ ਹੇਮਕੁੰਟ ਸਾਹਿਬ ਮੈਨੇਜਮੈਂਟ ਟਰੱਸਟ ਹੀ ਅਜਿਹੀ ਇਕਲੌਤੀ ਸੰਸਥਾ ਹੈ, ਜੋ ਕਰੀਬ 300 ਕਿਲੋਮੀਟਰ ਦੀ ਯਾਤਰਾ ਦੌਰਾਨ ਹਰੇਕ ਸਹੂਲਤ ਮੁਹੱਈਆ ਕਰਵਾਉਂਦੀ ਹੈ ਤਾਂ ਜੋ ਸੰਗਤਾਂ ਨੂੰ ਕਿਸੇ ਵੀ ਪ੍ਰਕਾਰ ਦੀ ਕੋਈ ਸਮੱਸਿਆ ਨਾ ਆਵੇ। ਉਨ੍ਹਾਂ ਕਿਹਾ ਕਿ 25 ਮਈ ਨੂੰ ਸ੍ਰੀ ਹੇਮਕੁੰਟ ਸਾਹਿਬ ਵਿਖੇ ਗੁਰ ਮਰਿਆਦਾ ਅਨੁਸਾਰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕਰਨ ਉਪਰੰਤ ਸ੍ਰੀ ਸੁਖਮਨੀ ਸਾਹਿਬ ਜੀ ਦਾ ਪਾਠ ਕੀਤਾ ਜਾਵੇਗਾ ਅਤੇ ਦੁਪਹਿਰ 12:00 ਵਜੇ ਕਿਵਾੜ ਖੋਲ੍ਹੇ ਜਾਣ 'ਤੇ ਯਾਤਰਾ ਦੀ ਪਹਿਲੀ ਅਰਦਾਸ ਕੀਤੀ ਜਾਵੇਗੀ। ਇਸ ਦੌਰਾਨ ਉਨ੍ਹਾਂ ਸੰਗਤਾਂ ਨੂੰ ਅਪੀਲ ਕਰਦਿਆਂ ਕਿਹਾ ਕਿ ਟਰੱਸਟ ਵੱਲੋਂ ਉਗਰਾਹੀ ਲਈ ਕੋਈ ਵੀ ਸੇਵਾਦਾਰ ਜਾਂ ਕਰਮਚਾਰੀ ਸੰਗਤਾਂ ਕੋਲ ਨਹੀਂ ਭੇਜਿਆ ਜਾਂਦਾ, ਜਿਸ ਕਰਕੇ ਟਰੱਸਟ ਦੇ ਨਾਂਅ 'ਤੇ ਠੱਗੀ ਮਾਰਨ ਵਾਲੇ ਅਨਸਰਾਂ ਤੋਂ ਬਚਿਆ ਜਾਵੇ।

# 21 ਖਾੜਕੂਆਂ ਨੂੰ ਮਰਵਾਏ ਜਾਣ ਦੀ ਉੱਚ ਪੱਧਰੀ ਜਾਂਚ ਕਰਵਾਉਣ ਕੈਪਟਨ ਅਮਰਿੰਦਰ : ਸ਼ਸ਼ੀਕਾਂਤ

**ਜਲੰਧਰ/ਬਿਊਰੋ ਨਿਊਜ਼ :**
ਸਾਬਕਾ ਪੁਲੀਸ ਮੁਖੀ (ਜੇਲ੍ਹਾਂ) ਸ੍ਰੀ ਸ਼ਸ਼ੀਕਾਂਤ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ ਆਤਮ ਸਮਰਪਣ ਕਰਵਾਉਣ ਵਾਲੇ 21 ਖਾੜਕੂਆਂ ਨੂੰ ਮਰਵਾਏ ਜਾਣ ਦੇ ਮਾਮਲੇ ਵਿਚ ਉੱਚ ਪੱਧਰੀ ਜਾਂਚ ਕਰਵਾਉਣ ਦੀ ਮੰਗ ਕਰਦਿਆਂ ਕਿਹਾ ਹੈ ਕਿ ਇਹ ਕਾਫ਼ੀ ਚਿੰਤਾਜਨਕ ਮਾਮਲਾ ਹੈ ਤੇ ਸਾਰੀ ਸਚਾਈ ਸਾਹਮਣੇ ਲਿਆਉਣ ਲਈ ਇਸ ਮਾਮਲੇ ਦੀ ਜਾਂਚ ਕਰਵਾਉਣ ਲਈ ਕੇਂਦਰ ਸਰਕਾਰ ਨੂੰ ਦਖ਼ਲ ਦੇਣਾ ਚਾਹੀਦਾ ਹੈ। ਇਕ ਕੇਸ ਦੀ ਸੁਣਵਾਈ ਭੁਗਤਣ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸਾਬਕਾ ਪੁਲੀਸ ਮੁਖੀ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਵੱਲੋਂ 21 ਖਾੜਕੂਆਂ ਨੂੰ ਕੇਂਦਰ ਦੇ ਹਵਾਲੇ ਕਰਨ ਤੋਂ ਬਾਅਦ ਪ੍ਰਧਾਨ ਮੰਤਰੀ ਚੰਦਰ ਸ਼ੇਖਰ ਵੱਲੋਂ ਉਨ੍ਹਾਂ ਨੂੰ ਮਰਵਾਉਣ ਦੇ ਮਾਮਲੇ ਦੀ ਗੱਲ ਕਰਕੇ ਜਿਹੜੀ ਦਲੇਰੀ ਦਿਖਾਈ ਹੈ, ਉਹ ਸ਼ਲਾਘਾ ਦੇ ਕਾਬਲ ਹੈ ਪਰ ਕੇਂਦਰ ਵੱਲੋਂ ਇਸ ਮਾਮਲੇ ਦੀ ਜਾਂਚ ਕਰਨੀ ਜ਼ਰੂਰੀ ਹੈ ਕਿ ਜੇਕਰ ਉਨ੍ਹਾਂ ਨੂੰ ਆਤਮ ਸਮਰਪਣ ਕਰਵਾਇਆ ਗਿਆ ਸੀ ਤਾਂ ਉਨ੍ਹਾਂ ਨੂੰ ਕਿਉਂ ਮਾਰ ਦਿੱਤਾ ਗਿਆ ਸੀ। ਨਸ਼ਿਆਂ 'ਤੇ ਰੋਕ ਲਗਾਉਣ ਦੇ ਮਾਮਲੇ ਵਿਚ ਕੈਪਟਨ ਸਰਕਾਰ ਦੀ ਕਾਰਜਪ੍ਰਣਾਲੀ ਦੀ ਸ਼ਲਾਘਾ ਕਰਦਿਆਂ ਉਨ੍ਹਾਂ ਕਿਹਾ ਕਿ ਦੋ ਮਹੀਨੇ ਵਿਚ ਤਾਂ ਸਰਕਾਰ ਨੂੰ ਨਸ਼ਿਆਂ 'ਤੇ ਰੋਕ ਲਗਾਉਣ ਲਈ ਕਾਫ਼ੀ ਸਫਲਤਾ ਮਿਲੀ ਹੈ ਪਰ ਇਹ ਵੀ ਗੱਲ ਧਿਆਨ ਵਿਚ ਰੱਖਣੀ ਚਾਹੀਦੀ ਹੈ ਕਿ ਰਾਜ ਵਿਚ ਚਾਹੇ ਸਰਕਾਰ ਦੀ ਸਖ਼ਤੀ ਕਰਕੇ ਨਸ਼ਾ ਸਪਲਾਈ ਕਰਨ ਵਾਲਿਆਂ ਨੇ ਆਪਣੇ ਕਈ ਰੂਟਾਂ ਤੋਂ ਨਸ਼ੇ ਦਾ ਕਾਰੋਬਾਰ ਬੰਦ ਕਰ ਦਿੱਤਾ ਹੈ ਪਰ ਕਈ ਹੋਰ ਰੂਟ ਖੁੱਲ੍ਹ ਗਏ ਹਨ। ਉਨ੍ਹਾਂ ਦੱਸਿਆ ਕਿ ਜੰਮੂ-ਕਸ਼ਮੀਰ, ਹਿਮਾਚਲ ਪ੍ਰਦੇਸ਼, ਉਤਰ ਪ੍ਰਦੇਸ਼, ਬਿਹਾਰ, ਮੱਧ ਪ੍ਰਦੇਸ਼ ਦੇ ਰਤਲਾਮ, ਮਨਸੌਰ ਤੇ ਦੱਖਣੀ ਰਾਜਸਥਾਨ, ਕੋਲਕਾਤਾ ਦੇ ਕਈ ਹਿੱਸਿਆਂ ਤੋਂ ਬਰਾਊਨ ਸ਼ੂਗਰ ਲਿਆਈ ਜਾ ਰਹੀ ਹੈ। ਇਸ



ਮੌਕੇ ਗੌਤਮ ਬੀਰ ਸਿੰਘ, ਜਗਦੀਪ ਸਿੰਘ ਹਾਜ਼ਰ ਸਨ। ਇਸ ਦੌਰਾਨ ਸਾਬਕਾ ਪੁਲਿਸ ਮੁਖੀ ਸ਼ਸ਼ੀਕਾਂਤ ਦੀ ਉਸ ਵੇਲੇ ਤਬੀਅਤ ਵਿਗੜ ਗਈ ਜਦੋਂ ਉਹ ਅਦਾਲਤ ਵਿਚ ਇਕ ਕੇਸ ਵਿਚ ਪੇਸ਼ੀ ਭੁਗਤਣ ਆਏ ਸਨ ਤਾਂ ਉਨ੍ਹਾਂ ਨੂੰ ਚੱਕਰ ਆ ਗਿਆ ਸੀ। ਉਨ੍ਹਾਂ ਦੇ ਨਾਲ ਗੌਤਮ ਬੀਰ ਸਿੰਘ ਤੇ ਹੋਰ ਲੋਕਾਂ ਨੇ ਸ਼ਸ਼ੀਕਾਂਤ ਦਾ ਇਲਾਜ ਕਰਵਾਉਣ ਲਈ ਪੀ.ਏ.ਪੀ. ਸਥਿਤ ਹਸਪਤਾਲ ਵਿਚ ਲੈ ਗਏ ਜਿੱਥੇ ਕਿ ਮਾਹਰਾਂ ਨੇ ਉਨ੍ਹਾਂ ਦਾ ਚੈੱਕਅਪ ਕਰਕੇ ਕੁਝ ਸਮੇਂ ਬਾਅਦ ਛੁੱਟੀ ਦੇ ਦਿੱਤੀ। ਇਸ ਦੀ ਜਾਣਕਾਰੀ ਬਾਅਦ ਵਿਚ ਸਾਬਕਾ ਪੁਲੀਸ ਮੁਖੀ ਨੇ ਆਪ ਦਿੱਤੀ।

## *ਯੂਨਾਈਟਡ ਖਾਲਸਾ ਦਲ ਵਲੋਂ ਸ਼ਹੀਦ ਨੌਜਵਾਨਾਂ ਦੇ ਨਾਮ ਜਨਤਕ ਕਰਨ ਦੀ ਮੰਗ*

*ਲੰਡਨ : ਯੂਨਾਈਟਡ ਖਾਲਸਾ ਦਲ ਯੂ.ਕੇ. ਵਲੋਂ ਕੈਪਟਨ ਅਮਰਿੰਦਰ ਸਿੰਘ ਨੂੰ ਮੌਕਾਪ੍ਰਸਤ ਕਰਾਰ ਦਿੰਦਿਆਂ ਸ਼ਹੀਦ ਕੀਤੇ ਗਏ 21 ਸਿੱਖਾਂ ਦੇ ਨਾਂ ਜਨਤਕ ਕਰਨ ਦੀ ਮੰਗ ਕੀਤੀ ਹੈ। ਦਲ ਦੇ ਪ੍ਰਧਾਨ ਸ੍ਰ. ਨਿਰਮਲ ਸਿੰਘ ਸੰਧੂ ਅਤੇ ਜਰਨਲ ਸਕੱਤਰ ਸ੍ਰ. ਲਵਸ਼ਿੰਦਰ ਸਿੰਘ ਡੱਲੇਵਾਲ ਨੇ ਸਿੱਖ ਨੌਜਵਾਨਾਂ ਨਾਲ ਇਨੀ ਵੱਡੀ ਪੱਧਰ 'ਤੇ ਧੋਖਾ ਕਰਨ ਦੇ ਦੋਸ਼ੀ ਕੈਪਟਨ ਅਮਰਇੰਦਰ ਸਿੰਘ ਦੀ ਸਖਤ ਨਿਖੇਧੀ ਕੀਤੀ ਹੈ। ਯੂਨਾਈਟਡ ਖਾਲਸਾ ਦਲ ਯੂ.ਕੇ. ਨੇ ਕੈਪਟਨ ਅਮਇੰਦਰ ਸਿੰਘ ਨੂੰ ਸਿਰੇ ਦਾ ਮੌਕਾਪ੍ਰਸਤ ਕਰਾਰ ਦਿੱਤਾ, ਜਿਸ ਨੇ ਹਮੇਸ਼ਾਂ ਸਿੱਖ ਕੌਮ ਦੇ ਜਜ਼ਬਾਤਾਂ ਦਾ ਲਾਹਾ ਲਿਆ ਹੈ। ਕੈਪਟਨ ਸਪਸ਼ਟ ਕਰਨ ਕਿ ਉਸ ਵਲੋਂ ਪ੍ਰਧਾਨ ਮੰਤਰੀ ਚੰਦਰ ਸੇਖਰ ਕੋਲ ਪੇਸ਼ ਕਰਵਾ ਕੇ ਮਗਰੋਂ ਸ਼ਹੀਦ ਕੀਤੇ ਗਏ ਨੌਜਵਾਨ ਕੌਣ ਸਨ? ਸੁਪਰੀਮ ਕੋਰਟ ਵਿੱਚ ਇਕਬਾਲੀਆ ਬਿਆਨ ਦਰਜ ਕਰਵਾ ਕੇ ਇਨ੍ਹਾਂ ਸਿੱਖ ਨੌਜਵਾਨਾਂ ਦੇ ਕਥਿਤ ਕਾਤਲਾਂ ਖਿਲਾਫ਼ ਮੁਕੱਦਮਾ ਦਰਜ ਕਰਵਉਣਾ ਕੈਪਟਨ ਦਾ ਮੁੱਢਲਾ ਫਰਜ਼ ਹੈ।*










# 25 ਸਾਲ ਬਾਅਦ ਅਫ਼ਗਾਨੀ ਸਿੱਖ ਪਰਿਵਾਰ ਨੂੰ ਭਾਰਤੀ ਨਾਗਰਿਕਤਾ ਮਿਲੀ

## • ਅੰਮ੍ਰਿਤਸਰ 'ਚ ਰਹਿ ਰਿਹਾ ਹੈ ਪਰਿਵਾਰ • ਡੀ.ਸੀ. ਨੇ ਹਰਮੀਤ ਸਿੰਘ, ਹਰਿੰਦਰ ਸਿੰਘ ਤੇ ਮਨਮੋਹਨ ਕੌਰ ਨੂੰ ਸਹੁੰ ਚੁਕਾਈ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਪਿਛਲੇ 25 ਸਾਲਾਂ ਤੋਂ ਅੰਮ੍ਰਿਤਸਰ 'ਚ ਰਹਿ ਰਹੇ ਅਫ਼ਗਾਨਿਸਤਾਨ ਦੇ ਇਕ ਸਿੱਖ ਪਰਿਵਾਰ ਦੇ ਤਿੰਨ ਮੈਂਬਰਾਂ ਨੂੰ ਭਾਰਤੀ ਨਾਗਰਿਕਤਾ ਦੇ ਦਿੱਤੀ ਗਈ। ਦੇਸ਼ ਦੀ ਆਜ਼ਾਦੀ ਤੋਂ ਬਾਅਦ ਇਹ ਪਹਿਲਾ ਮਾਮਲਾ ਹੈ, ਜਦੋਂ ਸਰਕਾਰ ਨੇ ਲੰਬੇ ਸਮੇਂ ਤੋਂ ਨਾਗਰਿਕਤਾ ਲਈ ਜੂਝ ਰਹੇ ਇਨ੍ਹਾਂ ਲੋਕਾਂ ਨੂੰ ਸੰਵਿਧਾਨਿਕ ਤੌਰ 'ਤੇ ਅਪਣਾਇਆ ਹੈ। ਡਿਪਟੀ ਕਮਿਸ਼ਨਰ ਕਮਲਦੀਪ ਸਿੰਘ ਸੰਘਾ ਨੇ ਇਨ੍ਹਾਂ ਨੂੰ ਸਹੁੰ ਚੁਕਾਈ ਅਤੇ ਇਨ੍ਹਾਂ ਨੂੰ ਭਾਰਤੀ ਨਾਗਰਿਕਤਾ ਦਾ ਸਰਟੀਫਿਕੇਟ ਦਿੱਤਾ। ਮੰਨਿਆ ਜਾ ਰਿਹਾ ਹੈ ਕਿ ਇਸ ਪਹਿਲ ਨਾਲ ਦੋਨਾਂ ਦੇਸ਼ਾਂ ਦੇ ਰਿਸ਼ਤਿਆਂ 'ਚ ਹੋਰ ਨੇੜਤਾ ਆਵੇਗੀ।

**ਡੇਢ ਸਾਲ ਪਹਿਲਾਂ ਕੇਂਦਰ ਦੇ ਫੈਸਲੇ ਨੇ ਦਿੱਤੀ ਰਾਹਤ :**
ਲਗਭਗ ਡੇਢ ਸਾਲ ਪਹਿਲਾਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਐਲਾਨ ਕੀਤਾ ਸੀ ਕਿ ਜੋ ਵੀ ਅਫ਼ਗਾਨਿਸਤਾਨੀ ਭਾਈਚਾਰੇ ਦੇ ਲੋਕ ਦਹਾਕਿਆਂ ਤੋਂ ਇੱਥੇ ਰਹਿ ਰਹੇ ਹਨ ਅਤੇ ਨਾਗਰਿਕਤਾ ਦੀ ਮੰਗ ਕਰ ਰਹੇ ਹਨ, ਉਨ੍ਹਾਂ ਨੂੰ ਇੱਥੇ ਦਾ ਨਾਗਰਿਕ ਬਣਾਇਆ ਜਾਵੇਗਾ ਅਤੇ ਇਸੇ ਦੇ ਨਤੀਜੇ ਵਜੋਂ ਇਹ ਫੈਸਲਾ ਲਿਆ ਗਿਆ ਹੈ। ਚੌਧਰੀ ਮਕਬੂਲ ਅਹਿਮਦ ਕਾਦਿਆਨੀ ਨੇ ਕੇਂਦਰ ਸਰਕਾਰ ਦੇ ਇਸ ਫੈਸਲੇ ਦੀ ਸ਼ਲਾਘਾ ਕੀਤੀ ਅਤੇ ਕਿਹਾ ਕਿ ਇਸ ਪਹਿਲ ਨਾਲ ਉਨ੍ਹਾਂ ਲੋਕਾਂ ਨੂੰ ਵੀ ਨਵੀਂ ਉਮੀਦ ਮਿਲੀ ਹੈ, ਜੋ ਆਪਣਾ ਦੇਸ਼ ਛੱਡ ਕੇ ਸਾਡੇ ਦੇਸ਼ 'ਚ ਆ ਗਏ ਹਨ। ਡੀ.ਸੀ. ਸੰਘਾ ਨੇ ਕਿਹਾ ਕਿ ਕੇਂਦਰ ਸਰਕਾਰ ਦੇ ਨਿਰਦੇਸ਼ਾਂ 'ਤੇ ਉਨ੍ਹਾਂ ਨੇ ਇਨ੍ਹਾਂ ਨੂੰ ਨਾਗਰਿਕਤਾ ਦੀ ਸਹੁੰ ਚੁਕਾਉਂਦਿਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਵਾਈਆਂ ਹਨ ਅਤੇ ਹੁਣ ਇਹ ਲੋਕ ਭਾਰਤੀ ਨਾਗਰਿਕ ਬਣ ਗਏ ਹਨ।


ਡੀ.ਸੀ. ਦਫ਼ਤਰ ਤੋਂ ਬਾਹਰ ਆਉਂਦੇ ਹੋਏ ਹਰਮੀਤ ਸਿੰਘ, ਹਰਿੰਦਰ ਸਿੰਘ ਅਤੇ ਮਨਮੋਹਨ ਕੌਰ

### ਹਾਲਾਤ ਵਿਗੜਨ 'ਤੇ 1992 ਵਿਚ ਪਲਾਇਨ ਕਰ ਆਏ ਸਨ ਅੰਮ੍ਰਿਤਸਰ

ਹਰਮੀਤ ਸਿੰਘ, ਉਨ੍ਹਾਂ ਦੀ ਪਤਨੀ ਮਨਮੋਹਨ ਕੌਰ ਅਤੇ ਹਰਿੰਦਰ ਸਿੰਘ 1992 'ਚ ਅਫ਼ਗਾਨਿਸਤਾਨ ਇਸ ਲਈ ਛੱਡ ਕੇ ਅੰਮ੍ਰਿਤਸਰ ਆ ਗਏ ਸਨ, ਕਿਉਂਕਿ ਉਸ ਸਮੇਂ ਉੱਥੇ ਦੇ ਹਾਲਾਤ ਕਾਫੀ ਖ਼ਰਾਬ ਸਨ। ਇਹ ਪਰਿਵਾਰ ਉਦੋਂ ਤੋਂ ਹੀ ਅੰਮ੍ਰਿਤਸਰ ਦੇ ਗ੍ਰੀਨ ਐਵੇਨਿਊ ਇਲਾਕੇ 'ਚ ਰਹਿ ਰਿਹਾ ਹੈ। ਪਰਿਵਾਰ ਦੇ ਚਾਰ ਮੈਂਬਰ ਪਿਛਲੇ ਲੰਮੇ ਸਮੇਂ ਤੋਂ ਭਾਰਤ ਦੀ ਨਾਗਰਿਕਤਾ ਪ੍ਰਾਪਤ ਕਰਨ ਦੀ ਕੋਸ਼ਿਸ਼ ਕਰ ਰਹੇ ਸਨ।
ਜ਼ਿਕਰਯੋਗ ਹੈ ਕਿ ਹਰਿੰਦਰ ਸਿੰਘ ਨੂੰ ਨਾਗਰਿਕਤਾ ਮਿਲ ਗਈ ਹੈ, ਪਰ ਉਨ੍ਹਾਂ ਦੀ ਪਤਨੀ ਹਰਜਿੰਦਰ ਕੌਰ ਦਾ ਮਾਮਲਾ ਹਾਲੇ ਲੰਬਿਤ ਹੈ। ਹਾਲਾਂਕਿ ਨਾਗਰਿਕਤਾ ਪ੍ਰਾਪਤ ਕਰਨ ਵਾਲਿਆਂ ਨੇ ਇਸ ਮਾਮਲੇ 'ਤੇ ਕੋਈ ਟਿੱਪਣੀ ਕਰਨ ਤੋਂ ਇਨਕਾਰ ਕਰ ਦਿੱਤਾ, ਪਰ ਉਨ੍ਹਾਂ ਦੇ ਚਿਹਰੇ ਦੱਸ ਰਹੇ ਸਨ ਕਿ ਉਹ ਭਾਰਤੀ ਬਣ ਕੇ ਖ਼ੁਸ਼ ਹਨ। ਢਾਈ ਦਹਾਕੇ ਤਕ ਲੜੀ ਗਈ ਇਸ ਲੰਬੀ ਲੜਾਈ 'ਚ ਉਨ੍ਹਾਂ 'ਤੇ ਅਤੇ ਉਨ੍ਹਾਂ ਦੀਆਂ ਆਉਣ ਵਾਲੀਆਂ ਪੀੜ੍ਹੀਆਂ 'ਤੇ ਜੋ ਖ਼ਤਰੇ ਦੇ ਬੱਦਲ ਸਨ, ਉਹ ਹਟ ਗਏ।

## ਅਮਰੀਕਨ ਕੌਂਸਲ ਜਨਰਲ ਨੇ ਕਰਾਚੀ ਦੇ ਗੁਰੂ ਨਾਨਕ ਦਰਬਾਰ ਵਿਚ ਸਾਂਝੀਵਾਲਤਾ ਦਾ ਦਿੱਤਾ ਸੁਨੇਹਾ



**ਕਰਾਚੀ/ਬਿਊਰੋ ਨਿਊਜ਼ :** ਅਮਰੀਕਾ ਦੀ ਕੌਂਸਲ ਜਨਰਲ ਮਿਸ ਗਰੇਸ ਡਬਲਿਊ ਸ਼ੈਲਟਨ ਨੇ ਪਾਕਿਸਤਾਨ ਸਿੱਖ ਕੌਂਸਲ ਦੇ ਚੇਅਰਮੈਨ ਨਾਲ ਸਭ ਧਰਮਾਂ ਦੇ ਵੱਖ ਲੀਡਰਾਂ ਨੂੰ ਨਾਲ ਲੈ ਕੇ ਵੱਖ-ਵੱਖ ਧਰਮ ਅਸਥਾਨਾਂ ਵਿੱਚ ਹਾਜ਼ਰੀ ਲਗਾਈ। ਜਿੱਥੇ ਉਨ੍ਹਾਂ ਵੱਖ-ਵੱਖ ਧਰਮਾਂ ਦੀਆਂ ਇਬਾਦਤਾਂ, ਸਿੱਖਿਆਵਾਂ ਅਤੇ ਧਾਰਮਿਕ ਰੁਹਰੀਤਾ ਦਾ ਆਨੰਦ ਮਾਣਿਆ, ਉੱਥੇ ਉਨ੍ਹਾਂ ਹਰ ਧਾਰਮਿਕ ਸਥਾਨ ਤੇ ਸੰਗਤਾਂ ਨੂੰ ਸੰਬੋਧਨ ਕੀਤਾ ਅਤੇ ਏਕੇ ਦੇ ਪਾਠ ਦਾ ਇਜ਼ਹਾਰ ਕੀਤਾ। ਉਨ੍ਹਾਂ ਕਿਹਾ, 'ਅਸੀਂ ਪਹਿਲਾਂ ਮਨੁੱਖਤਾ ਦੇ ਰਖਵਾਲੇ ਹਾਂ ਉਸ ਤੋਂ ਬਾਅਦ ਵੱਖ-ਵੱਖ ਮੁਲਕਾਂ ਦੇ ਬਸ਼ਿੰਦੇ ਹਾਂ।' ਜ਼ਿਕਰਯੋਗ ਹੈ ਕਿ ਗੁਰੂ ਨਾਨਕ ਦਰਬਾਰ ਕਰਾਚੀ ਗੁਰਦੁਆਰੇ ਵਿਚ ਉਨ੍ਹਾਂ ਦਾ ਨਿੱਘਾ ਸਵਾਗਤ ਕੀਤਾ ਗਿਆ। ਇੱਥੇ ਉਨ੍ਹਾਂ ਨੇ ਸੰਗਤਾਂ ਨਾਲ ਵਿਚਾਰ ਸਾਂਝੇ ਕੀਤੇ ਤੇ ਉਨ੍ਹਾਂ ਦੀਆਂ ਮੁਸ਼ਕਲਾਂ ਵੀ ਸੁਣੀਆਂ। ਮਿਸਜ ਗਰੇਸ ਕੌਂਸਲ ਜਨਰਲ ਨੂੰ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਰਮੇਸ਼ ਸਿੰਘ ਖਾਲਸਾ ਚੇਅਰਮੈਨ ਪਾਕਿਸਤਾਨ ਕੌਂਸਲ ਨੇ ਸਿਰੀ ਸਾਹਿਬ ਭੇਟ ਕਰਕੇ ਸਨਮਾਨਿਤ ਕੀਤਾ ਅਤੇ ਇੱਕ ਸ਼ਾਲ ਵੀ ਦਿੱਤਾ ਗਿਆ ਜੋ ਗੁਰੂਘਰ ਦੀ ਯਾਦਗਾਰ ਨਿਸ਼ਾਨੀ ਵਜੋਂ ਉਨ੍ਹਾਂ ਦੀ ਇਸ ਫੇਰੀ ਨੂੰ ਸਮਰਪਿਤ ਸੀ। ਮਿਸਜ ਗਰੇਸ ਦੀ ਇਸ ਫੇਰੀ ਨਾਲ ਇੰਟਰਫੇਥ ਕਾਰਗੁਜ਼ਾਰੀ ਨੂੰ ਹੁਲਾਰਾ ਵੀ ਮਿਲਿਆ ਹੈ ਅਤੇ ਏਕੇ ਦੀ ਪ੍ਰਤੀਕ ਧਾਰਮਿਕ ਰੁਹਰੀਤ ਸੰਗਤਾਂ ਲਈ ਹਮੇਸ਼ਾ ਪ੍ਰੇਰਨਾ ਸ੍ਰੋਤ ਵੀ ਸਾਬਤ ਹੋਈ ਹੈ।

## ਸਿੱਖ ਕਤਲੇਆਮ ਮਾਮਲੇ ਵਿਚ ਟਾਈਟਲਰ ਲਾਈ ਡਿਟੈਕਸ਼ਨ ਟੈਸਟ ਕਰਾਉਣ ਤੋਂ ਭੱਜਿਆ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਨੇ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਇੱਕ ਮਾਮਲੇ ਵਿੱਚ 'ਲਾਈ ਡਿਟੈਕਸ਼ਨ ਟੈਸਟ' ਕਰਵਾਉਣ ਲਈ ਮਨਜ਼ੂਰੀ ਦੇਣ ਤੋਂ ਨਾਂਹ ਕਰ ਦਿੱਤੀ ਹੈ। ਇਸ ਕੇਸ ਵਿਚ ਉਨ੍ਹਾਂ ਨੂੰ ਸੀਬੀਆਈ ਵੱਲੋਂ ਤਿੰਨ ਵਾਰ ਕਲੀਨ ਚਿੱਟ ਦਿੱਤੀ ਜਾ ਚੁੱਕੀ ਹੈ। ਵਧੀਕ ਮੁੱਖ ਮੈਟਰੋਪੋਲੀਟਨ ਮੈਜਿਸਟਰੇਟ ਸ਼ਿਵਾਲੀ ਸ਼ਰਮਾ ਅੱਗੇ ਹਲਫ਼ਨਾਮਾ ਦਾਇਰ ਕਰ ਕੇ ਕਿਹਾ ਉਨ੍ਹਾਂ ਕਿਹਾ ਕਿ ਉਹ ਇਹ ਟੈਸਟ ਨਹੀਂ ਕਰਵਾਉਣਾ ਚਾਹੁੰਦੇ। ਇਸ ਮਾਮਲੇ ਵਿੱਚ ਮੁੱਖ ਗਵਾਹ ਅਭਿਸ਼ੇਕ ਵਰਮਾ ਦੇ ਵਕੀਲ ਨੇ ਅਦਾਲਤ ਨੂੰ ਦੱਸਿਆ ਕਿ ਉਨ੍ਹਾਂ ਦੇ ਮੁਵੱਕਿਲ ਦੀ ਤਬੀਅਤ ਠੀਕ ਨਹੀਂ ਹੈ ਅਤੇ ਉਨ੍ਹਾਂ ਨੂੰ ਪੋਲੀਗ੍ਰਾਫ਼ ਟੈਸਟ ਕਰਵਾਉਣ ਲਈ ਸ਼ਰਤਾਂ ਦੱਸਣ ਲਈ ਨਿੱਜੀ ਤੌਰ 'ਤੇ ਅਦਾਲਤ ਵਿਚ ਪੇਸ਼ ਹੋਣ ਲਈ ਸਮਾਂ ਚਾਹੀਦਾ ਹੈ। ਅਦਾਲਤ ਨੇ ਸ੍ਰੀ ਵਰਮਾ ਦੇ ਵਕੀਲ ਨੂੰ ਸਮਾਂ ਦਿੰਦਿਆਂ ਅਗਲੀ ਸੁਣਵਾਈ 2 ਜੂਨ ਨੂੰ ਤੈਅ ਕੀਤੀ ਹੈ। ਅਦਾਲਤ ਨੇ 9 ਮਈ ਨੂੰ ਸ੍ਰੀ ਟਾਈਟਲਰ ਅਤੇ ਸ੍ਰੀ ਵਰਮਾ ਨੂੰ 'ਲਾਈ ਡਿਟੈਕਸ਼ਨ ਟੈਸਟ' ਕਰਵਾਉਣ ਲਈ ਸਪਸ਼ਟ ਤੌਰ 'ਤੇ ਜਵਾਬ ਦੇਣ ਲਈ ਆਖਿਆ ਸੀ। ਅਦਾਲਤ ਨੇ ਕਿਹਾ ਸੀ ਕਿ ਟੈਸਟ ਲਈ ਉਨ੍ਹਾਂ ਦੀ ਮਨਜ਼ੂਰੀ ਪ੍ਰਾਪਤ ਕਰਨ ਲਈ ਸੀਬੀਆਈ ਦੀ ਅਪੀਲ ਕਾਇਮ ਹੈ। ਅਦਾਲਤ ਨੇ ਕਿਹਾ ਸੀ ਕਿ ਜੇਕਰ ਮਨਜ਼ੂਰੀ ਨਾਲ ਕਿਸੇ ਕਿਸਮ ਦੀਆਂ ਸ਼ਰਤਾਂ ਰੱਖੀਆਂ ਜਾਣੀਆਂ ਹਨ ਤਾਂ ਦੋਵਾਂ ਨੂੰ ਨਿੱਜੀ ਤੌਰ 'ਤੇ ਪੇਸ਼ ਹੋ ਕੇ ਸਪਸ਼ਟੀਕਰਨ ਦੇਣਾ ਪਵੇਗਾ।

# ਮਜੀਠਾ ਵਿੱਚ ਹੀ ਘਿਰ ਗਏ ਮਜੀਠੀਆ

### *ਲੋਕਾਂ ਨੇ ਕੀਤੀ ਨਾਅਰੇਬਾਜ਼ੀ, ਗੱਡੀ 'ਤੇ ਜੁੱਤੀਆਂ ਸੁੱਟੀਆਂ*


ਪੁਲੀਸ ਵਧੀਕੀ ਖ਼ਿਲਾਫ਼ ਏਡੀਜੀਪੀ ਰੋਹਿਤ ਚੌਧਰੀ ਕੋਲ ਸ਼ਿਕਾਇਤ ਕਰਦੇ ਹੋਏ ਸਾਬਕਾ ਕੈਬਨਿਟ ਮੰਤਰੀ ਬਿਕਰਮ ਸਿੰਘ ਮਜੀਠੀਆ। ਪਿੱਛੇ ਖ਼ਾਲੀ ਪਈਆਂ ਕੁਰਸੀਆਂ।

**ਮਜੀਠਾ/ਬਿਊਰੋ ਨਿਊਜ਼ :** ਸਾਬਕਾ ਅਕਾਲੀ ਮੰਤਰੀ ਬਿਕਰਮ ਸਿੰਘ ਮਜੀਠੀਆ ਨੂੰ ਆਪਣੇ ਹਲਕੇ ਦੇ ਮੁੱਖ ਕਸਬੇ ਮਜੀਠਾ ਵਿੱਚ ਉਸ ਵੇਲੇ ਲੋਕ ਰੋਹ ਦਾ ਸਾਹਮਣਾ ਕਰਨਾ ਪਿਆ, ਜਦੋਂ ਉਹ ਵਧੀਕ ਡਾਇਰੈਕਟਰ ਜਨਰਲ ਪੁਲੀਸ ਰੋਹਿਤ ਚੌਧਰੀ ਦੀ ਅਗਵਾਈ ਹੇਠ ਹੋਈ ਪੁਲੀਸ-ਪਬਲਿਕ ਮੀਟਿੰਗ ਵਿੱਚ ਪੁੱਜੇ। ਲੋਕਾਂ ਨੇ ਉਸ ਖ਼ਿਲਾਫ਼ ਨਾਅਰੇਬਾਜ਼ੀ ਕੀਤੀ ਅਤੇ ਵਾਹਨ 'ਤੇ ਹਮਲਾ ਕੀਤਾ।
ਮਜੀਠਾ ਵਿੱਚ ਪੁਲੀਸ ਵੱਲੋਂ ਏਡੀਜੀਪੀ ਰੋਹਿਤ ਚੌਧਰੀ ਦੀ ਅਗਵਾਈ ਹੇਠ ਇਕ ਪੁਲੀਸ-ਪਬਲਿਕ ਮੀਟਿੰਗ ਦਾ ਪ੍ਰਬੰਧ ਕੀਤਾ ਗਿਆ ਸੀ। ਮੀਟਿੰਗ ਦੌਰਾਨ ਜਦੋਂ ਹਲਕਾ ਮਜੀਠਾ ਦੇ ਵਿਧਾਇਕ ਅਤੇ ਸਾਬਕਾ ਮੰਤਰੀ ਬਿਕਰਮ ਸਿੰਘ ਮਜੀਠੀਆ ਪੁੱਜੇ ਤਾਂ ਹਾਜ਼ਰ ਲੋਕਾਂ ਨੇ ਨਾਅਰੇਬਾਜ਼ੀ ਸ਼ੁਰੂ ਕਰ ਦਿੱਤੀ। ਪੁਲੀਸ ਦੇ ਰੋਕਣ ਦੇ ਬਾਵਜੂਦ ਵਧੇਰੇ ਲੋਕ ਹਾਲ ਵਿਚੋਂ ਉੱਠ ਕੇ ਚਲੇ ਗਏ। ਇਸ ਦੌਰਾਨ ਸ੍ਰੀ ਮਜੀਠੀਆ ਨੇ ਏਡੀਜੀਪੀ ਨੂੰ ਅਕਾਲੀ ਵਰਕਰਾਂ 'ਤੇ ਹੋ ਰਹੀਆਂ ਵਧੀਕੀਆਂ ਬਾਰੇ ਦੱਸਿਆ। ਉਨ੍ਹਾਂ ਪਿੰਡ ਬੱਗਾ ਦੇ ਦਲਿਤ ਪਰਿਵਾਰ ਨਾਲ ਹੋਈ ਵਧੀਕੀ ਬਾਰੇ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ 17 ਅਪ੍ਰੈਲ ਨੂੰ ਦਲਿਤ ਬੀਬੀ ਸਵਿੰਦਰ ਕੌਰ ਦੇ ਪਤੀ ਕਸ਼ਮੀਰ ਸਿੰਘ ਤੇ ਬੇਟੇ ਜਗਰੂਪ ਸਿੰਘ ਨੂੰ ਪਿੰਡ ਛੱਡਣ ਦੀ ਧਮਕੀ ਦਿੱਤੀ ਸੀ, ਜਿਸ ਬਾਰੇ ਉਨ੍ਹਾਂ 181 ਨੰਬਰ 'ਤੇ ਸ਼ਿਕਾਇਤ ਵੀ ਦਰਜ ਕਰਾਈ ਪਰ ਪੁਲੀਸ ਨੇ ਧਮਕੀ ਦੇਣ ਵਾਲਿਆਂ ਖ਼ਿਲਾਫ਼ ਕੋਈ ਕਾਰਵਾਈ ਨਹੀਂ ਕੀਤੀ। ਇਸ ਦੌਰਾਨ 29 ਅਪ੍ਰੈਲ ਨੂੰ ਪੀੜਤ ਪਰਿਵਾਰ 'ਤੇ ਹਮਲਾ ਹੋਇਆ। ਪਰਿਵਾਰਕ ਮੈਂਬਰਾਂ ਦੀ ਕੁੱਟਮਾਰ ਕੀਤੀ ਗਈ ਅਤੇ ਔਰਤਾਂ ਦੇ ਕੱਪੜੇ ਪਾੜ ਦਿੱਤੇ ਗਏ। ਇਸ ਸਬੰਧੀ ਉਲਟਾ ਉਸ ਦੇ ਪੁੱਤਰ ਖ਼ਿਲਾਫ਼ ਹੀ ਕਾਰਵਾਈ ਕੀਤੀ ਗਈ। 15 ਮਈ ਨੂੰ ਮੁੜ ਦਲਿਤ ਔਰਤ ਦੇ ਪਤੀ ਨੂੰ ਖੇਤਾਂ ਵਿੱਚ ਕੰਮ ਕਰਦੇ ਸਮੇਂ ਨੰਗਾ ਕਰ ਕੇ ਕੁੱਟਮਾਰ ਕੀਤੀ ਗਈ। ਇਸ ਦੀ ਵੀਡੀਓ ਵੀ ਬਣਾਈ ਗਈ। ਉਨ੍ਹਾਂ ਏਡੀਜੀਪੀ ਨੂੰ ਚੇਤਾਵਨੀ ਦਿੱਤੀ ਕਿ ਜੇ ਹਮਲਾਵਰ ਕਾਂਗਰਸੀਆਂ ਖ਼ਿਲਾਫ਼ ਕੋਈ ਕਾਰਵਾਈ ਨਾ ਹੋਈ ਤਾਂ ਇਕ ਹਫ਼ਤੇ ਬਾਅਦ ਅਕਾਲੀ ਸੜਕਾਂ 'ਤੇ ਆਉਣਗੇ। ਲੋੜ ਪੈਣ 'ਤੇ ਅਦਾਲਤ ਦਾ ਦਰਵਾਜ਼ਾ ਵੀ ਖੜਕਾਉਣਗੇ। ਏਡੀਜੀਪੀ ਨਾਲ ਗੱਲਬਾਤ ਮਗਰੋਂ ਜਦੋਂ ਸ੍ਰੀ ਮਜੀਠੀਆ ਹਾਲ ਤੋਂ ਬਾਹਰ ਨਿਕਲੇ ਤਾਂ ਬਾਹਰ ਖੜ੍ਹੇ ਲੋਕਾਂ ਨੇ ਉਨ੍ਹਾਂ ਦੇ ਵਾਹਨ 'ਤੇ ਚੱਪਲਾਂ ਅਤੇ ਪੱਥਰ ਸੁੱਟੇ। ਲੋਕਾਂ ਨੇ ਮੁੜ ਨਾਅਰੇਬਾਜ਼ੀ ਕੀਤੀ। ਮਜੀਠੀਆ ਦੇ ਜਾਣ ਤੋਂ ਬਾਅਦ ਵੀ ਇਹ ਮੀਟਿੰਗ ਜਾਰੀ ਰਹੀ। ਮੀਟਿੰਗ ਵਿੱਚ ਕਾਂਗਰਸੀ ਆਗੂ ਸੁਖਜਿੰਦਰ ਰਾਜ ਸਿੰਘ ਲਾਲੀ ਮਜੀਠੀਆ ਵੀ ਪੁੱਜੇ। ਮਗਰੋਂ ਪੱਤਰਕਾਰ ਸੰਮੇਲਨ ਵਿੱਚ ਸ੍ਰੀ ਮਜੀਠੀਆ ਨੇ ਦੋਸ਼ ਲਾਇਆ ਕਿ ਪੁਲੀਸ-ਪਬਲਿਕ ਮੀਟਿੰਗ ਕਾਂਗਰਸੀ ਸ਼ੋਅ ਸੀ, ਜਿਸ ਵਿੱਚ ਆਮ ਲੋਕਾਂ ਨੂੰ ਸੱਦਾ ਨਹੀਂ ਦਿੱਤਾ ਗਿਆ ਅਤੇ ਨਾ ਹਲਕਾ ਵਿਧਾਇਕ ਤੇ ਲੋਕ ਪ੍ਰਤੀਨਿਧ ਪੰਚਾਂ-ਸਰਪੰਚਾਂ ਨੂੰ ਬੁਲਾਇਆ ਗਿਆ। ਉਨ੍ਹਾਂ ਦੋਸ਼ ਲਾਇਆ ਕਿ ਵਾਪਸੀ ਸਮੇਂ ਵਾਹਨ ਉਤੇ ਹਮਲਾ ਕਰਨ ਵਾਲਿਆਂ ਵਿੱਚ ਵੀ ਕਾਂਗਰਸੀ ਸ਼ਾਮਲ ਸਨ। ਇਨ੍ਹਾਂ ਵਿੱਚ ਕੁਝ ਅਜਿਹੇ ਵਿਅਕਤੀ ਵੀ ਸਨ, ਜੋ ਸਜ਼ਾ ਯਾਫਤਾ ਹਨ।
ਦੂਜੇ ਪਾਸੇ ਕਾਂਗਰਸੀ ਆਗੂ ਲਾਲੀ ਮਜੀਠੀਆ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕੀਤਾ ਕਿ ਮੀਟਿੰਗ ਵਿੱਚ ਸਿਰਫ਼ ਕਾਂਗਰਸੀ ਵਰਕਰ ਸ਼ਾਮਲ ਸਨ। ਉਨ੍ਹਾਂ ਆਖਿਆ ਕਿ ਪੁਲੀਸ ਅਧਿਕਾਰੀਆਂ ਨੇ ਮੀਟਿੰਗ ਵਿੱਚ ਮਜੀਠਾ ਦੇ ਲੋਕਾਂ ਨੂੰ ਸੱਦਿਆ ਸੀ। ਮੀਟਿੰਗ ਵਿੱਚ ਲੋਕਾਂ ਨੇ ਨਸ਼ਿਆਂ ਦੇ ਕਾਰੋਬਾਰ ਨੂੰ ਨੱਥ ਪਾਉਣ, ਜਾਇਦਾਦਾਂ 'ਤੇ ਜਬਰੀ ਕੀਤੇ ਕਬਜ਼ੇ ਛੁਡਾਉਣ ਤੇ ਹੋਰ ਮਾਮਲੇ ਉਭਾਰੇ। ਲੋਕਾਂ ਨੇ ਦੋਸ਼ ਲਾਇਆ ਕਿ ਨਸ਼ਿਆਂ ਦੇ ਕਾਰੋਬਾਰੀਆਂ ਨੂੰ ਸਿਆਸੀ ਸ਼ਹਿ ਪ੍ਰਾਪਤ ਹੈ।
ਏਡੀਜੀਪੀ ਰੋਹਿਤ ਚੌਧਰੀ ਨੇ ਆਖਿਆ ਕਿ ਘਟਨਾ ਲਈ ਸਥਾਨਕ ਸਿਆਸੀ ਆਗੂ ਜ਼ਿੰਮੇਵਾਰ ਹਨ। ਮੀਟਿੰਗ ਵਿੱਚ ਲੋਕਾਂ ਨੇ ਨਸ਼ੇ ਰੋਕਣ ਅਤੇ ਮਜੀਠਾ ਹਲਕੇ ਦੇ ਥਾਣਿਆਂ ਵਿੱਚ ਹੇਠਲੇ ਰੈਂਕ ਦੇ ਕਰਮਚਾਰੀਆਂ ਨੂੰ ਥਾਣਾ ਮੁਖੀ ਬਣਾਉਣ 'ਤੇ ਇਤਰਾਜ਼ ਪ੍ਰਗਟਾਇਆ। ਪੁਲੀਸ ਅਧਿਕਾਰੀ ਨੇ ਆਖਿਆ ਕਿ ਉਨ੍ਹਾਂ ਹਦਾਇਤ ਕੀਤੀ ਹੈ ਕਿ ਪੁਲੀਸ ਥਾਣਾ ਪੱਧਰ 'ਤੇ ਨਸ਼ਾ ਰੋਕੂ ਕਮੇਟੀਆਂ ਦਾ ਗਠਨ ਕੀਤਾ ਜਾਵੇ। ਇਸ ਤੋਂ ਇਲਾਵਾ ਹੇਠਲੇ ਰੈਂਕ ਦੇ ਕਰਮਚਾਰੀਆਂ ਨੂੰ ਇਨ੍ਹਾਂ ਅਹੁਦਿਆਂ ਤੋਂ ਹਟਾਉਣ ਲਈ ਵੀ ਹਦਾਇਤ ਕੀਤੀ ਹੈ

ਅੰਮ੍ਰਿਤਸਰ ਟਾਈਮਜ਼
Weekly Punjabi Newspaper
Corporate Office
4127 Bay Street, Suite 8
Fremont, CA 94538
Email: asrtimes@gmail.com
ਵਧੇਰੇ ਜਾਣਕਾਰੀ ਤੇ ਖ਼ਬਰਾਂ ਲਈ ਸੰਪਰਕ
Tel: (510) 240-5949 • Fax: (888) 323-6950
ਐਡਵਰਟਾਈਜ਼ਮੈਂਟ ਲਈ ਸੰਪਰਕ
(408) 457-6157 • (510) 677-2777 Jai Singh
ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ 'ਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਕੌਮਾਂਤਰੀ ਅੰਮ੍ਰਿਤਸਰ ਟਾਈਮਜ਼ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।
*The opinions expressed in this newspaper donot necessarily represent the views or opinions of the staff or employees of Quomantry Amritsar times. *All Disputes must be Handled in Santa Clara Superior Court.

## ਉੱਘੇ ਸਿੱਖ ਵਿਦਵਾਨ ਡਾ. ਗੁਲਜ਼ਾਰ ਸਿੰਘ ਕੰਗ ਦਾ ਦਿਹਾਂਤ

**ਨੰਗਲ/ਬਿਊਰੋ ਨਿਊਜ਼ :** ਪੰਜਾਬੀ ਦੇ ਉੱਘੇ ਸਿੱਖ ਸਕਾਲਰ ਤੇ ਮੌਜੂਦਾ ਡਾਇਰੈਕਟਰ 'ਸੈਂਟਰ ਆਨ ਸਟੱਡੀਜ਼ ਇੰਨ ਸ੍ਰੀ ਗੁਰੂ ਗ੍ਰੰਥ ਸਾਹਿਬ' ਗੁਰੂ ਨਾਨਕ ਦੇਵ ਯੂਨੀਵਰਸਿਟੀ



ਅੰਮ੍ਰਿਤਸਰ ਡਾ. ਗੁਲਜ਼ਾਰ ਸਿੰਘ ਕੰਗ (63 ਸਾਲ) ਦਾ ਦਿਲ ਦਾ ਦੌਰਾ ਪੈਣ ਨਾਲ ਦਿਹਾਂਤ ਹੋ ਗਿਆ। ਡਾ. ਕੰਗ ਆਪਣੇ ਪਿੱਛੇ ਬਾਰਿੰਦਰਜੀਤ ਤੇ ਮਾਨਵ ਦੋ ਪੁੱਤਰ ਤੇ ਪਤਨੀ ਪਰਮਜੀਤ ਕੌਰ ਛੱਡ ਗਏ ਹਨ। ਡਾ. ਕੰਗ ਦਾ ਉਨ੍ਹਾਂ ਦੇ ਜੱਦੀ ਪਿੰਡ ਜਾਹੂਰਾ (ਟਾਂਡਾਂ) ਵਿਖੇ ਅੰਤਿਮ ਸੰਸਕਾਰ ਕਰ ਦਿੱਤਾ ਗਿਆ ਹੈ। ਡਾ. ਕੰਗ ਨੇ ਸੂਫੀਵਾਦ ਤੇ ਗੁਰੂ ਗ੍ਰੰਥ ਸਾਹਿਬ 'ਤੇ ਬਹੁਤ ਖੋਜ ਕੀਤੀ, ਚਾਰ ਪੁਸਤਕਾਂ ਪੰਜਾਬੀ ਸਾਹਿਤ ਦੀ ਝੋਲੀ ਪਾਈਆਂ। ਇਸ ਤੋਂ ਪਹਿਲਾਂ ਇਨ੍ਹਾਂ ਸਾਰੀ ਉਮਰ ਨੰਗਲ ਵਿਖੇ ਬਿਤਾਈ ਤੇ 57 ਸਾਲ ਦੀ ਉਮਰ ਤੱਕ ਇਨ੍ਹਾਂ ਪੰਜਾਬੀ ਅਧਿਆਪਕ ਦੇ ਤੌਰ 'ਤੇ ਸਰਕਾਰੀ ਸੈਕੰਡਰੀ ਸਕੂਲ ਕਥੇੜਾ ਨੰਗਲ ਵਿਖੇ ਸੇਵਾ ਕੀਤੀ।

## ਭਾਈ ਪੰਥਪ੍ਰੀਤ ਸਿੰਘ ਦੇ ਦੀਵਾਨ ਦਾ ਵਿਰੋਧ ਤੇ ਹਮਲੇ ਦੀ ਨਿੰਦਾ

**ਫਰੈਂਕਫਰਟ/ਬਿਊਰੋ ਨਿਊਜ਼ :** ਦਲ ਖ਼ਾਲਸਾ ਇੰਟਰਨੈਸ਼ਨਲ ਦੇ ਪ੍ਰਧਾਨ ਭਾਈ ਗੁਰਦੀਪ ਸਿੰਘ ਪ੍ਰਦੇਸੀ ਹਾਈਜੈਕਰ, ਸਿੱਖ ਫੈਡਰੇਸ਼ਨ ਜਰਮਨੀ ਦੇ ਭਾਈ ਅਵਤਾਰ ਸਿੰਘ, ਪ੍ਰਧਾਨ ਭਾਈ ਬਲਕਾਰ ਸਿੰਘ ਦਿਉਲ ਅਤੇ ਬੱਬਰ ਖ਼ਾਲਸਾ ਇੰਟਰਨੈਸ਼ਨਲ ਜਰਮਨੀ ਦੇ ਜਥੇਦਾਰ ਹਰਦਵਿੰਦਰ ਸਿੰਘ ਬੱਬਰ ਨੇ ਪ੍ਰੈੱਸ ਦੇ ਨਾਂਅ ਜਾਰੀ ਬਿਆਨ ਵਿਚ ਫਰੈਂਕਫਰਟ ਘਟਨਾ ਦੀ ਨਿੰਦਾ ਕੀਤੀ ਹੈ। ਉਨ੍ਹਾਂ ਕਿਹਾ ਕਿ ਗੁਰਦੁਆਰਾ ਸਿੱਖ ਸੈਂਟਰ ਫਰੈਂਕਫਰਟ ਵਿਚ ਭਾਈ ਪੰਥਪ੍ਰੀਤ ਸਿੰਘ ਦੇ ਦੀਵਾਨ ਦਾ ਵਿਰੋਧ ਕਰਦਿਆਂ ਜੋ ਕੁਝ ਜਥੇਬੰਦੀਆਂ ਵੱਲੋਂ ਆਪਣੇ ਹੀ ਸਿੱਖ ਭਰਾਵਾਂ 'ਤੇ ਜਾਨਲੇਵਾ ਹਮਲਾ ਕੀਤਾ ਗਿਆ, ਗੁਰਦੁਆਰਾ ਸਾਹਿਬ ਦੀ ਮਰਿਆਦਾ ਭੰਗ ਕਰਦਿਆਂ ਗਾਲੀ-ਗਲੋਚ ਕੀਤਾ ਗਿਆ ਤੇ ਗੁਰੂ ਸਾਹਿਬ ਦੀ ਹਜ਼ੂਰੀ ਵਿਚ ਪੁਲੀਸ ਨੂੰ ਬੂਟਾਂ ਸਮੇਤ ਜਾਣ ਲਈ ਮਜਬੂਰ ਕੀਤਾ ਗਿਆ, ਉਹ ਬਹੁਤ ਹੀ ਨਿੰਦਣਯੋਗ ਕਾਰਵਾਈ ਹੈ, ਜਿਸ ਨੂੰ ਸਹਿਣ ਨਹੀਂ ਕੀਤਾ ਜਾ ਸਕਦਾ। ਉਨ੍ਹਾਂ ਦੀ ਇਸ ਹਰਕਤ ਨਾਲ ਸਿੱਖ ਧਰਮ ਦੇ ਨਾਂਅ ਨੂੰ ਪੂਰੀ ਦੁਨੀਆ ਵਿਚ ਢਾਹ ਲੱਗੀ ਹੈ।

## ਜਮਾਇਕਾ ਦੇ ਸਕੂਲ 'ਚ ਮੁਸਲਿਮ ਲੜਕੀ 'ਤੇ ਉਸ ਦੇ ਜਮਾਤੀ ਨੇ ਥੁੱਕਿਆ ਤੇ ਹਿਜਾਬ ਖਿੱਚਿਆ

**ਜਮਾਇਕਾ/ਬਿਊਰੋ ਨਿਊਜ਼ :** ਇਥੋਂ ਦੇ ਇਕ ਸਕੂਲ ਵਿਚ 16 ਸਾਲਾ ਮੁਸਲਿਮ ਲੜਕੀ 'ਤੇ ਉਸ ਦੇ ਇਕ ਜਮਾਤੀ ਨੇ ਥੁੱਕਿਆ, ਗਾਲ੍ਹਾਂ ਕੱਢੀਆਂ ਅਤੇ ਉਸ ਦਾ ਹਿਜਾਬ ਵੀ ਖਿੱਚਣ ਦੀ ਕੋਸ਼ਿਸ਼ ਕੀਤੀ। ਇਹ ਘਟਨਾ ਨਿਊਯਾਰਕ ਸ਼ਹਿਰ ਦੇ ਜਮਾਇਕਾ ਇਲਾਕੇ ਦੇ 'ਹਾਈ ਸਕੂਲ ਫਾਰ ਲਾਅ ਇਨਫੋਰਸਮੈਂਟ ਐਂਡ ਪਬਲਿਕ ਸੇਫਟੀ' ਵਿਚ ਵਾਪਰੀ ਹੈ। ਪੁਲੀਸ ਅਨੁਸਾਰ ਸਕੂਲ ਦੀ ਲਿਫਟ ਵਿਚ 15 ਸਾਲਾ ਲੜਕੇ ਨੇ ਇਹ ਹਰਕਤ ਕੀਤੀ। ਲੜਕੀ ਨੇ ਇਸ ਘਟਨਾ ਬਾਰੇ ਸਕੂਲ ਦੇ ਅਧਿਕਾਰੀਆਂ ਨੂੰ ਦੱਸਿਆ, ਜਿਨ੍ਹਾਂ ਨੇ ਪੁਲੀਸ ਨੂੰ ਇਹ ਜਾਣਕਾਰੀ ਦਿੱਤੀ। 'ਨਿਊਯਾਰਕ ਡੇਲੀ' ਮੁਤਾਬਕ ਪੁਲੀਸ ਨੇ ਬੱਚੇ ਕੋਲੋਂ ਪੁੱਛਗਿੱਛ ਕੀਤੀ ਅਤੇ ਉਸ ਨੂੰ ਤੰਗ-ਪ੍ਰੇਸ਼ਾਨ ਕਰਨ ਅਤੇ ਗਲਤ ਆਚਰਣ ਦਾ ਦੋਸ਼ੀ ਬਣਾਇਆ ਹੈ ਪਰ ਪੁਲੀਸ ਨੇ ਲੜਕੇ ਦੀ ਪਛਾਣ ਨਹੀਂ ਦੱਸੀ।

# ਸਿੱਖ ਵਿਚਾਰਵਾਨਾਂ ਵੱਲੋਂ ਯੂਰਪ ਵਿਚ ਸਿੱਖ ਪ੍ਰਚਾਰਕ 'ਤੇ ਹਮਲੇ ਦੀ ਨਿੰਦਾ

**ਚੰਡੀਗੜ੍ਹ/ਬਿਊਰੋ ਨਿਊਜ਼ :** ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਵੱਲੋਂ ਪ੍ਰਸਿੱਧ ਸਿੱਖ ਵਿਚਾਰਵਾਨਾਂ ਅਤੇ ਲੇਖਕਾਂ ਦੀ ਮੀਟਿੰਗ ਸੱਦੀ ਗਈ, ਜਿਸ ਵਿਚ ਪਿਛਲੇ ਦਿਨੀਂ ਸਿੱਖ ਪ੍ਰਚਾਰਕ ਭਾਈ ਪੰਥਪ੍ਰੀਤ ਸਿੰਘ ਉਤੇ ਜਰਮਨੀ ਅਤੇ ਇਟਲੀ ਦੇ ਗੁਰਦੁਆਰਿਆਂ ਵਿਚ ਕੀਤੇ ਗਏ ਹਮਲਿਆਂ ਦੀ ਸਖ਼ਤ ਨਿੰਦਾ ਕੀਤੀ ਗਈ। ਸਿੰਘ ਸਭਾ ਦਾ ਇਹ ਮੱਤ ਸੀ ਕਿ ਹਮਲਾਵਰ, ਜਿਹੜੇ ਕਿ ਆਪ ਵੀ ਸਿੱਖ ਸਨ, ਜਾਪਦਾ ਹੈ ਕਿ ਉਨ੍ਹਾਂ ਦੀ ਇਸ ਮਾੜੀ ਹਰਕਤ ਪਿਛੇ ਕੁੱਝ ਲੁਕਵੇਂ ਮੰਤਵ ਹਨ ਅਤੇ ਉਨ੍ਹਾਂ ਦਾ ਇਰਾਦਾ ਧਾਰਮਿਕ ਮੱਤਭੇਦਾਂ ਨੂੰ ਸੁਲਝਾਉਣ ਦਾ ਬਿਲਕੁਲ ਨਹੀਂ ਸੀ। ਸਿੱਖ ਸੈਂਟਰ ਗੁਰਦੁਆਰਾ ਫਰੈਂਕਫਰਟ ਜਰਮਨੀ ਅਤੇ ਇਟਲੀ ਦੇ ਪਡੂਆ ਸ਼ਹਿਰ ਦੇ ਸਿੱਖ ਗੁਰਦੁਆਰੇ ਵਿਚ ਵਾਪਰੀਆਂ ਅਤਿ ਘ੍ਰਿਣਾਯੋਗ ਘਟਨਾਵਾਂ ਉਤੇ ਬਹਿਸ ਕਰਦਿਆਂ ਸਿੱਖ ਵਿਚਾਰਵਾਨਾਂ ਨੇ ਕਿਹਾ ਕਿ ਸਿੱਖ ਪ੍ਰਚਾਰਕ ਉਤੇ ਹਮਲਾ ਦਮਦਮੀ ਟਕਸਾਲ ਦੀ ਚੁੱਕ ਉਤੇ ਕੀਤਾ ਗਿਆ ਹੈ ਅਤੇ ਹਮਲਾਵਰਾਂ ਦਾ ਟਕਸਾਲ ਨਾਲ ਸਬੰਧ ਕਿਸੇ ਤੋਂ ਲੁਕਵਾਂ ਨਹੀਂ।



ਦੋ ਕੁ ਮਹੀਨੇ ਪਹਿਲਾਂ ਪੰਜਾਬ ਦੇ ਬਾਦਲ ਹਾਕਮਾਂ ਦੀ ਸ਼ਹਿ ਹੇਠ ਇਸੇ ਟਕਸਾਲ ਵੱਲੋਂ ਇਕ ਹੋਰ ਸਿੱਖ ਪ੍ਰਚਾਰਕ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਉਤੇ ਵੀ ਹਮਲਾ ਕੀਤਾ ਗਿਆ ਸੀ। ਕਿਸਮਤ ਨਾਲ ਉਸ ਹਮਲੇ ਵਿਚ ਸਿੱਖ ਪ੍ਰਚਾਰਕ ਦੀ ਜਾਨ ਬਚ ਗਈ ਸੀ। ਗਿਆਤ ਰਹੇ ਕਿ ਭਾਈ ਰਣਜੀਤ ਸਿੰਘ ਢੱਡਰੀਆਂ ਵਾਲੇ ਪ੍ਰਚਾਰਕ ਭਾਈ ਪੰਥਪ੍ਰੀਤ ਸਿੰਘ ਦੇ ਨਿਕਟ ਸਹਿਯੋਗੀ ਹਨ। ਸਾਬਕਾ ਆਈ.ਏ.ਐਸ. ਸ. ਗੁਰਤੇਜ ਸਿੰਘ ਅਤੇ ਪ੍ਰੋਫੈਸਰ ਗੁਰਦਰਸ਼ਨ ਸਿੰਘ ਢਿਲੋਂ ਨੇ ਕਿਹਾ ਕਿ ਭਾਈ ਪੰਥਪ੍ਰੀਤ ਸਿੰਘ ਨਾਲ ਵਿਚਾਰਧਾਰਕ ਮਤਭੇਦ ਨੂੰ ਹਮਲਾਵਰਾਂ ਨੇ ਜਾਣ ਬੁਝ ਕੇ ਉਛਾਲਿਆ ਤਾਂ ਕਿ ਉਨ੍ਹਾਂ ਦੇ ਮਨ ਅੰਦਰਲੀ ਮੰਦ ਭਾਵਨਾ ਲੁਕੀ ਰਹੇ। ਹਮਲਾਵਰਾਂ ਦਾ ਮਨੋਰਥ ਪ੍ਰਚਾਰਕ ਨੂੰ ਬੇਇਜ਼ਤ ਕਰਨਾ ਅਤੇ ਡਰਾਉਣਾ ਧਮਕਾਉਣਾ ਸੀ ਤਾਂ ਕਿ ਸਿੱਖਾਂ ਵਿਚ ਵੀ ਸ਼ੀਆ ਅਤੇ ਸੁੰਨੀ ਮੁਸਲਮਾਨਾਂ ਵਾਂਗ ਪਾੜਾ ਪਾਇਆ ਜਾ ਸਕੇ। ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਖਜ਼ਾਨਚੀ ਸ. ਗੁਰਪ੍ਰੀਤ ਸਿੰਘ ਅਤੇ ਨਾਮੀ ਸਿੱਖ ਇਤਿਹਾਸਕਾਰ ਸ. ਅਜਮੇਰ ਸਿੰਘ ਨੇ ਕਿਹਾ ਕਿ ਸਿੱਖ ਧਰਮ ਅਤੇ ਵਿਚਾਰਧਾਰਾ ਸਬੰਧੀ ਜੇ ਕੋਈ ਮਤਭੇਦ ਹੋਣ ਵੀ, ਤਾਂ ਉਹ ਵਿਚਾਰ ਵਟਾਂਦਰੇ ਰਾਹੀਂ ਸੁਲਝਾਏ ਜਾ ਸਕਦੇ ਹਨ ਅਤੇ ਉਸ ਦੇ ਲਈ ਧੱਕੇਸ਼ਾਹੀ ਵਾਲੀਆਂ ਹਰਕਤਾਂ ਕਰਨ ਦੀ ਲੋੜ ਨਹੀਂ, ਜਿਹੜੀਆਂ ਅਕਸਰ ਸਿੱਖਾਂ ਦੀ ਵੱਖਰੀ ਪਛਾਣ ਨੂੰ ਖਤਮ ਕਰਨ ਲਈ ਸਰਕਾਰਾਂ ਵੱਲੋਂ ਕਰਵਾਈਆਂ ਜਾਂਦੀਆਂ ਹਨ।

ਸਿੱਖ ਵਿਚਾਰਵਾਨ ਭਾਈ ਅਸ਼ੋਕ ਸਿੰਘ ਬਾਗੜੀਆਂ, ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਦੇ ਜਨਰਲ ਸਕੱਤਰ ਸ. ਖੁਸ਼ਹਾਲ ਸਿੰਘ ਅਤੇ ਖਾਲਸਾ ਪੰਚਾਇਤ ਸੰਸਥਾ ਦੇ ਸ. ਰਾਜਿੰਦਰ ਸਿੰਘ ਤੋਂ ਇਲਾਵਾ ਸੀਨੀਅਰ ਪੱਤਰਕਾਰ ਸ. ਸੁਖਦੇਵ ਸਿੰਘ, ਸ. ਕਰਮਜੀਤ ਸਿੰਘ ਅਤੇ ਸ. ਜਸਪਾਲ ਸਿੰਘ ਸਿੱਧੂ ਨੇ ਵੀ ਮੀਟਿੰਗ ਵਿਚ ਪਾਸ ਕੀਤੇ ਮਤੇ ਦੀ ਪੂਰੀ ਹਮਾਇਤ ਕੀਤੀ। ਇਹ ਮਤਾ ਜਰਮਨੀ ਦੇ ਅਨੇਕਾਂ ਗੁਰਦੁਆਰਿਆਂ ਦੀਆਂ ਪ੍ਰਬੰਧਕੀ ਕਮੇਟੀਆਂ ਵੱਲੋਂ ਪਾਸ ਕੀਤੇ ਗਏ ਮਤਿਆਂ ਦੀ ਪ੍ਰੋੜ੍ਹਤਾ ਵੀ ਕਰਦਾ ਹੈ। ਇਨ੍ਹਾਂ ਕਮੇਟੀਆਂ ਨੇ ਪ੍ਰਚਾਰਕ ਉਤੇ ਕੀਤੇ ਹਮਲੇ ਦੀਆਂ ਵੀਡੀਓ ਤਸਵੀਰਾਂ ਵੀ ਨਸ਼ਰ ਕੀਤੀਆਂ ਹਨ, ਜਿਨ੍ਹਾਂ ਵਿਚ ਇਹ ਸਪਸ਼ਟ ਹੈ ਕਿ ਗੁਰਦੁਆਰਿਆਂ ਦੀ ਧਾਰਮਿਕ ਪਵਿੱਤਰਤਾ ਅਤੇ ਪ੍ਰਚਾਰਕ ਦੇ ਦੀਵਾਨ ਨੂੰ ਭੰਗ ਕਰਨ ਲਈ ਅਜਿਹਾ ਕੁੱਝ ਕੀਤਾ ਗਿਆ। ਇਹ ਸਾਰਾ ਕੁੱਝ ਮੰਦ ਭਾਵਨਾ ਤੋਂ ਪ੍ਰੇਰਿਤ ਸੀ, ਕਿਉਂਕਿ ਹਮਲਾਵਰਾਂ ਨੇ ਪ੍ਰਚਾਰਕ ਭਾਈ ਪੰਥਪ੍ਰੀਤ ਸਿੰਘ ਨਾਲ ਮੀਟਿੰਗ ਕਰਕੇ ਮਤਭੇਦ ਸੁਲਝਾਉਣ ਦੀ ਕੋਸ਼ਿਸ਼ ਨਹੀਂ ਕੀਤੀ, ਸਗੋਂ ਧੱਕੇ ਨਾਲ ਜੁੜੇ ਹੋਏ ਦੀਵਾਨ ਵਿਚ ਜਾ ਕੇ ਹੱਥੋ ਪਾਈ ਕੀਤੀ। ਕੇਂਦਰੀ ਸ੍ਰੀ ਗੁਰੂ ਸਿੰਘ ਸਭਾ ਨੇ ਇਸ ਮੀਟਿੰਗ ਵਿਚ ਦੁਨੀਆ ਭਰ ਦੇ ਸਿੱਖਾਂ ਨੂੰ ਅਪੀਲ ਕੀਤੀ ਹੈ ਕਿ ਸਿੱਖ ਵਿਰੋਧੀ ਤਾਕਤਾਂ ਦੇ ਹਥਕੰਡਿਆਂ ਤੋਂ ਖ਼ਬਰਦਾਰ ਰਹਿਣ, ਜਿਹੜੇ ਕਿ ਸਿੱਖ ਪੰਥ ਵਿਚ ਬਣਾਵਟੀ ਭੇਦ-ਭਾਵਾਂ ਨੂੰ ਉਛਾਲ ਕੇ ਸਿੱਖਾਂ ਵਿਚ ਵੰਡੀਆਂ ਪਾਉਣਾ ਚਾਹੁੰਦੇ ਹਨ। ਸਿੱਖਾਂ ਦਾ ਇਹ ਤਤਕਾਲ ਫਰਜ਼ ਬਣਦਾ ਹੈ ਕਿ ਇਨ੍ਹਾਂ ਹੁੱਲੜਬਾਜ਼ਾਂ ਨੂੰ ਧਾਰਮਿਕ ਸਥਾਨਾਂ ਦੀ ਪਵਿੱਤਰਤਾ ਭੰਗ ਕਰਨ ਤੋਂ ਹਰ ਹਾਲਤ ਵਿਚ ਰੋਕਿਆ ਜਾਵੇ।

# ਭਾਈ ਜਗਤਾਰ ਸਿੰਘ ਹਵਾਰਾ ਵਲੋਂ ਪੰਥ ਅੰਦਰ ਆਪਸੀ ਟਕਰਾਵਾਂ ਨੂੰ ਰੋਕਣ ਦੀ ਅਪੀਲ

**ਨਵੀਂ ਦਿੱਲੀ/ ਸਿੱਖ ਸਿਆਸਤ ਬਿਊਰੋ:**

ਦਿੱਲੀ ਦੀ ਤਿਹਾੜ ਜੇਲ੍ਹ 'ਚ ਬੰਦ ਸਿਆਸੀ ਸਿੱਖ ਕੈਦੀ ਭਾਈ ਜਗਤਾਰ ਸਿੰਘ ਹਵਾਰਾ ਨੇ ਜਰਮਨ ਅਤੇ ਇਟਲੀ 'ਚ ਹੋਈਆਂ ਘਟਨਾਵਾਂ 'ਤੇ ਦੁਖ ਦਾ ਇਜ਼ਹਾਰ ਕੀਤਾ ਹੈ। ਜੇਲ੍ਹ 'ਚ ਮੁਲਾਕਾਤ ਕਰਨ ਵਾਲੇ ਰਾਹੀਂ ਭੇਜੇ ਸੰਦੇਸ਼ 'ਚ ਭਾਈ ਹਵਾਰਾ ਨੇ ਕਿਹਾ ਕਿ ਵਿਚਾਰਾਂ ਦੇ ਮਤਭੇਦ ਨੂੰ ਟਕਰਾਅ 'ਚ ਨਹੀਂ ਬਦਲਣ ਦੇਣਾ ਚਾਹੀਦਾ। ਉਨ੍ਹਾਂ ਕਿਹਾ ਕਿ ਜਿਨ੍ਹਾਂ ਮੁੱਦਿਆਂ 'ਤੇ ਸਮੂਹ ਸਿੱਖ ਇਕ ਮਤ ਹਨ ਉਨ੍ਹਾਂ ਮੁੱਦਿਆਂ ਦੀ ਸਾਂਝ ਨੂੰ ਮਜ਼ਬੂਤ ਕਰ ਕੇ ਕੌਮੀ ਮੰਜ਼ਲ ਵੱਲ ਕਦਮ ਵਧਾਏ ਜਾਣੇ ਚਾਹੀਦੇ ਹਨ।



ਭਾਈ ਹਵਾਰਾ ਨੇ ਭਾਈ ਪੰਥਪ੍ਰੀਤ ਸਿੰਘ ਦੇ ਜਰਮਨ ਅਤੇ ਇਟਲੀ ਵਿਚ ਹੋਏ ਵਿਰੋਧ 'ਤੇ ਟਿੱਪਣੀ ਕਰਦਿਆਂ ਕਿਹਾ ਕਿ ਇਕ ਸਿੱਖ ਦੇ ਦੂਜੇ ਸਿੱਖ ਨਾਲ ਜੇਕਰ ਵਿਚਾਰਾਂ ਦੇ ਕੁਝ ਮਤਭੇਦ ਹੁੰਦੇ ਵੀ ਹਨ ਤਾਂ ਉਨ੍ਹਾਂ ਨੂੰ ਦੁਸ਼ਮਣਾਂ ਵਾਂਗ ਨਜਿੱਠਣਾ ਅਤੇ ਹਲਕੇ ਪੱਧਰ ਦੀ ਸ਼ਬਦਾਵਲੀ ਵਰਤਣੀ ਗੁਰਸਿੱਖਾਂ ਨੂੰ ਸ਼ੋਭਾ ਨਹੀਂ ਦਿੰਦੀ। ਉਨ੍ਹਾਂ ਕਿਹਾ ਕਿ ਸਿੱਖ ਕੌਮ ਦੀ ਨਸਲਕੁਸ਼ੀ ਕਰਨ ਵਾਲੇ ਜ਼ਾਲਮ ਅਤੇ ਜਰਵਾਣੇ ਚੈਨ ਦੀ ਨੀਂਦ ਸੌਂਦੇ ਹਨ, ਬਿਨਾਂ ਰੋਕ ਟੋਕ ਆਪਣੇ ਕਾਰ ਵਿਹਾਰ ਕਰਦੇ ਹਨ, ਪਰ ਗੁਰੂ ਦੇ ਸਿੱਖ ਆਪੋ ਵਿਚ ਹੀ ਇਕ ਦੂਜੇ ਦੇ ਵਿਰੁੱਧ ਡਾਂਗਾਂ ਚੁੱਕੀ ਫਿਰਦੇ ਹਨ, ਇਹ ਸਥਿਤੀ ਪੂਰੀ ਦੁਨੀਆ ਵਿਚ ਸਿੱਖ ਕੌਮ ਲਈ ਨਮੋਸ਼ੀ ਅਤੇ ਜੱਗ ਹਸਾਈ ਦਾ ਕਾਰਨ ਬਣਦੀ ਹੈ।

ਭਾਈ ਹਵਾਰਾ ਨੇ ਪੂਰੀ ਕੌਮ ਦੇ ਨਾਂ ਸੁਨੇਹਾ ਦਿੰਦੇ ਹੋਏ ਕਿਹਾ ਕਿ ਜਿਹੜੇ ਗੁਰਸਿੱਖ ਗੁਰੂ ਗ੍ਰੰਥ ਸਾਹਿਬ ਨੂੰ ਗੁਰੂ ਮੰਨਦੇ ਹਨ, ਪੰਜ ਕਕਾਰਾਂ ਦੇ ਧਾਰਨੀ ਹਨ, ਉਨ੍ਹਾਂ ਦੇ ਆਪੋ ਵਿਚ ਜੇਕਰ ਕਿਸੇ ਮੁੱਦੇ 'ਤੇ ਵਿਚਾਰਕ ਮਤਭੇਦ ਵੀ ਹਨ ਤਾਂ ਉਨ੍ਹਾਂ ਨੂੰ ਨਿਮਰਤਾ ਨਾਲ ਸੁਲਝਾਉਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ ਨਾ ਕਿ ਵੱਖਰੇ ਵਿਚਾਰਾਂ ਵਾਲੇ ਨੂੰ 'ਮੂਰਖ' ਜਾਂ 'ਪੰਥ ਦੇ ਦੁਸ਼ਮਣ' ਗਰਦਾਨ ਕੇ ਭਰਾ ਮਾਰੂ ਜੰਗ ਨੂੰ ਅਵਾਜ਼ਾਂ ਮਾਰਨੀਆਂ ਚਾਹੀਦੀਆਂ ਹਨ। ਉਨ੍ਹਾਂ ਕਿਹਾ ਜਿਹੜੇ ਵੀਰ ਕਿਸੇ ਦੇ ਗਲ ਪੈਣ ਨੂੰ ਹੀ 'ਸੇਵਾ' ਸਮਝਦੇ ਹਨ, ਉਹ ਸਭ ਤੋਂ ਪਹਿਲਾਂ ਸਿੱਖ ਕੌਮ ਦੇ ਦੋਖੀਆਂ ਅਤੇ ਕਾਤਲਾਂ ਨਾਲ ਨਿੱਬੜਨ, ਓਧਰੋਂ ਵਿਹਲੇ ਹੋਣ ਪਿੱਛੋਂ ਹੀ ਆਪਣੇ ਭਰਾਵਾਂ ਬਾਰੇ ਕੁਝ ਸੋਚਣ।

ਭਾਈ ਹਵਾਰਾ ਸਮੂਹ ਪੰਥ ਪ੍ਰਸਤਾਂ ਨੂੰ ਅਪੀਲ ਕਰਦੇ ਹੋਏ ਕਿਹਾ ਕਿ ਦੁਨੀਆ ਭਰ ਵਿਚ ਬੈਠੇ ਸਿੱਖ ਵਿਦਵਾਨਾਂ ਨੂੰ ਇਕ ਮੰਚ 'ਤੇ ਇਕੱਤਰ ਕਰ ਕੇ ਕੌਮ ਦਾ ਇਕ "ਥਿੰਕ ਟੈਂਕ" ਬਣਾਇਆ ਜਾਵੇ। ਕੁਝ ਪੰਥ ਦਰਦੀ ਵੀਰਾਂ ਵਲੋਂ ਅਨੰਦਪੁਰ ਸਾਹਿਬ ਦੀ ਧਰਤੀ 'ਤੇ ਅਜਿਹਾ ਉੱਦਮ ਕਰਨ ਲਈ ਕੀਤੇ ਜਾ ਰਹੇ ਯਤਨ ਸ਼ਲਾਘਾਯੋਗ ਹਨ। ਸਿੱਖਾਂ ਅੰਦਰ ਵਿਚਾਰਾਂ ਦੇ ਵਖਰੇਵਿਆਂ ਬਾਰੇ ਜੇਕਰ ਵਿਚਾਰ ਚਰਚਾ ਕਰਨੀ ਬਹੁਤ ਜ਼ਰੂਰੀ ਵੀ ਜਾਪੇ ਤਾਂ ਉਹ ਵਿਦਵਾਨਾਂ ਦੇ ਇਸ ਮੰਚ ਉੱਤੇ ਚਾਰਦੀਵਾਰੀ ਦੇ ਅੰਦਰ ਹੋਣੀ ਚਾਹੀਦੀ ਹੈ। ਉਨ੍ਹਾਂ ਮਸਲਿਆਂ ਦੀ ਸਟੇਜਾਂ 'ਤੇ ਨੁਮਾਇਸ਼ ਨਾ ਲਾਈ ਜਾਵੇ ਤੇ ਨਾ ਹੀ ਸੜਕਾਂ 'ਤੇ ਨਾਅਰੇਬਾਜ਼ੀ ਅਤੇ ਗਾਲ੍ਹਾਂ ਕੱਢ ਕੇ ਕੌਮ ਦੀ ਬਦਨਾਮੀ ਦੀ ਵਜ੍ਹਾ ਬਣਿਆ ਜਾਵੇ। ਭਾਈ ਹਵਾਰਾ ਦਾ ਕਹਿਣਾ ਹੈ ਕਿ ਇਕ ਦੂਜੇ ਵਿਰੁੱਧ ਭੱਦੀ ਸ਼ਬਦਾਵਲੀ ਵਰਤ ਕੇ ਅਤੇ ਲੱਠਮਾਰਾਂ ਵਰਗਾ ਵਿਹਾਰ ਕਰ ਕੇ ਜਿੱਥੇ ਅਸੀਂ ਸਿੱਖ ਧਰਮ ਦੇ ਉੱਚੇ ਮਿਆਰਾਂ ਤੋਂ ਬਹੁਤ ਹੇਠਾਂ ਡਿਗ ਪੈਂਦੇ ਹਾਂ ਓਥੇ ਹੀ ਅਸੀਂ ਦੁਨੀਆ ਭਰ ਵਿਚ ਸਿੱਖ ਕੌਮ ਦੀ ਨਮੋਸ਼ੀ ਦਾ ਕਾਰਨ ਬਣਨ ਦੇ ਨਾਲ-ਨਾਲ ਦੁਸ਼ਮਣਾਂ ਦੇ ਹੱਥਾਂ 'ਚ ਖੇਡ ਰਹੇ ਹਾਂ।

# ਪੰਥਕ ਧਿਰਾਂ ਵੱਲੋਂ ਕੈਪਟਨ ਅਮਰਿੰਦਰ ਸਿੰਘ ਦੀ ਰਿਹਾਇਸ਼ ਵੱਲ ਰੋਸ ਮਾਰਚ 13 ਜੂਨ ਨੂੰ

**ਚੰਡੀਗੜ੍ਹ/ਬਿਊਰੋ ਨਿਊਜ਼ :**

ਯੂਨਾਈਟਿਡ ਅਕਾਲੀ ਦਲ ਦੀ ਕੋਰ ਕਮੇਟੀ ਦੀ ਮੀਟਿੰਗ ਵਿੱਚ ਕੈਪਟਨ ਅਮਰਿੰਦਰ ਸਿੰਘ ਦੀ ਬਾਦਲਾਂ ਨਾਲ ਕਥਿਤ ਸਾਂਝ ਨੂੰ ਉਜਾਗਰ ਕਰਨ ਲਈ 13 ਜੂਨ ਨੂੰ ਮੁੱਖ ਮੰਤਰੀ ਦੀ ਰਿਹਾਇਸ਼ ਵੱਲ ਰੋਸ ਮਾਰਚ ਕਰਨ ਦਾ ਫ਼ੈਸਲਾ ਕੀਤਾ ਗਿਆ। ਇਸ ਤੋਂ ਇਲਾਵਾ 'ਸਰਬੱਤ ਖ਼ਾਲਸਾ' ਵੱਲੋਂ ਥਾਪੇ ਜਥੇਦਾਰਾਂ ਵੱਲੋਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਮਾਮਲਿਆਂ ਸਬੰਧੀ ਦੋ ਸਾਲ ਪੂਰੇ ਹੋਣ 1 ਜੂਨ ਨੂੰ ਬਰਗਾੜੀ ਵਿੱਚ ਵੱਡੇ ਪੱਧਰ 'ਤੇ ਸਮਾਗਮ ਕਰਵਾਉਣ ਦਾ ਵੀ ਫ਼ੈਸਲਾ ਕੀਤਾ ਗਿਆ ਹੈ।



ਯੂਨਾਈਟਿਡ ਅਕਾਲੀ ਦਲ ਦੇ ਸਕੱਤਰ ਜਨਰਲ ਭਾਈ ਗੁਰਦੀਪ ਸਿੰਘ ਬਠਿੰਡਾ ਰੋਸ ਮਾਰਚ ਦਾ ਐਲਾਨ ਕਰਦੇ ਹੋਏ।

ਪਾਰਟੀ ਦੇ ਸਕੱਤਰ ਜਨਰਲ ਭਾਈ ਗੁਰਦੀਪ ਸਿੰਘ ਬਠਿੰਡਾ, ਡਾ. ਭਗਵਾਨ ਸਿੰਘ, ਗੁਰਨਾਮ ਸਿੰਘ ਸਿੱਧੂ ਤੇ ਜਸਵਿੰਦਰ ਸਿੰਘ ਬਰਾੜ ਨੇ ਕਿਹਾ ਕਿ ਕੈਪਟਨ ਨੇ ਬਾਣੀ ਦਾ ਗੁਟਕਾ ਹੱਥ ਵਿੱਚ ਫੜ ਕੇ ਪੰਜਾਬ ਵਿਚੋਂ ਨਸ਼ੇ ਬੰਦ ਕਰਨ ਦੀ ਸਹੁੰ ਖਾਧੀ ਸੀ ਪਰ ਉਹ ਅਜਿਹਾ ਕਰਨ ਵਿੱਚ ਅਸਫ਼ਲ ਰਹੇ ਹਨ। ਕੈਪਟਨ ਸਰਕਾਰ ਡਰੱਗ ਮਾਫੀਆ, ਰਾਜਸੀ ਆਗੂਆਂ ਅਤੇ ਪੁਲੀਸ ਅਫ਼ਸਰਾਂ ਦੇ ਕਥਿਤ ਗਠਜੋੜ ਵੱਲ ਗ਼ੌਰ ਨਹੀਂ ਕਰ ਰਹੀ। ਨਸ਼ੇ ਰੋਕਣ ਦੇ ਨਾਂ 'ਤੇ ਸਿਰਫ਼ ਨਸ਼ੇੜੀਆਂ ਨੂੰ ਹੀ ਫੜਿਆ ਜਾ ਰਿਹਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਕੈਪਟਨ ਸਰਕਾਰ ਪਿਛਲੀ ਬਾਦਲ ਸਰਕਾਰ ਦੇ ਰਾਹ ਪੈਂਦਿਆਂ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ, ਬਹਿਬਲ ਕਲਾਂ ਗੋਲੀ ਕਾਂਡ ਦੇ ਦੋਸ਼ੀਆਂ ਦੀ ਗ੍ਰਿਫ਼ਤਾਰੀ ਅਤੇ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਖਾਮੋਸ਼ ਹੈ। ਪੰਜਾਬ ਵਿੱਚ ਨਕਲੀ ਬੀਜ ਤੇ ਕੀੜੇਮਾਰ ਦਵਾਈਆਂ ਦਾ ਮਾੜਾ ਪ੍ਰਭਾਵ ਅਤੇ ਕਿਸਾਨਾਂ ਤੇ ਖੇਤ ਮਜ਼ਦੂਰਾਂ ਦੀਆਂ ਖ਼ੁਦਕੁਸ਼ੀਆਂ ਬੇਰੋਕ ਜਾਰੀ ਹਨ। ਕੈਪਟਨ ਸਰਕਾਰ ਆਪਣੇ ਵਾਅਦੇ ਪੂਰੇ ਕਰਨ ਦੀ ਥਾਂ ਬਾਦਲ ਸਰਕਾਰ ਦੇ ਮੰਤਰੀਆਂ ਅਤੇ ਅਫ਼ਸਰਾਂ ਦੀ 'ਪੁਸ਼ਤਪਨਾਹੀ' ਕਰ ਰਹੀ ਹੈ। ਬਾਦਲਾਂ ਦੇ ਰਾਜ ਵਾਂਗ ਹੀ ਸੂਬੇ ਵਿੱਚ ਗੁੰਡਾਗਰਦੀ ਅਤੇ ਭ੍ਰਿਸ਼ਟਾਚਾਰ ਦਾ ਬੋਲਬਾਲਾ ਹੈ। ਕਈ ਤਰ੍ਹਾਂ ਦੇ ਮਾਫੀਆ ਦੀਆਂ ਕਥਿਤ ਤੌਰ 'ਤੇ ਬਾਦਲਾਂ ਨਾਲ ਜੁੜਦੀਆਂ ਤਾਰਾਂ ਬਾਰੇ ਵੀ ਕੈਪਟਨ ਸਰਕਾਰ ਚੁੱਪ ਹੈ।

ਉਨ੍ਹਾਂ ਕਿਹਾ ਕਿ ਕੈਪਟਨ ਸਰਕਾਰ ਦੇ ਪਹਿਲੇ ਦੋ ਮਹੀਨਿਆਂ ਦੀ ਕਾਰਗੁਜ਼ਾਰੀ ਨੇ ਸਾਬਤ ਕਰ ਦਿੱਤਾ ਹੈ ਕਿ ਇਹ ਸਰਕਾਰ ਬਾਦਲਾਂ ਨਾਲ ਆਪਣੀਆਂ 'ਯਾਰੀਆਂ' ਨਿਭਾਉਣ ਤੱਕ ਸੀਮਤ ਹੈ। ਉਨ੍ਹਾਂ ਮੰਗ ਕੀਤੀ ਕਿ ਕੈਪਟਨ, ਕੈਨੇਡਾ ਦੇ ਸੂਬਿਆਂ ਵੱਲੋਂ ਪਾਸ ਕੀਤੇ ਮਤਿਆਂ ਵਾਂਗ ਪੰਜਾਬ ਵਿਧਾਨ ਸਭਾ ਵਿੱਚ ਜੂਨ 1984 ਦੌਰਾਨ ਦਰਬਾਰ ਸਾਹਿਬ, ਅੰਮ੍ਰਿਤਸਰ ਸਮੇਤ 40 ਤੋਂ ਵੱਧ ਗੁਰਦੁਆਰਿਆਂ 'ਤੇ ਹੋਏ ਹਮਲਿਆਂ ਦੀ ਨਿਖੇਧੀ ਦਾ ਮਤਾ ਪਾਸ ਕਰਵਾਉਣ।

ਉਨ੍ਹਾਂ ਮੰਗ ਕੀਤੀ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀਆਂ ਚੋਣਾਂ ਛੇਤੀ ਕਰਵਾਈਆਂ ਜਾਣ ਤੇ ਪੰਥਕ ਧਿਰਾਂ ਬਾਦਲ ਪਰਿਵਾਰ ਦੇ ਕਬਜ਼ੇ ਹੇਠੋਂ ਸਿੱਖਾਂ ਦੀ ਇਸ ਅਹਿਮ ਸੰਸਥਾ ਨੂੰ ਆਜ਼ਾਦ ਕਰਵਾਉਣਗੀਆਂ। ਉਨ੍ਹਾਂ ਦੋਸ਼ ਲਾਇਆ ਕਿ ਬਾਦਲ ਧੜੇ ਵੱਲੋਂ ਗੁਰਦੁਆਰਾ ਗਿਆਨ ਗੋਦੜੀ ਬਾਰੇ ਦਿੱਤੇ ਜਾ ਰਹੇ ਬਿਆਨ ਡਰਾਮਾ ਹਨ ਕਿਉਂਕਿ ਕੇਂਦਰ ਤੇ ਉਤਰਾਖੰਡ ਦੋਹਾਂ ਥਾਈਂ ਬਾਦਲਾਂ ਦੀ ਭਾਈਵਾਲ ਭਾਜਪਾ ਦੀ ਸਰਕਾਰ ਹੈ ਪਰ ਅਕਾਲੀ ਦਲ (ਬਾਦਲ) ਵੱਲੋਂ ਸਰਕਾਰ ਕੋਲ ਆਵਾਜ਼ ਨਹੀਂ ਉਠਾਈ ਜਾ ਰਹੀ। ਕੋਰ ਕਮੇਟੀ ਦੀ ਮੀਟਿੰਗ ਵਿੱਚ ਜਤਿੰਦਰ ਸਿੰਘ ਈਸੜੂ, ਬਹਾਦਰ ਸਿੰਘ ਰਾਹੋਂ, ਸਤਨਾਮ ਸਿੰਘ ਮਨਾਵਾਂ, ਪ੍ਰਸ਼ੋਤਮ ਸਿੰਘ ਫੱਗੂਵਾਲ, ਵੱਸਣ ਸਿੰਘ ਜ਼ੱਫਰਵਾਲ, ਡਾਕਟਰ ਹਰਮਨਜੀਤ ਸਿੰਘ, ਸੀਤਾ ਰਾਮ ਦੀਪਕ, ਜਸਵਿੰਦਰ ਸਿੰਘ ਘੋਲੀਆ ਤੇ ਡਾਕਟਰ ਅਨਵਰ ਅਹਿਮਦ ਸ਼ਾਮਲ ਸਨ।

# ਸਿਆਸੀ ਚੇਤਿਆਂ ਵਿਚੋਂ ਵਿਸਰੀਆਂ ਮਹਾਨ ਯਾਦਗਾਰਾਂ

**ਸਮੇਂ ਦਿਆਂ ਹਾਕਮਾਂ ਵਲੋਂ ਆਪਣੇ ਲੋਕਾਂ ਨੂੰ ਇਤਿਹਾਸ ਤੋਂ ਅਕਸਰ ਵਿਰਵੇ ਹੀ ਰੱਖਿਆ ਜਾਂਦਾ ਹੈ। ਜੇਕਰ ਇਤਿਹਾਸਕ ਮਿਨਾਰ ਉਸਾਰ ਵੀ ਦਿੱਤੇ ਜਾਂਦੇ ਹਨ ਤਾਂ ਫੰਡਾਂ ਤੇ ਦੇਖ-ਭਾਲ ਖੁਣੋਂ ਉਹ ਹੌਲੀ ਹੌਲੀ ਕਿਰਨੇ ਸ਼ੁਰੂ ਹੋ ਜਾਂਦੇ ਹਨ। ਪੰਜਾਬ ਵਿਚ ਵੀ ਅਕਾਲੀ-ਭਾਜਪਾ ਸਰਕਾਰ ਨੇ ਕਈ ਮੋਰਚਿਆਂ ਤੋਂ ਅਸਫਲ ਹੋਣ ਮਗਰੋਂ ਸੂਬੇ ਵਿਚ ਵੱਡੀਆਂ ਵੱਡੀਆਂ ਯਾਦਗਾਰਾਂ ਉਸਾਰਨ ਦਾ ਕੰਮ ਵਿਢਿਆ ਸੀ। ਪਰ ਜਾਂ ਤਾਂ ਇਹ ਕੰਮ ਮੁਕੰਮਲ ਨਹੀਂ ਹੋ ਸਕੇ ਜਾਂ ਸਰਕਾਰੀ ਅਣਦੇਖੀ ਦਾ ਸ਼ਿਕਾਰ ਹੋ ਗਏ। ਸਮੂਹ ਲੋਕਾਂ, ਖ਼ਾਸ ਤੌਰ ’ਤੇ ਸਿੱਖਾਂ ਨੂੰ ਆਪਣੇ ਇਤਿਹਾਸ ਤੋਂ ਜਾਣੂ ਕਰਵਾਉਣ ਲਈ ਬਣਾਈਆਂ ਗਈਆਂ ਯਾਦਗਾਰਾਂ ’ਤੇ ਅਰਬਾਂ ਰੁਪਏ ਖ਼ਰਚੇ ਗਏ ਸਨ ਤੇ ਥੋੜ੍ਹਾ-ਬਹੁਤ ਹੁਣ ਵੀ ਖ਼ਰਚ ਹੋ ਰਿਹਾ ਹੈ। ਪਰ ਕਈ ਇਮਾਰਤਾਂ ਹਾਲੇ ਵੀ ਅਧੂਰੀਆਂ ਪਈਆਂ ਹਨ। ਸਿਆਸੀ ਲਾਹਾ ਲੈਣ ਲਈ ਅੱਧੀਆਂ-ਅਧੂਰੀਆਂ ਇਮਾਰਤਾਂ ਦੇ ਉਦਘਾਟਨ ਤਾਂ ਕਰ ਦਿੱਤੇ ਪਰ ਉਨ੍ਹਾਂ ਦੀ ਦੇਖ-ਰੇਖ ਦਾ ਕੋਈ ਇੰਤਜ਼ਾਮ ਨਹੀਂ ਕੀਤਾ। ਸਰਕਾਰੀ ਅਣਗਹਿਲੀ ਦਾ ਸ਼ਿਕਾਰ ਇਨ੍ਹਾਂ ਇਮਾਰਤਾਂ ਦੀ ਦੁਰਦਸ਼ਾ ਬਿਆਨ ਕਰ ਰਹੇ ਹਨ ਸੀਨੀਅਰ ਪੱਤਰਕਾਰ ਪਾਲ ਸਿੰਘ ਨੌਲੀ, ਮਹੇਸ਼ ਸ਼ਰਮਾ, ਵਰਿੰਦਰਜੀਤ ਜਾਗੋਵਾਲ, ਜੰਗ ਬਹਾਦਰ ਸਿੰਘ ਅਤੇ ਦਰਸ਼ਨ ਸਿੰਘ ਸੋਢੀ।**



## ਵੱਡਾ ਘੱਲੂਘਾਰਾ: ਪੈਂਤੀ ਹਜ਼ਾਰ ਸਿੰਘਾਂ ਦੀ ਸ਼ਹਾਦਤ ਦਾ ਇਤਿਹਾਸ ਜਾਣਨ ਤੋਂ ਹਾਲੇ ਵੀ ਲੋਕ ਵਾਂਝੇ

**ਮੰਡੀ ਅਹਿਮਦਗੜ੍ਹ** : ਰਿਆਸਤ ਮਾਲੇਰਕੋਟਲਾ ਦੇ ਪਿੰਡ ਰੋਹੀੜਾ ਵਿੱਚ ਉਨ੍ਹਾਂ ਪੈਂਤੀ ਹਜ਼ਾਰ ਸਿੰਘਾਂ ਦੀ ਯਾਦਗਾਰ ਬਣ ਕੇ ਤਿਆਰ ਹੋ ਚੁੱਕੀ ਹੈ, ਜੋ ਪੰਜ ਫਰਵਰੀ 1762 ਨੂੰ ਅਹਿਮਦਸ਼ਾਹ ਅਬਦਾਲੀ ਦੀਆਂ ਬਖ਼ਤਰਬੰਦ ਫੌਜਾਂ ਦਾ ਨਿਹੱਥੇ ਮੁਕਾਬਲਾ ਕਰਦੇ ਸ਼ਹੀਦ ਹੋ ਗਏ ਸਨ ਪਰ ਇੱਥੇ ਆਉਣ ਵਾਲੇ ਦਰਸ਼ਕ ਹਾਲੇ ਵੀ ਤਸਵੀਰਾਂ ਤੇ ਫਿਲਮ ਰਾਹੀਂ ਵੱਡੇ ਘੱਲੂਘਾਰੇ ਦਾ ਪੂਰਾ ਇਤਿਹਾਸ ਦੇਖਣ ਤੋਂ ਵਾਂਝੇ ਹਨ। ਅਕਾਲੀ ਸਰਕਾਰ ਵੇਲੇ 24 ਕਰੋੜ ਰੁਪਏ ਤੋਂ ਵੱਧ ਨਾਲ ਤਿਆਰ ਹੋਈ ਇਹ ਯਾਦਗਾਰ 29 ਨਵੰਬਰ 2011 ਨੂੰ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਸਿੱਖ ਪੰਥ ਨੂੰ ਸਮਰਪਿਤ ਕੀਤੀ ਸੀ ਅਤੇ ਬਾਅਦ ਵਿੱਚ ਇਸ ਦਾ ਪ੍ਰਬੰਧ ਪੁਰਾਤੱਤਵ ਅਤੇ ਸਭਿਆਚਾਰਕ ਵਿਭਾਗ ਨੂੰ ਸੰਭਾਲ ਦਿੱਤਾ ਗਿਆ ਸੀ।

ਸਮਾਰਕ ਦੀ ਉਸਾਰੀ ਕਰਵਾਉਣ ਵਾਲੇ ਅਧਿਕਾਰੀਆਂ ਨੇ ਦਾਅਵਾ ਕੀਤਾ ਕਿ ਇਲਾਕੇ ਤੋਂ ਇਲਾਵਾ ਹੋਰ ਸੂਬਿਆਂ ਤੇ ਵਿਦੇਸ਼ਾਂ ਤੋਂ ਸਿੱਖ ਇਤਿਹਾਸ ਵਿੱਚ ਰੁਚੀ ਰੱਖਣ ਵਾਲੇ ਵਿਅਕਤੀ ਵੱਡੀ ਗਿਣਤੀ ਵਿਚ ਇੱਥੇ ਆਉਂਦੇ ਹਨ ਅਤੇ ਉਨ੍ਹਾਂ ਨੂੰ ਇਸ ਯਾਦਗਾਰ ਦੇ ਸਾਰੇ ਹਿੱਸਿਆਂ ਬਾਰੇ ਜਾਣਕਾਰੀ ਦੇਣ ਤੋਂ ਇਲਾਵਾ ਕੋਈ ਨਾ ਕੋਈ ਇਤਿਹਾਸਕ ਫ਼ਿਲਮ ਦਿਖਾਈ ਜਾਂਦੀ ਹੈ। ਪੰਜਾਹ ਵਿੱਘੇ ਤੋਂ ਵੱਧ ਖੇਤਰ ਵਿੱਚ ਫੈਲੀ 110 ਫੁੱਟ ਉੱਚੀ ਮੀਨਾਰ ਵਾਲੀ ਯਾਦਗਾਰ ਨੂੰ ਸੂਚਨਾ ਕੇਂਦਰ, ਓਪਨ ਏਅਰ ਥੀਏਟਰ, ਆਡੀਟੋਰੀਅਮ ਅਤੇ ਇੰਟਰਪ੍ਰੀਟੇਸ਼ਨ ਸੈਂਟਰ ਸਮੇਤ ਛੇ ਇਮਾਰਤਾਂ ਨੇ ਵਿਲੱਖਣ ਬਣਾ ਦਿੱਤਾ ਹੈ। ਅਹਿਮਦਸ਼ਾਹ ਅਬਦਾਲੀ ਨੇ 4 ਫਰਵਰੀ, 1762 ਨੂੰ ਸਰਹਿੰਦ ਦੇ ਫ਼ੌਜਦਾਰ ਜੈਨ ਖਾਂ ਅਤੇ ਮਾਲੇਰਕੋਟਲਾ ਦੇ ਨਵਾਬ ਭੀਖਮ ਖਾਂ ਨੂੰ ਕੁੱਪ ਰੋਹੀੜਾ ਵਿੱਚ ਇਕੱਠੇ ਹੋਏ ਸਿੰਘਾਂ ’ਤੇ ਹਮਲਾ ਕਰਨ ਲਈ ਕਿਹਾ ਸੀ ਅਤੇ ਖ਼ੁਦ ਵੀ ਆਪਣੀ ਫੌਜ ਸਮੇਤ ਅਗਲੇ ਦਿਨ ਤੱਕ ਇੱਥੇ ਪਹੁੰਚ ਗਿਆ ਸੀ। ਇੱਕਦਮ ਹੋਏ ਹਮਲੇ ਨਾਲ ਇੱਕ ਵਾਰ ਤਾਂ ਸਿੰਘ ਘਬਰਾ ਗਏ ਸਨ ਪਰ ਜੱਸਾ ਸਿੰਘ ਆਹਲੂਵਾਲੀਆ, ਚੜ੍ਹਤ ਸਿੰਘ ਤੇ ਸ਼ੁਕਰਚੱਕੀਆ ਦੇ ਜਥਿਆਂ ਨੇ ਜਿਸ ਢੰਗ ਨਾਲ ਪਹਿਲੇ ਦਿਨ ਮੁਕਾਬਲਾ ਕੀਤਾ, ਉਸ ਨਾਲ ਹਮਲਾਵਰਾਂ ਨੂੰ ਵੀ ਹੱਥਾਂ ਪੈਰਾਂ ਦੀ ਪੈ ਗਈ ਸੀ। ਚੜ੍ਹਤ ਸਿੰਘ ਗੋਲੀਬਾਰੀ ਦਾ ਇੰਨਾ ਮਾਹਰ ਸੀ ਕਿ ਪੰਜ ਜਣੇ ਉਸ ਨੂੰ ਬੰਦੂਕਾਂ ਭਰ ਕੇ ਦਿੰਦੇ ਸਨ। ਸਿੱਖਾਂ ਦੀ ਵੱਡੀ ਸਮੱਸਿਆ ਇਹ ਸੀ ਕਿ ਸਾਰੇ ਮਾਲਵੇ ਦੀਆਂ ਗਿਆਰਾਂ ਮਿਸਲਾਂ ਦੇ ਕਰੀਬ ਦਸ ਹਜ਼ਾਰ ਔਰਤਾਂ, ਬੱਚੇ ਅਤੇ ਬਿਰਧ ਉਨ੍ਹਾਂ ਨਾਲ ਸਨ ਅਤੇ ਗੋਲਾ ਬਾਰੂਦ ਤੇ ਰਾਸ਼ਨ ਗੁਰਮ ਪਿੰਡ ਪਿਆ ਸੀ। ਇਸ ਹਾਲਤ ਵਿੱਚ ਉਨ੍ਹਾਂ ਦੀ ਮਜਬੂਰੀ ਸੀ ਕਿ ਰਵਾਇਤੀ ਯੁੱਧ-ਸ਼ੈਲੀ ਤਿਆਗ ਕੇ ਔਰਤਾਂ ਬੱਚਿਆਂ ਨੂੰ ਬਚਾਉਂਦਿਆਂ ਚੱਲਦੇ ਹੋਏ ਮੁਕਾਬਲਾ ਕਰਨ। ਇਸ ਮਕਸਦ ਵਿੱਚ ਉਹ ਕਾਫ਼ੀ ਹੱਦ ਤੱਕ ਕਾਮਯਾਬ ਵੀ ਹੋ ਗਏ ਸਨ ਅਤੇ ਬਰਨਾਲੇ ਵੱਲ ਚੱਲਣਾ ਸ਼ੁਰੂ ਕਰ ਦਿੱਤਾ ਸੀ ਪਰ ਰਾਤ ਵੇਲੇ ਮੂੰਮਾ ਗਹਿਲਾਂ ਦੇ ਸਰਕੰਡੇ ਦੇ ਮੈਦਾਨ ਵਿੱਚ ਪਨਾਹ ਲੈ ਕੇ ਬੈਠੇ ਦਸ ਹਜ਼ਾਰ ਨਿਹੱਥੇ ਸਿੰਘਾਂ ਨੂੰ ਅਬਦਾਲੀ ਦੇ ਸੈਨਿਕਾਂ ਵੱਲੋਂ ਅੱਗ ਲਗਾ ਕੇ ਸ਼ਹੀਦ ਕਰ ਦਿੱਤਾ ਗਿਆ।

ਵੱਡੇ ਘੱਲੂਘਾਰੇ ਦੇ ਪਿਛੋਕੜ ਬਾਰੇ ਦੱਸਿਆ ਗਿਆ ਹੈ ਕਿ ਅਬਦਾਲੀ ਨੇ ਸਿੱਖਾਂ ਨੂੰ ਸਬਕ ਸਿਖਾਉਣ ਦਾ ਫ਼ੈਸਲਾ ਉਸ ਵੇਲੇ ਕਰ ਲਿਆ ਸੀ, ਜਦੋਂ ਉਹ 1761 ਵਿੱਚ ਪਾਣੀਪਤ ਦੀ ਤੀਸਰੀ ਜੰਗ ਵਿੱਚ ਮਰਾਠਿਆਂ ਨੂੰ ਜਿੱਤ ਕੇ ਵਾਪਸ ਆ ਰਿਹਾ ਸੀ ਅਤੇ ਸਿੱਖਾਂ ਨੇ ਉਸ ਨੂੰ ਸਤਲੁਜ ਨਦੀ ਤੱਕ ਪ੍ਰੇਸ਼ਾਨ ਕਰ ਕੇ ਰੱਖਿਆ ਸੀ। ਸਰਹਿੰਦ ਤੇ ਮਾਲੇਰਕੋਟਲਾ ’ਤੇ ਹਮਲਾ ਕਰਕੇ ਅਫ਼ਗਾਨਿਸਤਾਨ ਤੋਂ ਭੇਜੇ ਗਏ 12000 ਫੌਜੀਆਂ ਨੂੰ ਸਬਕ ਸਿਖਾਇਆ ਅਤੇ ਤਿੰਨ ਮਹੀਨਿਆਂ ਅੰਦਰ ਲਾਹੌਰ ਨੂੰ ਵੀ ਸਰ ਕਰ ਲਿਆ। 27 ਅਕਤੂਬਰ 1761 ਨੂੰ ਦੀਵਾਲੀ ਮੌਕੇ ਅੰਮ੍ਰਿਤਸਰ ‘ਚ ਹੋਏ ਸਰਬੱਤ ਖ਼ਾਲਸਾ ਦੌਰਾਨ ਸਿੱਖਾਂ ਨੇ ਸੂਹੀਆਂ, ਗ਼ੱਦਾਰਾਂ ਅਤੇ ਅਫ਼ਗਾਨ ਹਮਲਾਵਰਾਂ ਨੂੰ ਪੱਕੇ ਤੌਰ ’ਤੇ ਸਬਕ ਸਿਖਾਉਣ ਦਾ ਐਲਾਨ ਕੀਤਾ ਤਾਂ ਜੰਡਿਆਲਾ ਦੇ ਅਕਿਲ ਦਾਸ ਦੇ ਕਹਿਣ ’ਤੇ ਅਹਿਮਦਸ਼ਾਹ ਅਬਦਾਲੀ ਨੇ ਕੁੱਪ ਰੋਹੀੜਾ ਵਿੱਚ ਇਕੱਠੇ ਹੋਏ ਸਿੱਖਾਂ ਨੂੰ ਸੋਧਣ ਦਾ ਫ਼ੈਸਲਾ ਕਰ ਲਿਆ।

## *ਛੋਟਾ ਘੱਲੂਘਾਰਾ* : 11 ਹਜ਼ਾਰ ਸਿੱਖ ਪਰਿਵਾਰਾਂ ਦੇ ਕਤਲ ਨੂੰ ਭੁਲਿਆ ਪ੍ਰਸ਼ਾਸਨ

**ਕਾਹਨੂੰਵਾਨ** : ਮੁਗ਼ਲ ਹਾਕਮਾਂ ਦੇ ਰਾਜ ਦੌਰਾਨ ਜ਼ੁਲਮਾਂ ਖ਼ਿਲਾਫ਼ ਲੜਨ ਵਾਲੇ ਭਾਰਤੀਆਂ ਨੂੰ ਬਹੁਤ ਬੇਰਹਿਮੀ ਨਾਲ ਮੌਤ ਦੇ ਘਾਟ ਉਤਾਰਿਆ ਗਿਆ। ਅਜਿਹਾ ਹੀ ਇੱਕ ਘੱਲੂਘਾਰਾ ਸਾਲ 1746 ਵਿੱਚ ਜ਼ਿਲ੍ਹਾ ਗੁਰਦਾਸਪੁਰ ਦੇ ਕਾਹਨੂੰਵਾਨ ਛੰਭ ਵਿੱਚ ਵਾਪਰਿਆ ਸੀ, ਜਿਸ ਵਿਚ 11 ਹਜ਼ਾਰ ਸਿੱਖਾਂ ਨੂੰ ਪਰਿਵਾਰਾਂ ਸਮੇਤ ਮੁਗ਼ਲ ਹਾਕਮਾਂ ਨੇ ਕਤਲ ਕਰ ਦਿੱਤਾ ਸੀ।

ਕਾਹਨੂੰਵਾਨ ਛੰਭ ਦੇ ਇਨ੍ਹਾਂ ਸ਼ਹੀਦਾਂ ਦੀ ਯਾਦ ਵਿਚ ਇਤਿਹਾਸਕ ਗੁਰਦੁਆਰਾ ਛੋਟਾ ਘੱਲੂਘਾਰਾ ਸਾਹਿਬ ਸੁਸ਼ੋਭਿਤ ਹੈ। ਇਸ ਗੁਰਦੁਆਰੇ ਦੇ ਨਾਲ ਨਾਲ ਸ਼ਹੀਦ ਦੀ ਯਾਦ ਵਿੱਚ ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਾਲੀ ਸਰਕਾਰ ਨੇ ਸਾਲ 2010-11 ਵਿੱਚ ਇੱਕ ਸ਼ਹੀਦੀ ਸਮਾਰਕ ਉਸਾਰਿਆ ਸੀ। ਪਿੰਡ ਗੋਨੁਪੋਰ ਦੀ ਪੰਚਾਇਤ ਤੋਂ 10 ਏਕੜ ਜ਼ਮੀਨ ਮੁੱਲ ਖ਼ਰੀਦ ਕੇ ਲਗਭਗ 18 ਕਰੋੜ ਰੁਪਏ ਦੀ ਲਾਗਤ ਨਾਲ ਇਸ ਸ਼ਹੀਦੀ ਯਾਦਗਾਰ ਦੀ ਉਸਾਰੀ ਕਾਰਵਾਈ ਗਈ। ਇਸ ਯਾਦਗਾਰ ਦੀ ਸੰਭਾਲ ਲਈ ਪੰਜਾਬ ਸਰਕਾਰ ਵੱਲੋਂ ਤਤਕਾਲੀ ਡੀਸੀ ਗੁਰਦਾਸਪੁਰ ਅਭਿਨਵ ਤ੍ਰਿਖਾ ਦੀ ਪ੍ਰਧਾਨਗੀ ਹੇਠ ਇੱਕ ਕਮੇਟੀ ਦਾ ਗਠਨ ਕੀਤਾ ਗਿਆ, ਜੋ ਸਮੇਂ ਸਮੇਂ ਇਸ ਯਾਦਗਾਰ ਦੀ ਸਾਂਭ-ਸੰਭਾਲ ਲਈ ਕੰਮ ਕਰਦੀ ਹੈ, ਪਰ ਹੌਲੀ ਹੌਲੀ ਇਸ ਕਮੇਟੀ ਦੇ ਅਵੇਸਲੇ ਹੋਣ ਮਗਰੋਂ ਤੇ ਜ਼ਿਲ੍ਹਾ ਪ੍ਰਸ਼ਾਸਨ ਦੀ ਲਾਪ੍ਰਵਾਹੀ ਕਾਰਨ ਸਮਾਰਕ ਦੀ ਦਿੱਖ ਅਤੇ ਜਾਇਦਾਦ ਨੂੰ ਭਾਰੀ ਨੁਕਸਾਨ ਪਹੁੰਚਿਆ ਹੈ। ਯਾਦਗਾਰੀ ਸਮਾਰਕ ਨੂੰ ਚਾਰ ਚੰਨ ਲਾਉਣ ਵਾਲੇ ਫੁਹਾਰੇ ਖ਼ਰਾਬ ਪਏ ਹਨ। ਇਮਾਰਤ ਵਿੱਚ ਲੱਗਾ ਕੀਮਤੀ ਪੱਥਰ ਥਾਂ-ਥਾਂ ਤੋਂ ਡਿੱਗ ਰਿਹਾ ਹੈ। ਇਮਾਰਤ ਦੇ ਦਰਵਾਜ਼ੇ ਵੀ ਉੱਖੜ ਰਹੇ ਹਨ। ਦਰਵਾਜ਼ਿਆਂ ਦਾ ਰੰਗ ਰੋਗਨ ਵੀ ਨਿਕਲ ਚੁੱਕਾ ਹੈ। ਯਾਦਗਾਰ ਵਿੱਚ ਬਣੀ ਇਮਾਰਤ ਦਾ ਰੰਗ ਵੀ ਫਿੱਕਾ ਪੈ ਚੁੱਕਾ ਹੈ। ਮੁੱਖ ਗੇਟ ਲੋਹੇ ਦਾ ਹੋਣ ਕਾਰਨ ਜੰਗ ਫੜ ਚੁੱਕਾ ਹੈ। ਇਮਾਰਤ ਦੇ ਪੱਥਰ ਨੂੰ ਸਾਫ਼ ਕਰਨ ਲਈ ਸਿਲੀਕੌਨ ਟਰੀਟਮੈਂਟ ਤਕਨੀਕ ’ਤੇ 18 ਤੋਂ 20 ਲੱਖ ਰੁਪਏ ਖ਼ਰਚੇ ਗਏ ਹਨ, ਪਰ ਇਹ ਤਕਨੀਕ ਬੇਕਾਰ ਸਾਬਤ ਹੋਈ। ਯਾਦਗਾਰ ਵਿਚ ਡੇਢ ਦਰਜਨ ਦੇ ਕਰੀਬ ਕਰਮਚਾਰੀ ਕੰਮ ਕਰਦੇ ਹਨ। ਯਾਦਗਾਰ ਨੂੰ ਮਿਲਣ ਵਾਲੀ ਰਕਮ ਉਨ੍ਹਾਂ ਦੀਆਂ ਤਨਖ਼ਾਹਾਂ ’ਤੇ ਹੀ ਖ਼ਰਚ ਹੋ ਜਾਂਦੀ ਹੈ। ਇਸ ਯਾਦਗਾਰ ਵਿੱਚ ਹਰ ਮਹੀਨੇ 6 ਹਜ਼ਾਰ ਤੋਂ ਵੱਧ ਸੈਲਾਨੀ ਆਉਂਦੇ ਹਨ। ਯਾਦਗਾਰ ਦੀ ਸਥਾਪਨਾ ਤੋਂ ਲੈ ਕੇ ਹੁਣ ਤੱਕ 3 ਲੱਖ ਦੇ ਕਰੀਬ ਸੈਲਾਨੀਆਂ ਨੇ ਇੱਥੇ ਫੇਰਾ ਪਾਇਆ ਹੈ। ਯਾਦਗਾਰ ਵਿੱਚ ਖਾਣ ਪੀਣ ਦਾ ਕੋਈ ਪ੍ਰਬੰਧ ਨਹੀਂ ਹੈ। ਇੱਕ ਛੋਟੀ ਜਿਹੀ ਕੰਟੀਨ ਵੀ ਕਰੀਬ ਦੋ ਸਾਲ ਪਹਿਲਾਂ ਬੰਦ ਹੋ ਚੁੱਕੀ ਹੈ। ਯਾਦਗਾਰ ਅੰਦਰ ਕੋਈ ਵੀ ਮੁੱਢਲੀ ਸਿਹਤ ਸਹੂਲਤ ਵੀ ਨਹੀਂ ਹੈ। ਯਾਦਗਾਰ ਦੀ ਸਾਂਭ ਸੰਭਾਲ ਲਈ ਪੰਜਾਬ ਲੋਕ ਨਿਰਮਾਣ, ਵਿਭਾਗ ਪੰਜਾਬ ਸੈਲਾਨੀ ਵਿਭਾਗ, ਬਾਗ਼ਬਾਨੀ ਵਿਭਾਗ, ਸੈਨੀਟੇਸ਼ਨ ਤੇ ਜਲ ਸਪਲਾਈ ਵਿਭਾਗ ਮੁੱਖ ਤੌਰ ’ਤੇ ਜ਼ਿੰਮੇਵਾਰ ਬਣਾਏ ਗਏ ਸਨ, ਪਰ ਯਾਦਗਾਰ ਦੀ ਹਾਲਤ ਦੇਖ ਕੇ ਲੱਗਦਾ ਹੈ ਕਿ ਉਸ ਵੇਲੇ ਦੀ ਤਤਕਾਲੀ ਸਰਕਾਰ ਨੇ ਇਸ ਯਾਦਗਾਰ ਦੀ ਸੰਭਾਲ ਦੇ ਪ੍ਰਬੰਧਾਂ ਲਈ ਵਿੱਤੀ ਪ੍ਰਬੰਧ ਨਹੀਂ ਕੀਤੇ ਸਨ।



## ਮੀਨਾਰ-ਏ-ਬੇਗਮਪੁਰਾ ਲਈ ਨਹੀਂ ਜੁੜ ਰਹੇ ਫੰਡ

ਗੜ੍ਹਸ਼ੰਕਰ : ਅਕਾਲੀ ਭਾਜਪਾ ਸਰਕਾਰ ਵੱਲੋਂ ਇੱਥੋਂ ਦੇ ਪਿੰਡ ਖੁਰਾਲਗੜ੍ਹ ਵਿੱਚ ਗੁਰੂ ਰਵਿਦਾਸ ਦੀ ਯਾਦਗਾਰ ਵਜੋਂ 110 ਕਰੋੜ ਰੁਪਏ ਨਾਲ ਉਸਾਰੇ ਜਾਣ ਵਾਲਾ ‘ਮੀਨਾਰ-ਏ-ਬੇਗਮਪੁਰਾ’ ਪ੍ਰਾਜੈਕਟ ਫੰਡਾਂ ਦੀ ਘਾਟ ਕਰਕੇ ਪ੍ਰਭਾਵਿਤ ਹੋ ਗਿਆ ਹੈ। ਇੱਥੇ ਪਿਛਲੀ ਅਕਾਲੀ-ਭਾਜਪਾ ਗਠਜੋੜ ਸਰਕਾਰ ਵੱਲੋਂ 151 ਫੁੱਟ ਉੱਚਾ ਮੀਨਾਰੇ-ਏ-ਬੇਗਮਪੁਰਾ ਬਣਾਉਣ ਦੇ ਨਾਲ-ਨਾਲ ਆਧੁਨਿਕ ਤਕਨੀਕ ਵਾਲਾ ਆਡੀਟੋਰੀਅਮ, ਵੱਖਰੀ ਪਾਰਕਿੰਗ ਅਤੇ ਸ਼ਰਧਾਲੂਆਂ ਦੀ ਸਹੂਲਤ ਲਈ ਵੱਖਰੀਆਂ ਇਮਾਰਤਾਂ ਬਣਾਉਣ ਦਾ ਐਲਾਨ ਵੀ ਕੀਤਾ ਗਿਆ ਸੀ ਪਰ ਅਜੇ ਤੱਕ ਇਸ ਪ੍ਰਾਜੈਕਟ ਦਾ ਕੋਈ ਵੀ ਕੰਮ ਨੇਪਰੇ ਨਹੀਂ ਚੜ੍ਹਿਆ। 3 ਅਪ੍ਰੈਲ 2016 ਨੂੰ ਪਿੰਡ ਖੁਰਾਲਗੜ੍ਹ ਵਿਚ ਰਾਜ ਪੱਧਰੀ ਸਮਾਗਮ ਮੌਕੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਪ੍ਰਾਜੈਕਟ ’ਤੇ 110 ਕਰੋੜ ਰੁਪਏ ਖਰਚਣ ਦਾ ਐਲਾਨ ਕੀਤਾ ਸੀ ਤੇ ਇਸ ਨੂੰ ਦੋ ਸਾਲਾਂ ਵਿੱਚ ਪੂਰਾ ਕਰਨ ਦਾ ਦਾਅਵਾ ਕੀਤਾ ਸੀ।



ਇਸ ਪਿੱਛੋਂ 19 ਜੂਨ 2016 ਨੂੰ ਪੰਜਾਬ ਦੇ ਸੈਰ ਸਪਾਟਾ, ਜੇਲ੍ਹਾਂ ਅਤੇ ਸਭਿਆਚਾਰਕ ਮਾਮਲਿਆਂ ਬਾਰੇ ਤਤਕਾਲੀ ਮੰਤਰੀ ਸੋਹਣ ਸਿੰਘ ਠੰਡਲ ਨੇ ਇਸ ਪ੍ਰਾਜੈਕਟ ਦਾ ਉਦਘਾਟਨ ਕੀਤਾ ਸੀ ਪਰ ਸਾਲ ਮਗਰੋਂ ਵੀ ਇਸ ਪ੍ਰਾਜੈਕਟ ਦਾ ਕੋਈ ਵੀ ਨਿਰਮਾਣ ਕਾਰਜ ਪੂਰਾ ਨਹੀਂ ਹੋਇਆ। ਮੌਜੂਦਾ ਸਮੇਂ ਇੱਥੇ ਪਾਰਕਿੰਗ ਦੀ ਉਸਾਰੀ ਦਾ ਕੰਮ ਹੋ ਰਿਹਾ ਹੈ, ਕੁਝ ਕੰਮ ਸੰਗਤ ਹਾਲ ਅਤੇ ਮੀਨਾਰ-ਏ-ਬੇਗਮਪੁਰਾ ਦੀ ਉਸਾਰੀ ਸਬੰਧੀ ਹੋਇਆ ਹੈ ਪਰ ਇਸ ਕੰਮ ਦੀ ਚਾਲ ਬੇਹੱਦ ਮੱਠੀ ਹੈ। ਗੁਰੂ ਰਵਿਦਾਸ ਧਰਮ ਅਸਥਾਨ ਕਮੇਟੀ ਖੁਰਾਲਗੜ੍ਹ ਦੇ ਖਜ਼ਾਨਚੀ ਰਣਜੀਤ ਸੂਦ ਨੇ ਕਿਹਾ ਕਿ ਮੀਨਾਰ-ਏ-ਬੇਗਮਪੁਰਾ ਦੀ ਉਸਾਰੀ ਦਾ ਕੰਮ ਪਹਿਲਾਂ ਬਹੁਤ ਜ਼ੋਰ ਸ਼ੋਰ ਨਾਲ ਆਰੰਭ ਹੋਇਆ ਸੀ ਅਤੇ ਚੋਣਾਂ ਮਗਰੋਂ ਇਹ ਕੰਮ ਬੇਹੱਦ ਹੌਲੀ ਹੋ ਗਿਆ। ਉਨ੍ਹਾਂ ਕਿਹਾ ਕਿ ਕਾਂਗਰਸ ਸਰਕਾਰ ਨੂੰ ਇਸ ਕੰਮ ਲਈ ਰੁਕੇ ਫੰਡ ਜਾਰੀ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਇਸ ਯਾਦਗਾਰ ਦੀ ਉਸਾਰੀ ਕਰ ਰਹੀ ਏਐੱਸਸੀ ਬਿਲਡਰ ਕੰਪਨੀ ਦੇ ਠੇਕੇਦਾਰਾਂ ਵੱਲੋਂ ਕੀਤੇ ਹੋਏ ਕੰਮ ਦੀ ਸਰਕਾਰ ਵੱਲੋਂ ਕੋਈ ਅਦਾਇਗੀ ਨਾ ਹੋਣ ਦਾ ਦੋਸ਼ ਲਾਇਆ ਜਾ ਰਿਹਾ ਹੈ ਜਿਸ ਕਰਕੇ ਇਹ ਕੰਮ ਨਿਰਵਿਘਨ ਚੱਲਦਾ ਰਹਿਣਾ ਮੁਸ਼ਕਲ ਹੋ ਗਿਆ ਹੈ। ਲੋਕ ਨਿਰਮਾਣ ਵਿਭਾਗ ਦੇ ਐਕਸੀਅਨ ਕਮਲ ਨੈਣ ਨੇ ਕਿਹਾ ਕਿ ਉਸਾਰੀ ਸਬੰਧੀ ਤੀਹ ਫ਼ੀਸਦੀ ਕੰਮ ਹੋਇਆ ਹੈ। ਫੰਡਾਂ ਦੀ ਘਾਟ ਕਾਰਨ ਕੰਮ ਰੁਕ ਰਿਹਾ ਹੈ ਅਤੇ ਬਿੱਲ ਵੀ ਪੈਂਡਿੰਗ ਪਏ ਹਨ।

# ਦੇਸ਼ ਲਈ ਕੁਰਬਾਨ ਹੋਣ ਵਾਲਿਆਂ ਦੀ ਗਾਥਾ ਬਿਆਨਦੀ ਜੰਗ-ਏ-ਆਜ਼ਾਦੀ ਯਾਦਗਾਰ ਹਾਲੇ ਵੀ ਅਧੂਰੀ

**ਜਲੰਧਰ :** ਇਥੇ ਕਰਤਾਰਪੁਰ ਵਿੱਚ ਕੌਮੀ ਮਾਰਗ 'ਤੇ 200 ਕਰੋੜ ਰੁਪਏ ਨਾਲ ਉਸਾਰੀ ਜਾ ਰਹੀ ਜੰਗ-ਏ-ਆਜ਼ਾਦੀ ਯਾਦਗਾਰ ਉਦਘਾਟਨ ਤੋਂ ਕਰੀਬ 7 ਮਹੀਨਿਆਂ ਬਾਅਦ ਵੀ ਅਧੂਰੀ ਹੈ। ਆਮ ਲੋਕਾਂ ਲਈ ਇਹ ਯਾਦਗਾਰ ਦਾ ਇਕ ਹਿੱਸਾ ਹੀ ਦੇਖਣ ਲਈ ਖੋਲ੍ਹਿਆ ਗਿਆ ਹੈ। ਦੂਜਾ ਹਿੱਸਾ ਉਸਾਰੀ ਅਧੀਨ ਹੈ।



ਇਸ ਯਾਦਗਾਰ ਨੂੰ ਦੇਸ਼ ਦੀ ਪਹਿਲੀ ਅਜਿਹੀ ਯਾਦਗਾਰ ਦੱਸਿਆ ਜਾ ਰਿਹਾ ਹੈ, ਜਿੱਥੇ ਦੇਸ਼ ਲਈ ਕੁਰਬਾਨ ਹੋਣ ਵਾਲਿਆਂ ਦੀ ਗਾਥਾ ਨੂੰ ਪੇਸ਼ ਕੀਤਾ ਗਿਆ। 6 ਨਵੰਬਰ 2016 ਨੂੰ ਜੰਗ-ਏ-ਆਜ਼ਾਦੀ ਯਾਦਗਾਰ ਉਸ ਵੇਲੇ ਦੇਸ਼ ਨੂੰ ਅਧੂਰੀ ਹੀ ਸਮਰਪਿਤ ਕਰ ਦਿੱਤੀ ਗਈ ਸੀ ਜਦੋਂ ਪੰਜਾਬ ਚੋਣਾਂ ਦੀਆਂ ਬਰੂਹਾਂ 'ਤੇ ਸਨ। ਇਸ ਦੇ ਉਦਘਾਟਨ ਸਮੇਂ ਵੀ ਹੰਗਾਮਾ ਹੋ ਗਿਆ ਸੀ ਕਿਉਂਕਿ ਆਜ਼ਾਦੀ ਘੁਲਾਟੀਆਂ ਦੇ ਪਰਿਵਾਰਾਂ ਤੇ ਰਿਸ਼ਤੇਦਾਰਾਂ ਨੇ ਇਸ ਗੱਲ 'ਤੇ ਇਤਰਾਜ਼ ਕੀਤਾ ਸੀ ਕਿ ਉਨ੍ਹਾਂ ਨੂੰ ਸਮਾਗਮ ਵਿੱਚ ਸਿਰਫ ਸ਼ੋਅਪੀਸ ਵਜੋਂ ਹੀ ਵਰਤਿਆ ਗਿਆ ਹੈ ਤੇ ਉਸ ਵੇਲੇ ਦੀ ਸੱਤਾਧਾਰੀ ਧਿਰ ਨੇ ਇਸ ਨੂੰ ਰਾਜਸੀ ਰੰਗ ਵਿੱਚ ਰੰਗ ਦਿੱਤਾ ਸੀ। ਇਸ ਦੇ ਉਦਘਾਟਨ ਸਮੇਂ ਐਲਾਨ ਕੀਤਾ ਗਿਆ ਸੀ ਕਿ ਦੋ ਮਹੀਨਿਆਂ ਵਿੱਚ ਇਸ ਯਾਦਗਾਰ ਨੂੰ ਲੋਕਾਂ ਵਾਸਤੇ ਖੋਲ੍ਹ ਦਿੱਤਾ ਜਾਵੇਗਾ ਪਰ ਸੱਤ ਮਹੀਨੇ ਬਾਅਦ ਵੀ ਇਸ ਨੂੰ ਅਮਲ ਵਿੱਚ ਨਹੀਂ ਲਿਆਂਦਾ ਗਿਆ।

ਜੰਗ-ਏ-ਆਜ਼ਾਦੀ ਦੀ ਯਾਦਗਾਰ ਬਣਾਉਣ ਲਈ ਬੁੱਧੀਜੀਵੀ, ਇਤਿਹਾਸਕਾਰ ਅਤੇ ਵਿੱਦਿਅਕ ਮਾਹਰਾਂ ਦੀ ਕਮੇਟੀ ਬਣਾਈ ਗਈ ਸੀ, ਜਿਸ ਨੇ ਇਸ ਇਮਾਰਤ ਵਿੱਚ ਦਿਖਾਏ ਜਾਣ ਵਾਲੇ ਇਤਿਹਾਸ ਬਾਰੇ ਬਾਰੀਕੀ ਨਾਲ ਅਧਿਐਨ ਕੀਤਾ ਸੀ। ਇਸ ਕਮੇਟੀ ਵਿੱਚ ਪ੍ਰੋਫੈਸਰ ਕ੍ਰਿਪਾਲ ਸਿੰਘ, ਡੀਐੱਸ ਗਰੇਵਾਲ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੇ ਸਾਬਕਾ ਵਾਈਸ ਚਾਂਸਲਰ ਜਸਪਾਲ ਸਿੰਘ, ਪ੍ਰਿਥੀਪਾਲ ਸਿੰਘ ਕਪੂਰ, ਡਾ. ਹਰੀਸ਼ ਸ਼ਰਮਾ, ਡਾ. ਕੇਐੱਲ ਟੁਟੇਜਾ ਤੇ ਡਾ. ਬਰਜਿੰਦਰ ਸਿੰਘ ਹਮਦਰਦ ਨੇ ਦੇਸ਼ ਦੀਆਂ ਕਈ ਇਤਿਹਾਸਕ ਥਾਵਾਂ ਦਾ ਦੌਰਾ ਵੀ ਕੀਤਾ ਸੀ। ਇਸ ਟੀਮ ਨੇ ਅੰਡੇਮਾਨ ਨਿਕੋਬਾਰ ਦੇ ਇਲਾਕੇ ਪੋਰਟ ਬਲੇਅਰ ਵਿਚ ਬਣੀ ਸੈਲੂਲਰ ਜੇਲ੍ਹ, ਸਾਬਰਮਤੀ ਆਸ਼ਰਮ ਅਹਿਮਦਾਬਾਦ, ਅਕਸ਼ਰਧਾਮ ਮੰਦਰ ਗਾਂਧੀ ਨਗਰ (ਗੁਜਰਾਤ), ਤੀਨ ਮੂਰਤੀ ਭਵਨ ਅਤੇ ਸੰਸਦ ਭਵਨ ਵਿੱਚ ਦੇਸ਼ ਦੀ ਆਜ਼ਾਦੀ ਬਾਰੇ ਬਣੇ ਮਿਊਜ਼ੀਅਮ ਦਾ ਵੀ ਦੌਰਾ ਕੀਤਾ ਸੀ ਅਤੇ ਉਥੋਂ ਦੇ ਇਤਿਹਾਸ ਤੇ ਤਕਨੀਕ ਦਾ ਅਧਿਐਨ ਕੀਤਾ ਸੀ ਤਾਂ ਜੋ ਇਨ੍ਹਾਂ ਸਾਰੀਆਂ ਇਤਿਹਾਸਕ ਘਟਨਾਵਾਂ ਦੇ ਸੁਮੇਲ ਨੂੰ ਜੰਗ-ਏ-ਆਜ਼ਾਦੀ ਯਾਦਗਾਰ ਵਿਚ ਸਥਾਪਤ ਕੀਤਾ ਜਾ ਸਕੇ। ਇਸ ਯਾਦਗਾਰ ਵਿੱਚ ਪੰਜਾਬ ਦਾ ਆਜ਼ਾਦੀ ਵਿੱਚ ਕੀ ਯੋਗਦਾਨ ਰਿਹਾ ਹੈ, ਨੂੰ ਵੀ ਬੜੇ ਵਿਸਥਾਰ ਨਾਲ ਦੱਸਿਆ ਗਿਆ ਹੈ।

ਯਾਦਗਾਰ ਵਿਚ ਸਥਾਪਤ ਕੀਤੀਆਂ ਗਈਆਂ ਗੈਲਰੀਆਂ ਵਿੱਚ 1849 ਦੌਰਾਨ ਮੁਲਤਾਨ ਵਿਚ ਮਹਾਰਾਜਾ ਰਣਜੀਤ ਸਿੰਘ ਵੱਲੋਂ ਲੜੀ ਗਈ ਪਹਿਲੀ ਸਿੱਖ ਲੜਾਈ ਤੋਂ ਲੈ ਕੇ ਆਜ਼ਾਦੀ ਤੱਕ ਦਾ ਸਾਰਾ ਇਤਿਹਾਸ ਲੜੀਵਾਰ ਪੇਸ਼ ਕੀਤਾ ਗਿਆ ਹੈ। ਨਾਮਵਰ ਫਿਲਮਸਾਜ਼ ਸ਼ਿਆਮ ਬੈਨੇਗਲ ਵੱਲੋਂ ਬਣਾਈ ਗਈ 90 ਮਿੰਟ ਦੀ ਫਿਲਮ ਵੀ ਯਾਦਗਾਰ ਵਿੱਚ ਬਣਾਏ ਗਏ ਥੀਏਟਰ ਵਿੱਚ ਦਿਖਾਈ ਜਾਂਦੀ ਹੈ। ਇਸ ਥੀਏਟਰ ਵਿੱਚ 150 ਦੇ ਕਰੀਬ ਦਰਸ਼ਕ ਇਕੋ ਸਮੇਂ ਫਿਲਮ ਦੇਖ ਸਕਦੇ ਹਨ। ਸ਼ਾਮ ਨੂੰ 45 ਮਿੰਟ ਦਾ ਲੇਜ਼ਰ ਸ਼ੋਅ-ਕਮ-ਵਾਟਰ ਫਾਲ ਵੀ ਦਿਖਾਇਆ ਜਾਂਦਾ ਹੈ, ਜਿਸ ਵਿੱਚ ਪੰਜਾਬੀਆਂ ਵੱਲੋਂ ਦੇਸ਼ ਦੀ ਆਜ਼ਾਦੀ ਵਿੱਚ ਪਾਏ ਗਏ ਯੋਗਦਾਨ ਨੂੰ ਪੇਸ਼ ਕੀਤਾ ਜਾਂਦਾ ਹੈ। ਖੁੱਲ੍ਹੇ ਕੰਪਲੈਕਸ ਵਿੱਚ 300 ਲੋਕਾਂ ਦੇ ਬੈਠਣ ਦੀ ਸਮਰੱਥਾ ਵਾਲਾ ਆਡੀਟੋਰੀਅਮ ਬਣਾਇਆ ਗਿਆ ਹੈ। ਪੰਜਾਬ ਦੀ ਮੌਜੂਦਾ ਕੈਪਟਨ ਸਰਕਾਰ ਆਰਥਿਕ ਤੰਗੀਆਂ ਨਾਲ ਤਾਂ ਜੂਝ ਰਹੀ ਹੈ ਪਰ ਇਸ ਯਾਦਗਾਰ ਲਈ ਕੋਈ ਕੰਜੂਸੀ ਨਹੀਂ ਵਰਤੀ ਜਾ ਰਹੀ। ਸਥਾਨਕ ਸਰਕਾਰਾਂ ਬਾਰੇ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਆਪਣੀ ਪਹਿਲੀ ਫੇਰੀ ਦੌਰਾਨ ਹੀ 10 ਕਰੋੜ ਦਾ ਚੈੱਕ ਪ੍ਰਬੰਧਕਾਂ ਹਵਾਲੇ ਕਰਕੇ ਇਸ ਦੇ ਕੰਮ ਨੂੰ ਨੇਪਰੇ ਚਾੜ੍ਹਨ ਦੀ ਤਾਕੀਦ ਕੀਤੀ ਸੀ।

# ਛੇ ਵਰ੍ਹਿਆਂ ਬਾਅਦ ਵੀ ਚੱਪੜਚਿੜੀ ਜੰਗੀ ਯਾਦਗਾਰ ਦੇ 328 ਫੁੱਟ ਉਚੇ ਫਤਹਿ ਮੀਨਾਰ ਨੂੰ ਨਾ ਮਿਲੀ ਲਿਫ਼ਟ

**ਐਸਏਐਸ ਨਗਰ (ਮੁਹਾਲੀ) :** ਇੱਥੋਂ ਦੇ ਨੇੜਲੇ ਇਤਿਹਾਸਕ ਪਿੰਡ ਚੱਪੜਚਿੜੀ (ਸੈਕਟਰ-91) ਵਿੱਚ ਉਸਾਰੀ ਗਈ ਬਾਬਾ ਬੰਦਾ ਸਿੰਘ ਬਹਾਦਰ ਜੰਗੀ ਯਾਦਗਾਰ ਦੇ ਉਦਘਾਟਨ ਨੂੰ ਛੇ ਸਾਲ ਬੀਤਣ ਦੇ ਬਾਵਜੂਦ ਅਜੇ ਤਾਈਂ 328 ਫੁੱਟ ਉੱਚੇ ਫਤਹਿ ਮੀਨਾਰ ਨੂੰ ਲਿਫ਼ਟਾਂ ਨਹੀਂ ਜੁੜੀਆਂ ਹਨ, ਜਿਸ ਕਾਰਨ ਯਾਦਗਾਰ 'ਤੇ ਨਤਮਸਤਕ ਹੋਣ ਆਉਂਦੇ ਜ਼ਿਆਦਾਤਰ ਸ਼ਰਧਾਲੂ ਮੀਨਾਰ ਦੇ ਹੇਠਾਂ ਤੋਂ ਹੀ ਪਰਤ ਜਾਂਦੇ ਹਨ। ਇਹੀ ਨਹੀਂ ਫਤਹਿ ਮੀਨਾਰ 'ਤੇ ਲੱਗੀਆਂ 75 ਫੀਸਦੀ ਰੰਗ ਬਰੰਗੀਆਂ ਲਾਈਟਾਂ ਵੀ ਬੰਦ ਹਨ। ਗਮਾਡਾ ਵੱਲੋਂ ਅਕਾਲੀ ਸਰਕਾਰ ਵੇਲੇ ਖਰੀਦੀਆਂ ਗਈਆਂ ਲਿਫ਼ਟਾਂ ਤਕਨੀਕੀ ਖਰਾਬੀ ਕਾਰਨ ਨਹੀਂ ਲੱਗ ਸਕੀਆਂ ਹਨ।

ਮੁਹਾਲੀ ਤੋਂ ਮੀਨਾਰ ਤੱਕ ਪਹੁੰਚਣ ਵਾਲੀ ਸੜਕ ਦੀ ਹਾਲਤ ਵੀ ਕਾਫੀ ਖਸਤਾ ਹੈ। ਇੱਧਰੋਂ ਲੰਘਦੇ ਵਾਹਨਾਂ ਦੀ ਧੂੜ ਮਿੱਟੀ ਉੱਡ ਕੇ ਸ਼ਹੀਦਾਂ ਦੇ ਬੁੱਤਾਂ 'ਤੇ ਪੈ ਰਹੀ ਹੈ। ਇੱਥੇ ਪਾਰਕਿੰਗ ਦਾ ਵੀ ਉਚਿਤ ਪ੍ਰਬੰਧ ਨਹੀਂ ਹੈ। ਯਾਦਗਾਰ ਦੇ ਦਰਸ਼ਨਾਂ ਲਈ ਆਉਂਦੇ ਸ਼ਰਧਾਲੂ ਸੜਕ ਕਿਨਾਰੇ ਜਾਂ ਨਾਲ ਲਗਦੀ ਖਾਲੀ ਜ਼ਮੀਨ 'ਚ ਵਾਹਨ ਖੜ੍ਹੇ ਕਰਦੇ ਹਨ। ਹੁਣ ਤੱਕ ਇੱਥੇ ਕਈ ਸ਼ਰਧਾਲੂਆਂ ਦੇ ਵਾਹਨਾਂ 'ਚੋਂ ਕੀਮਤੀ ਸਾਮਾਨ ਵੀ ਚੋਰੀ ਹੋ ਚੁੱਕਾ ਹੈ।

ਸੂਬੇ ਦੇ ਤਤਕਾਲੀ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਅਤੇ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਸਮੇਤ ਹੋਰ ਸਿੰਘ ਸਾਹਿਬਾਨ ਨੇ 30 ਨਵੰਬਰ 2011 ਨੂੰ ਯਾਦਗਾਰ ਸਮੁੱਚੀ ਮਨੁੱਖਤਾ ਨੂੰ ਸਮਰਪਿਤ ਕੀਤੀ ਸੀ।

ਪੰਥਕ ਵਿਚਾਰ ਮੰਚ ਚੰਡੀਗੜ੍ਹ ਦੇ ਪ੍ਰਧਾਨ ਬਲਜੀਤ ਸਿੰਘ ਖਾਲਸਾ ਤੇ ਚੱਪੜਚਿੜੀ ਖੁਰਦ ਦੇ ਸਾਬਕਾ ਸਰਪੰਚ ਜ਼ੋਰਾ ਸਿੰਘ ਭੁੱਲਰ ਨੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਪੱਤਰ ਲਿਖ ਕੇ ਗਿਲਾ ਕੀਤਾ ਹੈ ਕਿ ਜੰਗੀ ਯਾਦਗਾਰ ਦੇ ਉਦਘਾਟਨ ਤੋਂ ਬਾਅਦ ਛੇ ਸਾਲਾਂ ਤੱਕ ਫਤਹਿ ਮੀਨਾਰ ਨੂੰ ਲਿਫ਼ਟ ਵੀ ਨਹੀਂ ਲਗਾਈ ਜਾ ਸਕੀ ਹੈ। ਦੋ ਸਾਲ ਪਹਿਲਾਂ ਲਿਫ਼ਟਾਂ ਖਰੀਦੀਆਂ ਗਈਆਂ ਸਨ ਪਰ ਇਨ੍ਹਾਂ ਨੂੰ ਅਜੇ ਤੱਕ ਫਿੱਟ ਨਹੀਂ ਕੀਤਾ ਜਾ ਸਕਿਆ ਹੈ, ਜਿਸ ਕਾਰਨ ਬਹੁਤੇ ਸ਼ਰਧਾਲੂ ਹੇਠਾਂ ਤੋਂ ਪਰਤ ਜਾਂਦੇ ਹਨ। ਉਨ੍ਹਾਂ ਕਿਹਾ ਕਿ ਯਾਦਗਾਰ ਵਿੱਚ ਲੱਗੀਆਂ 75 ਫੀਸਦੀ ਰੰਗ ਬਰੰਗੀਆਂ ਲਾਈਟਾਂ ਵੀ ਬੰਦ ਰਹਿੰਦੀਆਂ ਹਨ। ਪਖਾਨਿਆਂ ਦੀ ਥਾਂ ਕਾਫੀ ਤੰਗ ਹੋਣ ਕਾਰਨ ਸ਼ਰਧਾਲੂਆਂ ਨੂੰ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਯਾਦਗਾਰ ਕੰਪਲੈਕਸ ਵਿੱਚ ਇਨਡੋਰ ਥੀਏਟਰ ਬੰਦ ਹੈ ਅਤੇ ਓਪਨ ਥੀਏਟਰ ਵਿਚ ਵੀ ਘੱਟ ਹੀ ਪ੍ਰੋਗਰਾਮ ਹੁੰਦੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਂਬਰ ਪਰਮਜੀਤ ਕੌਰ ਲਾਂਡਰਾਂ ਨੇ ਕਿਹਾ ਕਿ ਸਿੰਘ ਸ਼ਹੀਦ ਸਭ ਦੇ ਸਾਂਝੇ ਹਨ। ਪੰਜਾਬ ਸਰਕਾਰ ਨੂੰ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਜੰਗੀ ਯਾਦਗਾਰਾਂ ਦੀ ਸੰਭਾਲ ਕਰਨੀ ਚਾਹੀਦੀ ਹੈ ਅਤੇ ਇਤਿਹਾਸਕ ਯਾਦਗਾਰ ਵਿੱਚ ਲਿਫ਼ਟ ਤੇ ਰੰਗ ਬਿਰੰਗੀਆਂ ਲਾਈਟਾਂ ਲਗਾਉਣ ਸਮੇਤ ਹੋਰ ਜਿਹੜੀਆਂ ਘਾਟਾ ਜਾਂ ਕਮੀਆਂ ਰਹਿ ਗਈਆਂ ਹਨ, ਨੂੰ ਤੁਰੰਤ ਪੂਰਾ ਕੀਤਾ ਚਾਹੀਦਾ ਹੈ।



ਗਮਾਡਾ ਦੇ ਮੁੱਖ ਇੰਜਨੀਅਰ ਐਸਕੇ ਕਾਂਸਲ ਨੇ ਕਿਹਾ ਕਿ ਜੰਗੀ ਯਾਦਗਾਰ ਕੰਪਲੈਕਸ ਵਿੱਚ ਫਤਹਿ ਮੀਨਾਰ ਲਈ ਖਰੀਦੀਆਂ ਗਈਆਂ ਤਕਨੀਕੀ ਨੁਕਸ ਵਾਲੀਆਂ ਲਿਫ਼ਟਾਂ ਦੀ ਜਾਂਚ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਜਾਂਚ ਵਿੱਚ ਕਸੂਰਵਾਰ ਪਾਏ ਜਾਣ ਵਾਲੇ ਅਮਲੇ ਅਤੇ ਹੋਰ ਸਬੰਧਤ ਜ਼ਿੰਮੇਵਾਰ ਅਧਿਕਾਰੀਆਂ ਤੇ ਕਰਮਚਾਰੀਆਂ ਵਿਰੁੱਧ ਬਣਦੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਭਰੋਸਾ ਦਿੱਤਾ ਕਿ ਜਲਦੀ ਹੀ ਫਤਹਿ ਬੁਰਜ ਵਿੱਚ ਲਿਫ਼ਟ ਲਗਾਈ ਜਾਵੇਗੀ ਤੇ ਬਾਕੀ ਪ੍ਰਬੰਧਕੀ ਘਾਟਾਂ ਵੀ ਛੇਤੀ ਪੂਰੀਆਂ ਕੀਤੀਆਂ ਜਾਣਗੀਆਂ।

# ਕਪਿਲ ਮਿਸ਼ਰਾ ਦੇ ਦਾਅਵਿਆਂ ਦੀ ਨਿਕਲੀ ਹਵਾ

### *ਪਾਰਟੀ ਨੂੰ ਚੈੱਕ ਦੇਣ ਵਾਲਾ ਵਿਅਕਤੀ ਆਇਆ ਸਾਹਮਣੇ*

**ਨਵੀਂ ਦਿੱਲੀ/ਬਿਊਰੋ ਨਿਊਜ਼ :** ਜਿਨ੍ਹਾਂ ਕਰੋੜਾਂ ਰੁਪਏ ਦੇ ਚੈੱਕਾਂ ਕਾਰਨ ਵਿਰੋਧੀ ਧਿਰਾਂ ਅਤੇ ਸਾਬਕਾ 'ਆਪ' ਵਿਧਾਇਕ ਕਪਿਲ ਮਿਸ਼ਰਾ ਆਮ ਆਦਮੀ ਪਾਰਟੀ ਦੇ ਕੌਮੀ ਕਨਵੀਨਰ ਤੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਨੂੰ ਭ੍ਰਿਸ਼ਟ ਗਰਦਾਨਣ ਦੀ ਕੋਸ਼ਿਸ਼ ਕਰ ਰਹੇ ਹਨ, ਪਾਰਟੀ ਨੂੰ ਉਹ ਚੈੱਕ ਦੇਣ ਵਾਲਾ ਵਿਅਕਤੀ ਸਾਹਮਣੇ ਆ ਗਿਆ ਹੈ। ਉੱਤਰੀ ਪੂਰਬੀ ਦਿੱਲੀ ਦੇ ਗੰਗਾ ਵਿਹਾਰ ਦਾ ਵਸਨੀਕ ਇਹ ਵਿਅਕਤੀ ਕਾਰੋਬਾਰੀ ਮੁਕੇਸ਼ ਸ਼ਰਮਾ ਹੈ ਜਿਸ ਨੇ ਸ੍ਰੀ ਕੇਜਰੀਵਾਲ ਦੀ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਤੋਂ ਪ੍ਰਭਾਵਿਤ ਹੋ ਕੇ ਇਹ ਚੈੱਕ ਦਿੱਤੇ ਸਨ ਪਰ ਉਹ ਖ਼ੁਦ ਸ੍ਰੀ ਕੇਜਰੀਵਾਲ ਨੂੰ ਕਦੇ ਨਹੀਂ ਮਿਲਿਆ। ਇੱਕ ਮੀਡੀਆ ਇੰਟਰਵਿਊ ਦੌਰਾਨ ਮੁਕੇਸ਼ ਨੇ ਸਾਫ਼ ਕੀਤਾ ਕਿ ਸਿਆਸੀ ਝਮੇਲੇ ਵਿੱਚ ਫਸਣ ਤੋਂ ਬਚਣ ਲਈ ਉਹ ਦੋ ਸਾਲਾਂ ਤੋਂ ਚੁੱਪ ਹੈ। ਇਸ ਤੋਂ ਪਹਿਲਾਂ ਸਾਲ 2014 ਵਿੱਚ ਵੀ ਪਰਵਾਸੀ ਪੰਜਾਬੀ ਪਰਿਵਾਰ ਵੱਲੋਂ ਦਿੱਤੇ ਚੈੱਕਾਂ ਨੂੰ ਲੈ ਕੇ ਉਸ ਸਮੇਂ ਵਿਰੋਧੀਆਂ ਨੂੰ ਮੂੰਹ ਦੀ ਖਾਣੀ ਪਈ ਸੀ ਜਦੋਂ ਉਸ ਪਰਿਵਾਰ ਨੇ ਸਥਿਤੀ ਸਾਫ਼ ਕਰ ਦਿੱਤੀ ਸੀ।

ਮੁਕੇਸ਼ ਸ਼ਰਮਾ ਨੇ ਕਿਹਾ ਕਿ ਉਸ ਦੀਆਂ ਚਾਰ ਕੰਪਨੀਆਂ ਜਾਅਲੀ ਨਹੀਂ ਹਨ ਤੇ ਇਹ ਚੰਦਾ ਡਰਾਫ਼ਟ ਦੇ ਰੂਪ ਵਿੱਚ ਅਪ੍ਰੈਲ 2014 ਵਿੱਚ ਦਿੱਤਾ ਗਿਆ ਸੀ। ਮੁਕੇਸ਼ ਮੁਤਾਬਕ ਉਸ ਨੇ ਕਿਸੇ ਰੱਫੜ ਵਿੱਚ ਪੈਣ ਤੋਂ ਬਚਣ ਲਈ ਆਖਿਆ ਹੋਇਆ ਸੀ ਕਿ ਕੋਈ ਪੁੱਛੇ ਤਾਂ ਦੱਸਣਾ ਕਿ ਇੱਥੇ ਕੋਈ ਅਜਿਹੀ ਕੰਪਨੀ ਨਹੀਂ ਹੈ। ਉਸ ਦੀਆਂ ਚਾਰਾਂ ਕੰਪਨੀਆਂ ਵਿੱਚੋਂ ਤਿੰਨ ਕਰਾਵਲ ਨਗਰ ਅਤੇ ਇੱਕ ਅਲੀਪੁਰ ਨਰੇਲਾ ਵਿੱਚ ਰਜਿਸਟਰਡ ਹੈ। ਇਹ ਕੰਪਨੀਆਂ ਜ਼ਮੀਨ ਦੀ ਖ਼ਰੀਦੋ-ਫਰੋਖ਼ਤ ਅਤੇ ਕਰਜ਼ੇ ਲੈਣ-ਦੇਣ ਨਾਲ ਜੁੜੀਆਂ ਹੋਈਆਂ ਹਨ। ਕੰਪਨੀਆਂ ਤੋਂ ਚੰਦਾ ਲੈਣ ਲਈ ਆਮ ਆਦਮੀ ਪਾਰਟੀ ਦੇ ਸਕੱਤਰ ਪੰਕਜ ਗੁਪਤਾ ਤੇ ਖ਼ਜ਼ਾਨਚੀ ਸੰਜੂ ਕਾਰੋਬਾਰੀ ਨੂੰ ਮਿਲਣ ਆਏ ਸਨ ਤੇ ਉਹ ਖ਼ੁਦ ਕਦੇ ਅਰਵਿੰਦ ਕੇਜਰੀਵਾਲ ਨੂੰ ਨਹੀਂ ਮਿਲਿਆ।

# ਪੰਜਾਬ 'ਚ 'ਆਪ' ਦੀ ਮਜ਼ਬੂਤੀ ਲਈ ਛੋਟੇਪੁਰ ਸਮੇਤ ਸਾਰੇ ਵਲੰਟੀਅਰਾਂ ਨੂੰ ਵਾਪਸੀ ਦੀ ਅਪੀਲ

### *ਛੋਟੇਪੁਰ ਦਾ ਜਾਣਾ ਹਾਰ ਦੇ ਕਾਰਨਾਂ ਵਿਚੋਂ ਵੱਡਾ ਕਾਰਨ ਸੀ : ਅਮਨ ਅਰੋੜਾ*

**ਜਲੰਧਰ/ਬਿਊਰੋ ਨਿਊਜ਼ :**
ਪੰਜਾਬ ਵਿੱਚ 'ਆਪ' ਨੂੰ ਮਜ਼ਬੂਤ ਕਰਨ ਲਈ ਮੀਟਿੰਗਾਂ ਕਰ ਰਹੇ ਪਾਰਟੀ ਦੇ ਸੂਬਾਈ ਉਪ ਪ੍ਰਧਾਨ ਅਮਨ ਅਰੋੜਾ ਨੇ ਸੁੱਚਾ ਸਿੰਘ ਛੋਟੇਪੁਰ ਸਮੇਤ ਪਾਰਟੀ ਛੱਡ ਗਏ ਸਾਰੇ ਵਾਲੰਟੀਅਰਾਂ ਅਤੇ ਆਗੂਆਂ ਨੂੰ ਵਾਪਸੀ ਦੀ ਅਪੀਲ ਕੀਤੀ ਹੈ। ਇੱਥੇ ਪਾਰਟੀ ਦਫ਼ਤਰ ਵਿੱਚ ਵਾਲੰਟੀਅਰਾਂ ਨਾਲ ਮੀਟਿੰਗ ਕਰਨ ਤੋਂ ਬਾਅਦ ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਪੰਜਾਬ ਵਿਧਾਨ ਸਭਾ ਚੋਣਾਂ ਵਿੱਚ 'ਆਪ' ਦੀ ਹਾਰ ਦੇ ਕਾਰਨਾਂ ਵਿੱਚ ਛੋਟੇਪੁਰ ਵੀ ਵੱਡਾ ਕਾਰਨ ਸਨ। ਸ੍ਰੀ ਅਰੋੜਾ ਨੇ ਸਾਬਕਾ ਕਨਵੀਨਰ ਸੁੱਚਾ ਸਿੰਘ ਛੋਟੇਪੁਰ ਦੇ ਕਾਰਜਕਾਲ ਨੂੰ ਵਧੀਆ ਦੱਸਦਿਆਂ ਕਿਹਾ ਕਿ ਉਨ੍ਹਾਂ ਨੂੰ ਅਹੁਦੇ ਤੋਂ ਹਟਾਉਣ ਦੇ ਮਾਮਲੇ ਨੂੰ ਟਾਲਿਆ ਜਾ ਸਕਦਾ ਸੀ। ਜਿਹੜੇ ਵਾਲੰਟੀਅਰ ਪਾਰਟੀ ਛੱਡ ਗਏ ਹਨ ਜਾਂ ਕੱਢਿਆ ਗਿਆ, ਉਨ੍ਹਾਂ ਦਾ 'ਆਪ' ਵਿੱਚ ਸਵਾਗਤ ਕੀਤਾ ਜਾਵੇਗਾ।

ਗੁਰਪ੍ਰੀਤ ਘੁੱਗੀ ਸਬੰਧੀ ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਪੰਜਾਬੀ ਫ਼ਿਲਮਾਂ ਵੱਲ ਝੁਕਾਅ ਜ਼ਿਆਦਾ ਸੀ। ਪਾਰਟੀ ਦੇ ਕੌਮੀ ਕਨਵੀਨਰ ਅਰਵਿੰਦ ਕੇਜਰੀਵਾਲ ਨੇ ਪਾਰਟੀ ਦੇ ਘੱਟੋ-ਘੱਟ 70 ਸੀਨੀਅਰ ਅਹੁਦੇਦਾਰਾਂ ਨਾਲ ਗੱਲਬਾਤ ਕਰ ਕੇ ਘੁੱਗੀ ਸਬੰਧੀ ਫ਼ੈਸਲਾ ਲਿਆ ਸੀ। ਉਨ੍ਹਾਂ ਦਾਅਵਾ ਕੀਤਾ ਕਿ ਪਾਰਟੀ ਛੱਡਣ ਤੋਂ



ਪਹਿਲਾਂ ਭੁਲੱਥ ਤੋਂ ਵਿਧਾਇਕ ਸੁਖਪਾਲ ਖਹਿਰਾ ਦੇ ਘਰ ਉਨ੍ਹਾਂ ਦੀ ਗੁਰਪ੍ਰੀਤ ਘੁੱਗੀ ਨਾਲ ਢਾਈ ਘੰਟੇ ਤੱਕ ਗੱਲਬਾਤ ਹੋਈ, ਜਿਸ ਵਿੱਚ ਘੁੱਗੀ ਨੇ ਕਿਹਾ ਸੀ ਕਿ ਉਹ ਬਤੌਰ ਵਾਲੰਟੀਅਰ 'ਆਪ' ਦੀ ਸੇਵਾ ਕਰਨਗੇ। ਕੇਜਰੀਵਾਲ ਚਾਹੁੰਦੇ ਸਨ ਕਿ ਘੁੱਗੀ ਨੂੰ ਪਾਰਟੀ ਦੀ ਸੂਬਾਈ ਪ੍ਰਧਾਨਗੀ ਤੋਂ ਵੀ ਵੱਡਾ ਅਹੁਦਾ ਦਿੱਤਾ ਜਾਵੇ, ਪਰ ਉਹ ਖ਼ੁਦ ਹੀ ਪਾਰਟੀ ਛੱਡ ਗਏ।

ਬਾਕੀ ਸਫ਼ਾ 32 'ਤੇ

## ਡਾ. ਗਾਂਧੀ ਤੇ ਖ਼ਾਲਸਾ ਬਾਰੇ ਵੀ ਹੋ ਰਿਹਾ ਵਿਚਾਰ

**ਪਟਿਆਲਾ :** ਆਮ ਆਦਮੀ ਪਾਰਟੀ ਦੇ ਸੂਬਾਈ ਉਪ ਪ੍ਰਧਾਨ ਅਮਨ ਅਰੋੜਾ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਪੰਜ ਸਾਲ ਪਹਿਲਾਂ ਚੋਣ ਹਾਰ ਕੇ ਹੁਣ ਆਪਣਾ ਕਾਂਗਰਸੀ ਪਰਿਵਾਰ ਬੰਨ੍ਹ ਲਿਆ ਹੈ। ਇਸੇ ਤਰ੍ਹਾਂ ਆਮ ਆਦਮੀ ਪਾਰਟੀ ਕੋਲ ਵੀ ਪੰਜ ਸਾਲ ਹਨ ਤੇ ਉਹ ਵੀ ਆਪਣਾ ਪਰਿਵਾਰ ਸਾਂਭਣ 'ਤੇ ਮੁੜ ਬੰਨ੍ਹਣ ਵਿੱਚ ਕਾਮਯਾਬ ਹੋਵੇਗੀ। ਮੈਂਬਰ ਪਾਰਲੀਮੈਂਟ ਡਾ. ਧਰਮਵੀਰ ਗਾਂਧੀ ਅਤੇ ਹਰਿੰਦਰ ਸਿੰਘ ਖ਼ਾਲਸਾ ਬਾਰੇ ਅਰਵਿੰਦ ਕੇਜਰੀਵਾਲ ਨਾਲ ਗੱਲ ਚੱਲੀ ਹੈ। ਆਉਂਦੇ ਸਮੇਂ ਵਿੱਚ ਪਾਰਟੀ ਮੁੜ ਇੱਕਮੁੱਠ ਹੋਵੇਗੀ ਤੇ ਡਾ. ਗਾਂਧੀ ਤੇ ਹਰਿੰਦਰ ਸਿੰਘ ਖ਼ਾਲਸਾ ਸਰਗਰਮ ਭੂਮਿਕਾ ਨਿਭਾਅ ਸਕਦੇ ਹਨ। ਉਹ ਇੱਥੇ 'ਆਪ' ਵਾਲੰਟੀਅਰਾਂ ਨਾਲ ਗੱਲਬਾਤ ਕਰ ਰਹੇ ਸਨ। ਉਨ੍ਹਾਂ ਕਿਹਾ ਕਿ ਗੁਰਪ੍ਰੀਤ ਘੁੱਗੀ ਵੱਲੋਂ ਪਾਰਟੀ 'ਤੇ ਲਗਾਏ ਜਾ ਰਹੇ ਦੋਸ਼ ਗ਼ਲਤ ਹਨ ਕਿਉਂਕਿ ਉਹ ਪਾਰਟੀ ਵਿੱਚ ਮਾਰਚ 2016 ਵਿੱਚ ਆਏ ਸਨ ਤੇ ਉਸੇ ਸਾਲ ਮਈ-ਜੂਨ ਵਿੱਚ ਉਹ ਪ੍ਰਧਾਨ ਬਣ ਗਏ ਸਨ। ਹੁਣ ਜੇ ਉਹ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਵਰਤਿਆ ਗਿਆ ਹੈ ਤਾਂ ਉਹ ਗ਼ਲਤ ਕਹਿ ਰਹੇ ਹਨ। ਹਰਿੰਦਰ ਸਿੰਘ ਖ਼ਾਲਸਾ ਸੁਰੱਖਿਆ ਮੰਗ ਰਹੇ ਹਨ, ਜੇ ਉਹ ਚਾਹੁਣ ਤਾਂ ਪਾਰਟੀ ਵਾਲੰਟੀਅਰ ਵੀ ਉਨ੍ਹਾਂ ਦੀ ਸੁਰੱਖਿਆ ਟੀਮ ਵਿੱਚ ਜਾ ਸਕਦੇ ਹਨ। ਸ੍ਰੀ ਅਰੋੜਾ ਨੇ ਕਿਹਾ ਕਿ ਜੇ ਮਰਹੂਮ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤਰੇ ਨੂੰ ਨਿਯਮਾਂ ਨੂੰ ਛਿੱਕੇ ਟੰਗ ਕੇ ਡੀਐਸਪੀ ਬਣਾਇਆ ਗਿਆ ਤਾਂ ਪਾਰਟੀ ਵੱਲੋਂ ਵਿਰੋਧ ਕੀਤਾ ਜਾਵੇਗਾ।

ਅੰਮ੍ਰਿਤਸਰ ਟਾਈਮਜ਼
AMRITSAR TIMES
24 ਮਈ 2017 ਤੋਂ 30 ਮਈ 2017

## ਕੰਮ ਨਹੀਂ, 'ਚੰਮ' ਨਾਲ ਚੱਲ ਰਹੀ ਕੈਪਟਨ ਸਰਕਾਰ

ਪੰਜਾਬ ਵਿਚ ਕਹਿਣ ਨੂੰ ਤਾਂ ਸੱਤਾ ਬਦਲ ਗਈ ਹੈ। ਅਕਾਲੀ-ਭਾਜਪਾ ਦੀ ਥਾਂ ਕੈਪਟਨ ਸਰਕਾਰ ਹੈ। ਅਸਲ ਤਬਦੀਲੀ ਤਾਂ ਹੋਣੀ ਸੀ ਜੇ ਲੋਕਾਂ ਦੀ ਸੱਤਾ ਹੁੰਦੀ। ਆਮ ਆਦਮੀ ਪਾਰਟੀ ਦੇ ਤੀਜੀ ਧਿਰ ਵਜੋਂ ਉਭਰਨ ਨਾਲ ਪੰਜਾਬੀਆਂ ਨੇ 'ਲੋਕ ਸੱਤਾ' ਦਾ ਜੋ ਸੁਪਨਾ ਪਾਲਿਆ ਸੀ, ਉਹ ਵੀ ਟੁੱਟ ਚੁੱਕਾ ਹੈ। ਦਰਅਸਲ, ਸੱਤਾ ਹੁਣ 'ਹਉਮੈ ਦੀ ਕੁਰਸੀ' ਵਿਚ ਬਦਲ ਚੁੱਕੀ ਹੈ। ਰੰਗ ਵਟਾ ਵਟਾ ਕੇ ਹਾਕਮ ਆਉਂਦੇ ਹਨ ਜੋ ਕੰਮ ਨਾਲ ਨਹੀਂ, ਸਗੋਂ ਚੰਮ ਨਾਲ ਸਰਕਾਰਾਂ ਚਲਾਉਂਦੇ ਹਨ।

ਦਸ ਸਾਲ ਅਕਾਲੀ-ਭਾਜਪਾ ਸਰਕਾਰ ਨੇ ਰੱਜ ਕੇ ਲੁੱਟਿਆ ਵੀ ਤੇ ਕੁੱਟਿਆ ਵੀ। ਹੁਣ ਕਾਂਗਰਸ ਦੀ ਵਾਰੀ ਹੈ। ਪਰ ਗੱਲ ਸਿਰਫ਼ ਆਮ ਲੋਕਾਂ ਨੂੰ ਲੁੱਟਣ-ਕੁੱਟਣ ਤਕ ਸੀਮਤ ਨਹੀਂ ਰਹੀ। 'ਸਿਰਫ਼ ਮੈਂ ਹੀ ਮੈਂ ਹਾਂ' ਵਾਲੀ ਸਿਆਸਤ ਭਾਰੂ ਹੋ ਗਈ ਹੈ। ਕੈਪਟਨ ਅਮਰਿੰਦਰ ਸਿੰਘ ਨੇ ਪਿਛਲੀਆਂ ਚੋਣ ਮੁਹਿੰਮਾਂ ਦੌਰਾਨ ਬਾਦਲਾਂ ਨੂੰ ਜੇਲ੍ਹ 'ਚ ਸੁੱਟਣ ਦੇ ਫੁੰਕਾਰੇ ਮਾਰੇ ਸਨ ਪਰ ਹਾਰ ਪੱਲੇ ਪਈ ਸੀ। ਇਸ ਵਾਰ ਆਪਣੀ ਪਿਛਲੀ ਗਲਤੀ ਤੋਂ ਸਬਕ ਲੈਂਦਿਆਂ, ਲੋਕਾਂ ਨੂੰ ਖ਼ੁਸ਼ਹਾਲੀ ਦੇਣ ਦੇ ਹੀ ਸੁਪਨੇ ਦਿਖਾਏ ਤੇ ਨਾਲ ਹੀ ਕਿਹਾ ਕਿ ਉਹ ਬਦਲੇ ਵਾਲੀ ਸਿਆਸਤ ਨਹੀਂ ਕਰਨਗੇ।

ਮਾਰਚ ਮਹੀਨੇ 'ਚ ਅਮਰਿੰਦਰ ਸਿੰਘ ਵਲੋਂ ਮੁੱਖ ਮੰਤਰੀ ਵਜੋਂ ਕੁਰਸੀ ਸੰਭਾਲਣ ਬਾਅਦ ਕਈ ਕਮਿਸ਼ਨਾਂ ਅਤੇ ਕਮੇਟੀਆਂ ਦੀ ਨਿਯੁਕਤੀ, ਭਾਵੇਂ ਸਮੇਂ ਦੀ ਲੋੜ ਹੀ ਹੋਵੇ ਪਰ ਪਿਛਲੇ ਤਜਰਬੇ ਗਵਾਹ ਹਨ ਕਿ ਦਰਅਸਲ ਇਹ ਕਾਰਵਾਈਆਂ ਕੰਮ ਨੂੰ ਕਿਸੇ ਪਾਸੇ ਨਹੀਂ ਲਾਉਂਦੀਆਂ ਹੁੰਦੀਆਂ। ਹਾਂ ਹਾੜੀ ਦੀ ਮੁੱਖ ਫ਼ਸਲ ਕਣਕ ਦੀ ਖਰੀਦ, ਕਿਸਾਨਾਂ ਨੂੰ ਨਿਰਧਾਰਤ ਮੁੱਲ ਵਿੱਚ ਥੋੜ੍ਹਾ ਵੱਧ ਭਾਅ ਅਤੇ ਅਦਾਇਗੀ ਦੇ ਮਾਮਲੇ ਵਿੱਚ ਵੇਲੇ ਸਿਰ ਢੁਕਵੀਂ ਕਾਰਵਾਈ ਦੀ ਸਰਾਹਨਾ ਕਰਨੀ ਬਣਦੀ ਹੈ। ਬੇਸ਼ੱਕ ਕੈਪਟਨ ਅਮਰਿੰਦਰ ਸਿੰਘ ਨੇ ਬਦਲੇ ਵਾਲੀ ਸਿਆਸਤ ਨੂੰ ਤਿਲਾਂਜਲੀ ਦਿੰਦਿਆਂ, ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੂੰ ਸ਼ਿਸ਼ਟਾਚਾਰ ਦਾ ਨਮੂਨਾ ਪੇਸ਼ ਕਰਦਿਆਂ ਰਿਹਾਇਸ਼ ਮੁਹੱਈਆ ਕਰਵਾਉਣ ਦਾ ਪ੍ਰਸਤਾਵ ਵੀ ਭੇਜਿਆ। ਸੁਖਬੀਰ ਬਾਦਲ ਨੂੰ ਬਲੂੰਗੜਾ ਕਹਿ ਕੇ ਬਲਾਉਣ ਵਾਲੇ ਸ਼ਬਦਾਂ ਤੋਂ ਗੁਰੇਜ਼ ਕੀਤਾ। ਉਧਰ ਅਕਾਲੀ ਸਰਕਾਰ ਦੇ ਸੱਤਾ ਵਿਚ ਹੁੰਦਿਆਂ ਹੀ ਕੈਪਟਨ ਅਮਰਿੰਦਰ ਸਿੰਘ ਨੂੰ ਹੌਲੀ ਹੌਲੀ ਕੇਸਾਂ ਵਿਚੋਂ ਬਰੀ ਕਰਨਾ ਸ਼ੁਰੂ ਕੀਤਾ। ਇਥੋਂ ਤਕ ਕਿ ਪਿਛਲੇ ਦਿਨੀਂ ਸੁਖਬੀਰ ਬਾਦਲ ਦੇ ਸਾਲੇ ਬਿਕਰਮ ਮਜੀਠੀਆ ਦੀ ਗੱਡੀ 'ਤੇ ਜੁੱਤੀਆਂ ਤੱਕ ਸੁੱਟੀਆਂ ਗਈਆਂ ਪਰ ਬਾਦਲਾਂ ਵਲੋਂ ਕੋਈ ਪ੍ਰਤੀਕਰਮ ਨਹੀਂ ਆਇਆ। ਸਿਆਸੀ ਹਲਕਿਆਂ ਵਿਚ ਆਮ ਚਰਚਾ ਹੋ ਰਹੀ ਹੈ ਕਿ ਜੇਕਰ ਕਾਂਗਰਸੀ ਮਜੀਠੀਆ ਵਰਗੇ ਧੱਕੜ ਆਗੂ ਨੂੰ ਹੱਥ ਪਾ ਸਕਦੇ ਹਨ ਤਾਂ ਆਮ ਅਕਾਲੀ ਆਗੂਆਂ ਦੀ ਕੀ ਮਜ਼ਾਲ ਕਿ ਉਹ ਮੂੰਹ ਵੀ ਖੋਲ੍ਹਣ। ਕੈਪਟਨ ਤੇ ਬਾਦਲਾਂ ਨੇ ਭਾਵੇਂ ਇਕ-ਦੂਜੇ 'ਤੇ ਵਾਰ ਕਰਨ ਦੀ ਸਿਆਸਤ ਤੋਂ ਟਾਲਾ ਵੱਟਣ ਦੀ 'ਸਮਝਦਾਰੀ' ਦਿਖਾਈ ਹੈ ਪਰ ਹੇਠਲੇ ਪੱਧਰ 'ਤੇ ਲੀਡਰਾਂ ਦੀਆਂ ਵਾਗਾਂ ਖੁੱਲ੍ਹੀਆਂ ਛੱਡੀਆਂ ਹੋਈਆਂ ਹਨ।

ਦਸ ਸਾਲ ਅਕਾਲੀ ਜਥੇਦਾਰਾਂ ਨੇ ਅਤਿ ਕੀਤੀ। ਪਿੰਡਾਂ ਵਿਚ ਰੱਜ ਕੇ ਚੌਧਰਪੁਣਾ ਕੀਤਾ ਤੇ ਹੁਣ ਕਾਂਗਰਸੀਆਂ ਦੀ ਵਾਰੀ ਹੈ। ਕੈਪਟਨ ਦੇ ਸੱਤਾ ਸੰਭਾਲਦਿਆਂ ਹੀ ਮਹਿਜ਼ ਮਹੀਨੇ ਮਗਰੋਂ ਹੀ ਕਾਂਗਰਸੀਆਂ ਨੇ ਆਪਣਾ 'ਰੰਗ' ਦਿਖਾਉਣਾ ਸ਼ੁਰੂ ਕਰ ਦਿੱਤਾ। ਛੋਟੀਆਂ-ਮੋਟੀਆਂ ਘਟਨਾਵਾਂ ਤਾਂ ਬਹੁਤ ਵਾਪਰੀਆਂ ਪਰ ਗਿਣਵੀਆਂ-ਚੁਣਵੀਆਂ 'ਤੇ ਜ਼ਰਾ ਨਜ਼ਰ ਮਾਰੋ। 26 ਅਪ੍ਰੈਲ ਨੂੰ ਅੰਮ੍ਰਿਤਸਰ ਦੇ ਚੀਤੇ ਚੇਤ ਸਿੰਘ ਪਿੰਡ ਵਿਚ ਅਕਾਲੀ ਸਰਪੰਚ ਗੁਰਪਿੰਦਰ ਸਿੰਘ ਦੀ ਹੱਤਿਆ ਕੀਤੀ ਗਈ। 30 ਅਪ੍ਰੈਲ ਨੂੰ ਅੰਮ੍ਰਿਤਸਰ ਦੇ ਛੇਹਰਟਾ ਵਿਚ ਕਾਂਗਰਸੀ ਨੇ ਗੋਲੀਆਂ ਚਲਾ ਕੇ ਔਰਤ ਨੂੰ ਜ਼ਖ਼ਮੀ ਕਰ ਦਿੱਤਾ। 2 ਮਈ ਨੂੰ ਗੁਰਦਾਸਪੁਰ ਦੇ ਗੋਤ ਪੋਖਰ ਵਿਚ ਕਾਂਗਰਸੀ ਸਰਪੰਚ ਨੇ ਹਵਲਦਾਰ ਨੂੰ ਗੋਲੀ ਮਾਰ ਕੇ ਜ਼ਖ਼ਮੀ ਕਰ ਦਿੱਤਾ। 2 ਮਈ ਨੂੰ ਫ਼ਿਰੋਜ਼ਪੁਰ ਵਿਚ ਸਰਪੰਚੀ ਦੇ ਵਿਵਾਦ ਵਿਚ ਸਾਬਕਾ ਅਕਾਲੀ ਸਰਪੰਚ ਦੇ ਪਿਤਾ ਤੇ ਭਰਾ ਦੀ ਹੱਤਿਆ ਕਰ ਦਿੱਤੀ। ਤਾਜ਼ਾ ਘਟਨਾ 22 ਮਈ ਨੂੰ ਵਾਪਰੀ ਹੈ। ਪਿੰਡ ਬਿਜਲੀਵਾਲ ਵਿਚ ਚੋਣ ਰੰਜਿਸ਼ ਨੇ ਉਸ ਵੇਲੇ ਖ਼ੂਨੀ ਰੂਪ ਲੈ ਲਿਆ ਜਦੋਂ ਮਾਮੂਲੀ ਝਗੜੇ ਮਗਰੋਂ ਕਾਂਗਰਸੀ ਵਰਕਰ ਤੇ ਉਸ ਦੇ ਪਰਿਵਾਰਕ ਮੈਂਬਰ ਨੇ ਅਕਾਲੀ ਸਮਰਥਕ ਦੀ ਕੁੱਟ-ਕੁੱਟ ਕੇ ਹੱਤਿਆ ਕਰ ਦਿੱਤੀ। ਤੇ ਦੋ ਦਿਨ ਪਹਿਲਾਂ ਬਿਕਰਮ ਮਜੀਠੀਆ ਨੂੰ ਮਜੀਠਾ ਵਿਚ ਹੀ ਕਾਂਗਰਸੀਆਂ ਨੇ ਘੇਰ ਲਿਆ। ਉਨ੍ਹਾਂ ਨੇ ਨਾ ਸਿਰਫ਼ ਮਜੀਠੀਆ ਖ਼ਿਲਾਫ਼ ਨਾਅਰੇਬਾਜ਼ੀ ਕੀਤੀ, ਬਲਕਿ ਮਜੀਠੀਆ ਨੂੰ ਉਥੋਂ ਭਜਾਉਂਦੇ ਹੋਏ, ਉਸ ਦੀ ਗੱਡੀ 'ਤੇ ਜੁੱਤੀਆਂ, ਪੱਥਰ ਤੱਕ ਸੁੱਟੇ।

ਨਵਜੋਤ ਸਿੰਘ ਸਿੱਧੂ ਬੇਸ਼ੱਕ ਜਨਤਕ ਮੀਟਿੰਗ ਵਿਚ ਵੱਡੇ-ਵੱਡੇ ਬਿਆਨ ਦੇ ਰਹੇ ਹਨ, ਬਾਦਲਾਂ ਨੂੰ ਖੁੱਲ੍ਹੀ ਬਹਿਸ ਦੀ ਚੁਣੌਤੀ ਦੇ ਰਹੇ ਹਨ ਜਿਵੇਂ ਸਰਕਾਰ ਦਾ ਸਾਰਾ ਭਾਰ ਉਨ੍ਹਾਂ ਦੇ ਹੀ ਸਿਰ 'ਤੇ ਹੋਵੇ ਪਰ ਕੈਪਟਨ ਅਮਰਿੰਦਰ ਸਿੰਘ ਚੁੱਪ ਹਨ। ਰੇਤ-ਬਜਰੀ ਦੀਆਂ ਕੀਮਤਾਂ ਸੱਤਾ ਬਦਲਦਿਆਂ ਹੀ ਹੋਰ ਵੀ ਵੱਧ ਗਈਆਂ ਹਨ। ਆਪਣੇ ਚਹੇਤਿਆਂ ਨੂੰ ਖ਼ੁਸ਼ ਕਰਨ ਲਈ ਪੁਲੀਸ ਤਬਾਦਲੇ ਹੋ ਰਹੇ ਹਨ। ਪੀ.ਸੀ. ਐਸ. ਅਧਿਕਾਰੀਆਂ ਨੂੰ ਵੀ ਮਨ-ਮਰਜ਼ੀ ਦੀਆਂ ਥਾਵਾਂ 'ਤੇ ਬਦਲੀਆਂ ਕਰਾਉਣ ਦੀ ਖੁੱਲ੍ਹ ਦੇ ਦਿੱਤੀ ਹੈ। ਨਾ ਤਾਂ ਕਿਸਾਨਾਂ ਨੂੰ ਕੋਈ ਰਾਹਤ ਮਿਲੀ, ਨਾ ਮਜ਼ਦੂਰਾਂ ਤੇ ਮੁਲਾਜ਼ਮਾਂ ਨੂੰ। ਤਿੰਨ ਮਹੀਨਿਆਂ ਵਿਚ ਹੀ 50 ਤੋਂ ਵੱਧ ਕਿਸਾਨ ਖ਼ੁਦਕੁਸ਼ੀ ਕਰ ਚੁੱਕੇ ਹਨ। ਮੁਲਾਜ਼ਮਾਂ ਨੂੰ ਕਈ ਕਈ ਮਹੀਨਿਆਂ ਦੀ ਤਨਖ਼ਾਹ ਹਾਲੇ ਤੱਕ ਨਹੀਂ ਮਿਲੀ। ਪਰ ਕੈਪਟਨ ਠੰਢੀਆਂ ਵਾਦੀਆਂ ਵਿਚ ਆਪਣੀ ਪਾਕਿਸਤਾਨੀ ਦੋਸਤ ਅਰੂਸਾ ਆਲਮ ਦਾ ਜਨਮ ਦਿਨ ਮਨਾਉਣ ਵਿਚ ਮਸ਼ਰੂਫ਼ ਹਨ। ਪੰਜਾਬ ਨੂੰ ਮੁੜ ਲੀਹ 'ਤੇ ਕਿਵੇਂ ਲਿਆਉਣਾ ਹੈ-ਨਾ ਤਾਂ ਇਸ ਬਾਰੇ ਵਿਚਾਰਾਂ ਹੋ ਰਹੀਆਂ ਹਨ ਤੇ ਨਾ ਹੀ ਹੇਠਲੇ ਪੱਧਰ 'ਤੇ ਵੱਧ ਰਹੀਆਂ ਆਪਸੀ ਦੁਸ਼ਮਣੀਆਂ ਨੂੰ ਠੱਲ੍ਹ ਪਾਉਣ ਲਈ ਕੋਈ ਨਿਰਦੇਸ਼ ਜਾਰੀ ਹੋ ਰਹੇ ਹਨ। ਬਾਦਲਾਂ ਦੀਆਂ ਬੱਸਾਂ ਨੂੰ ਅੱਡਿਆਂ ਵਿਚ ਡੱਕਣ ਵਾਲੇ ਕੈਪਟਨ ਅਮਰਿੰਦਰ ਸਿੰਘ ਖ਼ੁਦ ਤਾਂ ਇਨ੍ਹਾਂ ਬੱਸਾਂ ਨੂੰ ਹਰੀ ਝੰਡੀ ਦੇ ਰਹੇ ਹਨ ਪਰ ਬਾਦਲਾਂ ਤੇ ਕਾਂਗਰਸੀ ਆਗੂਆਂ ਦੀਆਂ ਬੱਸਾਂ ਦੇ ਕਰਿੰਦੇ ਆਪੋ-ਵਿਚੀਂ ਹਿੰਸਕ ਝੜਪਾਂ ਕਰ ਰਹੇ ਹਨ।

ਅਕਾਲੀਆਂ ਤੇ ਕਾਂਗਰਸੀਆਂ ਦੀ ਘਟੀਆ ਸਿਆਸਤ ਨੇ ਪਿੰਡਾਂ ਦੇ ਭਾਈਚਾਰੇ ਨੂੰ ਤਾਂ ਬੁਰੀ ਤਰ੍ਹਾਂ ਸੱਟ ਮਾਰੀ ਹੀ ਹੈ, ਨਾਲੋਂ-ਨਾਲ ਸਰਕਾਰੀ ਅਦਾਰਿਆਂ, ਨਿੱਜੀ ਕੰਪਨੀਆਂ ਦੀ ਅਜਾਰੇਦਾਰੀ, ਸਰਪੰਚੀ ਦੀ ਦੌੜ, ਚੌਧਰ ਦੀ ਭੁੱਖ, ਠੱਗੀਆਂ-ਠੋਰੀਆਂ ਵਿਚ ਹਿੱਸਾ ਖਾਣ ਦੀ ਹੋੜ, ਸਿਆਸੀ ਸ਼ਹਿ 'ਤੇ ਪਲ ਰਹੇ ਗੈਂਗਸਟਰਾਂ ਦੀ ਗੁੰਡਾਗਰਦੀ ਨੇ ਪੰਜਾਬ ਦੀਆਂ ਫਿਜ਼ਾਵਾਂ ਵਿਚ ਨਫ਼ਰਤੀ ਜ਼ਹਿਰ ਘੋਲ ਦਿੱਤਾ ਹੈ। ਕੈਪਟਨ ਸਰਕਾਰ ਦੀ ਇਹ ਤਾਂ ਸ਼ੁਰੂਆਤ ਹੈ ਤੇ ਪੰਜ ਸਾਲ ਅੰਤ ਨੇੜੇ ਆਉਣ ਤਕ ਕੀ-ਕੁਝ ਵਾਪਰਨ ਵਾਲਾ ਹੈ, ਇਹਦਾ ਕਿਆਸ ਬਹੁਤ ਖ਼ਤਰਨਾਕ ਸਿੱਟੇ ਦੇਣ ਵਾਲਾ ਹੈ।

ਸੂਝਵਾਨ ਹਲਕਿਆਂ ਵਲੋਂ ਚੋਣਾਂ ਤੋਂ ਪਹਿਲਾਂ ਹੀ ਜੋ ਸ਼ੰਕੇ ਪ੍ਰਗਟਾਏ ਜਾ ਰਹੇ ਸਨ ਕਿ ਕਾਂਗਰਸ ਸਰਕਾਰ ਆਉਣ ਨਾਲ ਵੀ ਲੋਕਾਂ ਦਾ ਭਲਾ ਨਹੀਂ ਹੋਣਾ, ਸਰਕਾਰ ਦੇ ਕੰਮਕਾਜ ਦੇ ਰੰਗ-ਢੰਗ ਨੂੰ ਵੇਖਦਿਆਂ ਉਹ ਸਹੀ ਸਾਬਤ ਹੁੰਦੇ ਜਾਪਦੇ ਨੇ। ਬੇਸ਼ੱਕ ਕੈਪਟਨ ਵਲੋਂ ਸੱਤਾ ਸੰਭਾਲੇ ਨੂੰ ਥੋੜ੍ਹਾ ਸਮਾਂ ਹੋਣ ਕਾਰਨ ਅਜੇ ਕੋਈ ਫਤਵਾ ਦੇਣਾ ਵਾਜਬ ਨਹੀਂ ਹੋਵੇਗਾ ਪਰ ਸਾਰੀਆਂ ਹੀ ਰਾਜਸੀ ਪਾਰਟੀਆਂ, ਆਗੂਆਂ ਅਤੇ ਅਫ਼ਸਰਸ਼ਾਹੀ ਦੇ ਕਿਰਦਾਰ ਦੇ ਮੱਦੇਨਜ਼ਰ, ਕੁਝ ਬਦਲਣ ਦੀਆਂ ਸੰਭਾਵਨਾਵਾਂ ਘੱਟ ਹੀ ਦਿਸਦੀਆਂ ਨੇ। ਇਸ ਲਈ ਪੰਜਾਬੀਆਂ ਨੂੰ ਹੀ ਇਸ ਖ਼ਿਲਾਫ਼ ਡਟਣਾ ਪਏਗਾ। ਆਮ ਆਦਮੀ ਪਾਰਟੀ ਦੀ ਲੀਡਰਸ਼ਿਪ ਨੇ ਬੇਸ਼ੱਕ ਲੋਕਾਂ ਨੂੰ ਨਿਰਾਸ਼ ਕੀਤਾ ਹੈ ਪਰ ਤੀਜੀ ਧਿਰ ਦੀ ਉਮੀਦ ਹਾਲੇ ਵੀ ਕਾਇਮ ਹੈ।

# ਪੰਜਾਬ 'ਚ ਫ਼ਸਲੀ ਵਿਭਿੰਨਤਾ ਨੂੰ ਕੇਂਦਰ ਵੱਲੋਂ ਹਮਾਇਤ ਕਿਉਂ ਨਹੀਂ ?



**ਪੰਜਾਬ ਸਰਕਾਰ ਅਤੇ ਇਸ ਦੇ ਸਾਰੇ ਹਿੱਤਧਾਰਕਾਂ ਨੂੰ ਇਸ ਕੌੜੀ ਸਚਾਈ ਨੂੰ ਜਾਣਨਾ ਜ਼ਰੂਰੀ ਹੈ ਕਿ ਰਾਜ ਵਿੱਚ ਝੋਨੇ ਦਾ ਉਤਪਾਦਨ ਘਟਾਉਣ ਲਈ ਕੇਂਦਰ ਸਰਕਾਰ ਤੋਂ ਕਿਸੇ ਨੀਤੀਗਤ ਸਮਰਥਨ ਦੀ ਉਮੀਦ ਦੀ ਲੋੜ ਨਹੀਂ ਅਤੇ ਇਸ ਉਮੀਦ ਤੋਂ ਬਿਨਾਂ ਪੰਜਾਬ ਨੂੰ ਝੋਨੇ ਤੋਂ ਦੂਰ ਕਰਨ ਲਈ ਪੰਜਾਬ ਆਧਾਰਤ ਰਣਨੀਤੀ ਤਿਆਰ ਕਰਨੀ ਚਾਹੀਦੀ ਹੈ।**

**ਪ੍ਰੀਤਮ ਸਿੰਘ (ਪ੍ਰੋ.) ਅਤੇ ਆਰ.ਐਸ. ਮਾਨ**

ਪੰਜਾਬ ਵਿੱਚ ਝੋਨੇ ਦਾ ਸੀਜ਼ਨ ਨੇੜੇ ਆ ਗਿਆ ਹੈ। ਇਸ ਦੀ ਕਾਸ਼ਤ ਹੇਠ ਰਕਬਾ ਘਟਾਉਣ ਦੀ ਵਾਤਾਵਰਣਕ ਲੋੜ ਉੱਤੇ ਨੀਤੀ ਮੁੜ ਕੇਂਦਰਿਤ ਹੋਣ ਦੀ ਸੰਭਾਵਨਾ ਬਣ ਗਈ ਹੈ। ਪਾਣੀ ਡਕਾਰ ਜਾਣ ਵਾਲੇ ਝੋਨੇ ਦੀ ਕਾਸ਼ਤ ਦਾ ਇਤਿਹਾਸ ਅਤੇ ਪੰਜਾਬ ਵਿੱਚ ਵਧਦੀ ਜਾ ਰਹੀ ਪਾਣੀ ਦੀ ਕਮੀ ਇਸ ਫ਼ਸਲ ਨੂੰ ਛੱਡ ਕੇ ਫ਼ਸਲੀ ਵਿਭਿੰਨਤਾ ਦੀ ਜ਼ਰੂਰਤ ਨੂੰ ਉਭਾਰਦੀ ਹੈ।

ਪੰਜਾਬ ਵਿੱਚ ਹਰੀ ਕ੍ਰਾਂਤੀ ਦੀ ਸ਼ੁਰੂਆਤ 1966-67 ਵਿੱਚ ਹੋਣ ਸਮੇਂ ਝੋਨੇ ਹੇਠ ਰਕਬਾ ਸਿਰਫ਼ 285 ਹਜ਼ਾਰ ਹੈਕਟੇਅਰ ਸੀ। ਉਦੋਂ ਭਾਰਤ ਅਨਾਜ ਦੀ ਕਮੀ ਵਾਲਾ ਦੇਸ਼ ਸੀ ਜਿਹੜਾ ਅਮਰੀਕਾ ਤੋਂ ਮਿਲਦੀ ਨਮੋਸ਼ੀ ਵਾਲੀ ਪੀਐੱਲ- 480 ਖ਼ੁਰਾਕੀ ਸਹਾਇਤਾ ਉੱਤੇ ਨਿਰਭਰ ਸੀ। ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਨੇ ਹਰੀ ਕ੍ਰਾਂਤੀ ਰਾਹੀਂ ਅਨਾਜ ਦੇ ਮਾਮਲੇ ਵਿੱਚ ਆਤਮ-ਨਿਰਭਰ ਹੋਣ ਦਾ ਮਕਸਦ ਪੂਰਾ ਕਰਨ ਨੂੰ 'ਕੌਮੀ ਬਚਾਅ' ਨੀਤੀ ਆਖਿਆ ਸੀ। 1970-71 ਤਕ ਇਸ 'ਕੌਮੀ ਬਚਾਅ' ਨੀਤੀ ਕਾਰਨ ਪੰਜਾਬ ਵਿੱਚ ਝੋਨੇ ਹੇਠ ਰਕਬਾ ਵਧ ਕੇ 390 ਹਜ਼ਾਰ ਹੈਕਟੇਅਰ ਅਤੇ 1975-76 ਤਕ 567 ਹਜ਼ਾਰ ਹੈਕਟੇਅਰ ਹੋ ਗਿਆ ਸੀ। ਇਸ ਮਗਰੋਂ ਵੀ 1980-81, 1985-86, 1990-91, 1995-96, 2000-01, 2005-06, 2010-11, 2011-12, 2012-13 ਅਤੇ 2013-14 ਵਿੱਚ ਵਧ ਕੇ ਕ੍ਰਮਵਾਰ 1178, 1714, 2024, 2161, 2611, 2642, 2818, 2831, 2845 ਅਤੇ 2851 ਹਜ਼ਾਰ ਹੈਕਟੇਅਰ ਹੋ ਗਿਆ। 2014-15 ਵਿੱਚ ਇਹ 2894 ਹਜ਼ਾਰ ਹੈਕਟੇਅਰ ਤਕ ਪਹੁੰਚ ਗਿਆ। 1966-2015 ਤਕ ਦੇ 50 ਸਾਲਾਂ ਦੇ ਵਕਫ਼ੇ ਦੌਰਾਨ ਪੰਜਾਬ ਵਿੱਚ ਝੋਨੇ ਦੀ ਕਾਸ਼ਤ ਹੇਠ ਰਕਬੇ ਵਿੱਚ ਚਮਤਕਾਰੀ ਢੰਗ ਨਾਲ ਦਸ ਗੁਣਾ ਵਾਧਾ ਹੋਇਆ ਹੈ। ਇਹ ਪੂਰੀ ਦੁਨੀਆ ਦੇ ਜ਼ਰਾਇਤੀ ਇਤਿਹਾਸ ਵਿੱਚ ਭੂਮੀ ਦੀ ਵਰਤੋਂ ਸਬੰਧੀ ਸਭ ਤੋਂ ਸਨਸਨੀਖੇਜ਼ ਤਬਦੀਲੀਆਂ ਵਿਚੋਂ ਇੱਕ ਹੈ।

ਝੋਨੇ ਹੇਠਲੇ ਰਕਬੇ ਵਿੱਚ ਬੇਤਹਾਸ਼ਾ ਵਾਧਾ ਹੋਣ ਕਾਰਨ ਪੰਜਾਬ ਵਿੱਚ ਜ਼ਮੀਨ ਹੇਠਲੇ ਪਾਣੀ ਦਾ ਪੱਧਰ ਵੀ ਤੇਜ਼ੀ ਨਾਲ ਘਟਿਆ ਹੈ। 2011 ਦੇ ਅੰਕੜਿਆਂ ਮੁਤਾਬਕ ਪੰਜਾਬ ਦੇ ਕੁੱਲ 138 ਬਲਾਕਾਂ ਵਿਚੋਂ 110 ਬਲਾਕਾਂ ਵਿਚ ਪਾਣੀ, ਖ਼ਤਰੇ ਦੇ ਨਿਸ਼ਾਨ ਤਕ ਨੀਵਾਂ ਚਲਾ ਗਿਆ ਹੈ, ਚਾਰ ਵਿੱਚ ਸਥਿਤੀ ਗੰਭੀਰ ਤੇ ਦੋ ਵਿੱਚ ਅਰਧ-ਗੰਭੀਰ ਹੈ। ਸਿਰਫ਼ 22 ਬਲਾਕ ਸੁਰੱਖਿਅਤ ਹਨ। ਇਸ ਲਈ 84 ਫ਼ੀਸਦੀ ਬਲਾਕ ਹੱਦੋਂ ਵੱਧ ਪਾਣੀ ਕੱਢਣ ਕਾਰਨ ਖ਼ਤਰੇ ਦੇ ਨਿਸ਼ਾਨ ਤੋਂ ਨੀਵੇਂ, ਗੰਭੀਰ ਜਾਂ ਅਰਧ-ਗੰਭੀਰ ਸ਼੍ਰੇਣੀ ਵਿੱਚ ਆਉਂਦੇ ਹਨ ਅਤੇ ਬਾਕੀ 16 ਫ਼ੀਸਦੀ ਬਲਾਕ ਹੀ ਸੁਰੱਖਿਅਤ ਹਨ। ਧਰਤੀ ਹੇਠਲੇ ਪਾਣੀ ਸਬੰਧੀ ਕੇਂਦਰੀ ਭੂ ਜਲ ਬੋਰਡ ਮੁਤਾਬਕ ਪੰਜਾਬ ਵਿੱਚ ਜ਼ਮੀਨੀ ਪਾਣੀ ਦਾ 'ਵਿਕਾਸ' ਦੇਸ਼ ਦੇ ਸਾਰੇ ਸੂਬਿਆਂ ਨਾਲੋਂ ਜ਼ਿਆਦਾ ਭਾਵ 172 ਫ਼ੀਸਦੀ ਹੈ। ਇਹ ਪੰਜਾਬ ਵਿੱਚ ਜ਼ਮੀਨ ਹੇਠਲੇ ਪਾਣੀ ਦੀ ਸਥਿਤੀ ਦੀ ਭਿਆਨਕਤਾ ਦਾ ਸੂਚਕ ਹੈ। 'ਜ਼ਮੀਨੀ ਪਾਣੀ ਦੇ ਵਿਕਾਸ' ਦਾ 100 ਫ਼ੀਸਦੀ ਪੱਧਰ ਦਰਸਾਉਂਦਾ ਹੈ ਕਿ ਜ਼ਮੀਨੀ ਪਾਣੀ ਦੀ ਖਪਤ ਵੱਖ ਵੱਖ ਢੰਗਾਂ ਨਾਲ ਜ਼ਮੀਨ ਹੇਠਾਂ ਜਾਂਦੇ ਪਾਣੀ ਦੇ ਬਰਾਬਰ ਹੈ ਜਦੋਂਕਿ ਇਸ ਦਾ 100 ਫ਼ੀਸਦੀ ਤੋਂ ਜ਼ਿਆਦਾ ਹੋਣਾ ਦਰਸਾਉਂਦਾ ਹੈ ਕਿ ਜ਼ਮੀਨ ਹੇਠਾਂ ਓਨਾ ਪਾਣੀ ਜਾ ਨਹੀਂ ਰਿਹਾ ਜਿੰਨਾ ਇਸ ਵਿੱਚੋਂ ਕੱਢਿਆ ਜਾ ਰਿਹਾ ਹੈ। ਇਸ ਲਈ ਪੰਜਾਬ ਵਿੱਚ 'ਜ਼ਮੀਨੀ ਪਾਣੀ ਦਾ ਵਿਕਾਸ' ਪੱਧਰ 172 ਫ਼ੀਸਦੀ ਹੋਣਾ ਇਹ ਸੰਕੇਤ ਕਰਦਾ ਹੈ ਕਿ ਸੂਬੇ ਵਿੱਚ ਧਰਤੀ ਹੇਠਲੇ ਪਾਣੀ ਦੀ ਖਪਤ ਇਸ ਦੇ ਰੀਚਾਰਜ ਹੋਣ ਨਾਲੋਂ ਕਿਤੇ ਜ਼ਿਆਦਾ ਹੈ। ਪੰਜਾਬ ਵਿੱਚ ਪਾਣੀ ਦੀ ਕਮੀ ਦਾ ਇੱਕ ਹੋਰ ਪੱਖ ਇਹ ਹੈ ਕਿ ਸੂਬੇ ਵਿੱਚ ਭਵਿੱਖ ਵਿੱਚ ਸਿੰਚਾਈ ਲਈ ਉਪਲੱਬਧ ਪਾਣੀ ਹੋਰ ਸਾਰੇ ਸੂਬਿਆਂ ਨਾਲੋਂ ਘੱਟ ਹੀ ਨਹੀਂ ਸਗੋਂ 2011 ਦੇ ਅੰਕੜਿਆਂ ਮੁਤਾਬਿਕ ਇਹ ਨਾਕਾਰਾਤਮਕ ਮਾਤਰਾ (-14.83 ਕਰੋੜ ਘਣ ਮੀਟਰ) ਵਿੱਚ ਹੈ।

ਜੇ ਪੰਜਾਬ ਵਿੱਚ ਮੌਜੂਦਾ ਸਮੇਂ ਅਤੇ ਭਵਿੱਖ ਵਿੱਚ ਪਾਣੀ ਦੀ ਉਪਲੱਬਧਤਾ ਦੀ ਗੰਭੀਰ ਸਥਿਤੀ ਦੇ ਬਾਵਜੂਦ ਝੋਨੇ ਦੀ ਫ਼ਸਲ ਨੂੰ ਛੱਡ ਕੇ ਫ਼ਸਲੀ ਵਿਭਿੰਨਤਾ ਨਹੀਂ ਅਪਣਾਈ ਗਈ ਤਾਂ ਸਾਨੂੰ ਇਸ ਦੇ ਕਾਰਨ ਲੱਭਣੇ ਪੈਣਗੇ। ਇਸ ਦਾ ਇੱਕ ਕਾਰਨ ਝੋਨੇ ਦੀ ਨਿਸ਼ਚਿਤ ਕੀਮਤ ਅਤੇ ਖ਼ਰੀਦ ਯਕੀਨੀ ਹੋਣਾ ਹੈ ਜੋ ਕਿਸਾਨਾਂ ਨੂੰ ਝੋਨੇ ਦੀ ਕਾਸ਼ਤ ਕਰਦੇ ਰਹਿਣ ਲਈ ਪ੍ਰੇਰਦਾ ਹੈ। ਬਦਲਵੀਆਂ ਫ਼ਸਲਾਂ ਤੋਂ ਘੱਟ ਆਰਥਿਕ ਲਾਭ ਹੋਣਾ ਅਤੇ ਅਜਿਹੀਆਂ ਫ਼ਸਲਾਂ ਉਗਾਉਣ ਲਈ ਭਰੋਸੇਯੋਗ ਤੇ ਜਾਂਚੀ-ਪਰਖੀ ਤਕਨਾਲੋਜੀ ਦੀ ਘਾਟ ਫ਼ਸਲੀ ਵਿਭਿੰਨਤਾ ਨੂੰ ਰੋਕਣ ਵਾਲੇ ਹੋਰ ਕਾਰਨ ਹਨ। ਫ਼ਸਲੀ ਵਿਭਿੰਨਤਾ ਦੀ ਨਾਕਾਮੀ ਦਾ ਸਭ ਤੋਂ ਵੱਡਾ ਕਾਰਨ ਇਹ ਹੈ ਕਿ ਦੇਸ਼ ਵਿੱਚ ਚਾਵਲ ਦੀ ਖਪਤ ਦੇ ਹਿਸਾਬ ਨਾਲ ਮੰਗ ਪੂਰੀ ਕਰਨ ਵਾਸਤੇ ਭਾਰਤ ਬੁਰੀ ਤਰ੍ਹਾਂ ਪੰਜਾਬ ਉੱਤੇ ਨਿਰਭਰ ਹੈ। ਇਸ ਕਾਰਨ ਕੇਂਦਰ ਸਰਕਾਰ ਨੀਤੀਗਤ ਤੌਰ 'ਤੇ ਪੰਜਾਬ ਵਿੱਚ ਫ਼ਸਲੀ ਵਿਭਿੰਨਤਾ ਨਹੀਂ ਚਾਹੁੰਦੀ।

ਪ੍ਰਾਪਤ ਅੰਕੜਿਆਂ ਮੁਤਾਬਕ 2010-11, 2011-12, 2012-13, 2013-14 ਅਤੇ 2014-15 ਦੌਰਾਨ ਭਾਰਤ ਵਿੱਚ ਚਾਵਲ ਦੀ ਖਪਤ ਕ੍ਰਮਵਾਰ 90000, 94006, 95193, 96404 ਅਤੇ 97073 ਹਜ਼ਾਰ ਟਨ ਦੇ ਕਰੀਬ ਸੀ। ਖੇਤੀਬਾੜੀ ਅਤੇ ਕਿਸਾਨ ਭਲਾਈ ਮੰਤਰਾਲੇ ਵੱਲੋਂ ਮੁਹੱਈਆ ਅੰਕੜਿਆਂ ਮੁਤਾਬਕ 2016-17 ਅਤੇ 2020-21 ਵਿੱਚ ਚਾਵਲ ਦੀ ਮੰਗ 11 ਕਰੋੜ ਅਤੇ 11.70 ਕਰੋੜ ਟਨ ਹੋਣ ਦਾ ਅੰਦਾਜ਼ਾ ਹੈ ਜਦੋਂਕਿ 2016-17 ਵਿੱਚ ਚਾਵਲ ਦੀ ਪੂਰਤੀ 9.8 ਤੋਂ 10.6 ਕਰੋੜ ਟਨ ਹੋਣ ਦਾ ਅਨੁਮਾਨ ਹੈ। ਇਹ ਇਸ ਗੱਲ ਵੱਲ ਇਸ਼ਾਰਾ ਕਰਦਾ ਹੈ ਕਿ ਭਾਰਤ ਚਾਵਲ ਦੀ ਆਪਣੀ ਮੰਗ ਨੂੰ ਮੁਸ਼ਕਲ ਨਾਲ ਹੀ ਪੂਰੀ ਕਰ ਸਕੇਗਾ। ਇੱਕ ਹੋਰ ਅਧਿਐਨ ਰਾਹੀਂ ਅਨੁਮਾਨ ਲਾਇਆ ਗਿਆ ਹੈ ਕਿ 2020 ਅਤੇ 2030 ਵਿੱਚ ਚਾਵਲ ਦੀ ਮੰਗ 11.18 ਕਰੋੜ ਟਨ ਅਤੇ 12.24 ਕਰੋੜ ਟਨ ਹੋਵੇਗੀ ਜਦੋਂਕਿ ਇਸ ਦੀ ਸਪਲਾਈ 10.81 ਅਤੇ 12.21 ਕਰੋੜ ਟਨ ਹੋਵੇਗੀ। ਇਸ ਦਾ ਮਤਲਬ ਇਹ ਹੈ ਕਿ ਇਨ੍ਹਾਂ ਦੋਵਾਂ ਸਾਲਾਂ ਵਿੱਚ ਮੰਗ ਅਤੇ ਪੂਰਤੀ ਦਰਮਿਆਨ ਕ੍ਰਮਵਾਰ 37 ਅਤੇ 30 ਲੱਖ ਟਨ ਦਾ ਖੱਪਾ ਹੋਵੇਗਾ। ਅਜਿਹੇ ਹਾਲਾਤ ਅਧੀਨ ਕੋਈ ਵੀ ਕੇਂਦਰ ਸਰਕਾਰ ਪੰਜਾਬ ਵਿੱਚ ਝੋਨੇ ਦੀ ਥਾਂ ਫ਼ਸਲੀ ਵਿਭਿੰਨਤਾ ਅਪਨਾਉਣ ਦੇ ਵਿਰੁੱਧ ਹੋਵੇਗੀ।

ਭਾਰਤ ਦੀ ਜਨਸੰਖਿਆ ਅਤੇ ਇਸ ਦੇ ਫਲਸਰੂਪ ਚਾਵਲ ਦੀ ਮੰਗ ਨੂੰ ਧਿਆਨ ਵਿੱਚ ਰੱਖਦੇ ਹੋਏ ਭਾਰਤ ਨੂੰ ਹਮੇਸ਼ਾਂ ਚਾਵਲ ਦੇ ਢੁਕਵੇਂ ਭੰਡਾਰ ਦੀ ਲੋੜ ਰਹਿੰਦੀ ਹੈ। ਪੰਜਾਬ ਵਿੱਚ ਝੋਨੇ ਦਾ ਉਤਪਾਦਨ ਸਾਲ 2010-11, 2011-12, 2012-13, 2013-14 ਅਤੇ 2014-15 ਵਿੱਚ ਕ੍ਰਮਵਾਰ 10837, 10542, 11374, 11267 ਅਤੇ 11107 ਹਜ਼ਾਰ ਟਨ ਸੀ। ਪੰਜਾਬ ਦੀ 2013 ਦੀ ਖੇਤੀਬਾੜੀ ਨੀਤੀ ਵਿੱਚ ਕਿਹਾ ਗਿਆ ਕਿ ਝੋਨੇ ਅਧੀਨ 28 ਲੱਖ ਹੈਕਟੇਅਰ ਰਕਬਾ ਹੈ ਅਤੇ ਆਉਣ ਵਾਲੇ ਸਾਲਾਂ ਵਿੱਚ 16 ਲੱਖ ਹੈਕਟੇਅਰ ਰਕਬਾ ਝੋਨੇ ਤੋਂ ਘਟਾਉਣ ਦਾ ਟੀਚਾ ਨਿਰਧਾਰਤ ਕੀਤਾ ਗਿਆ ਸੀ। ਪਰ ਇਸ ਟੀਚੇ ਦੇ ਉਲਟ ਸਾਲ 2012-13, 2013-14 ਅਤੇ 2014-15 ਵਿੱਚ ਝੋਨੇ ਅਧੀਨ ਰਕਬਾ ਲਗਾਤਾਰ ਵਧਦਾ ਹੋਇਆ ਕ੍ਰਮਵਾਰ 2845, 2851 ਅਤੇ 2894 ਹਜ਼ਾਰ ਹੈਕਟੇਅਰ ਹੋ ਗਿਆ। ਜੇਕਰ 16 ਲੱਖ ਹੈਕਟੇਅਰ ਰਕਬਾ ਝੋਨੇ ਤੋਂ ਘਟਾਉਣ ਦੀ ਤਜਵੀਜ਼ ਸੀ, ਤਾਂ ਇਸ ਨਾਲ ਝੋਨੇ ਦਾ ਉਤਪਾਦਨ ਲਗਭਗ 6193 ਹਜ਼ਾਰ ਟਨ ਪ੍ਰਤੀ ਸਾਲ ਘਟਣ ਦੀ ਉਮੀਦ ਸੀ। (ਪਿਛਲੇ 5 ਸਾਲਾਂ 2010-11 ਤੋਂ 2014-15 ਵਿੱਚ ਝੋਨੇ ਦੇ ਔਸਤ ਖੇਤਰ ਦੇ ਆਧਾਰ 'ਤੇ ਅੰਦਾਜ਼ਾ) ਇਹ ਠੋਸ ਅੰਕੜਾ ਹੈ। ਜੇਕਰ ਪੰਜਾਬ ਝੋਨੇ ਤੋਂ ਦੂਰ ਹੁੰਦਾ ਹੈ ਤਾਂ ਭਾਰਤ ਦਾ ਭੰਡਾਰ ਖ਼ਤਰਨਾਕ ਢੰਗ ਨਾਲ ਪ੍ਰਭਾਵਤ ਹੋਵੇਗਾ।

ਕੋਈ ਇਹ ਤਰਕ ਦੇ ਸਕਦਾ ਹੈ ਕਿ ਭਾਰਤ ਲਈ ਸਸਤੇ ਚਾਵਲ ਨਿਰਯਾਤ ਕਰਦੇ ਬਫਰ ਸਟਾਕ ਇਕੱਠਾ ਕਰਨਾ ਸੰਭਵ ਹੋ ਸਕਦਾ ਹੈ। ਹਾਲਾਂਕਿ ਅੰਤਰਰਾਸ਼ਟਰੀ ਬਾਜ਼ਾਰ ਵਿੱਚ ਚਾਵਲ ਦੀ ਅਸਥਿਰਤਾ ਇਸ ਨੂੰ ਇੱਕ ਖ਼ਤਰਨਾਕ ਰਣਨੀਤੀ ਬਣਾਉਂਦੀ ਹੈ। ਹੋਰ ਦਲੀਲ ਇਹ ਹੋ ਸਕਦੀ ਹੈ ਕਿ ਭਾਰਤ ਬਫਰ ਸਟਾਕ ਦੀ ਕਮੀ ਨੂੰ ਆਪਣੇ ਨਿਰਯਾਤ ਵਿੱਚ ਕਟੌਤੀ ਕਰਕੇ ਪੂਰਾ ਕਰ ਸਕਦਾ ਹੈ ਜਿਹੜਾ ਕਿ ਸਾਲ 2014-15 ਅਤੇ 2015-16 ਵਿੱਚ ਕ੍ਰਮਵਾਰ 8274 ਹਜ਼ਾਰ ਟਨ ਅਤੇ 6366 ਹਜ਼ਾਰ ਟਨ ਸੀ। ਪਰ ਇਸ ਤਰ੍ਹਾਂ ਕਰਕੇ ਵੀ ਚਾਵਲਾਂ ਦਾ ਭੰਡਾਰਣ ਗੰਭੀਰ ਸੀਮਾਵਾਂ ਵਿੱਚ ਹੀ ਹੋਏਗਾ ਅਤੇ ਇਹ ਭਾਰਤ ਲਈ ਖ਼ਤਰਨਾਕ ਸਥਿਤੀ ਪੈਦਾ ਕਰ ਸਕਦਾ ਹੈ। ਇਸ ਲਈ ਦੇਸ਼ ਦਾ ਅਨਾਜ ਵਿੱਚ ਆਤਮ ਨਿਰਭਰਤਾ ਲਈ ਪੰਜਾਬ, ਖ਼ਾਸ ਤੌਰ 'ਤੇ ਰਾਜ ਦੇ ਝੋਨੇ ਦੇ ਉਤਪਾਦਨ 'ਤੇ ਨਿਰਭਰ ਹੋਣਾ ਹੀ ਕੇਂਦਰ ਸਰਕਾਰ ਨੂੰ ਰਾਜ ਦੇ ਕਿਸਾਨਾਂ ਨੂੰ ਝੋਨੇ ਤੋਂ ਦੂਰ ਕਰਨ ਲਈ ਕੋਈ ਵੀ ਰਣਨੀਤਕ ਫ਼ੈਸਲਾ ਲੈਣ ਤੋਂ ਰੋਕਣ ਵਿੱਚ ਮਹੱਤਵਪੂਰਨ ਕਾਰਨ ਹੈ।

ਪੰਜਾਬ ਸਰਕਾਰ ਅਤੇ ਇਸ ਦੇ ਸਾਰੇ ਹਿੱਤਧਾਰਕਾਂ ਨੂੰ ਇਸ ਕੌੜੀ ਸਚਾਈ ਨੂੰ ਜਾਣਨਾ ਜ਼ਰੂਰੀ ਹੈ ਕਿ ਰਾਜ ਵਿੱਚ ਝੋਨੇ ਦਾ ਉਤਪਾਦਨ ਘਟਾਉਣ ਲਈ ਕੇਂਦਰ ਸਰਕਾਰ ਤੋਂ ਕਿਸੇ ਨੀਤੀਗਤ ਸਮਰਥਨ ਦੀ ਉਮੀਦ ਦੀ ਲੋੜ ਨਹੀਂ ਅਤੇ ਇਸ ਉਮੀਦ ਤੋਂ ਬਿਨਾਂ ਪੰਜਾਬ ਨੂੰ ਝੋਨੇ ਤੋਂ ਦੂਰ ਕਰਨ ਲਈ ਪੰਜਾਬ ਆਧਾਰਤ ਰਣਨੀਤੀ ਤਿਆਰ ਕਰਨੀ ਚਾਹੀਦੀ ਹੈ।

***(ਪ੍ਰੀਤਮ ਸਿੰਘ ਔਕਸਫੋਰਡ ਬਰੂਕਸ ਯੂਨੀਵਰਸਿਟੀ, ਯੂਕੇ ਵਿੱਚ ਪ੍ਰੋਫੈਸਰ ਅਤੇ ਆਰ. ਐਸ. ਮਾਨ ਉੱਥੇ ਅਰਥਸ਼ਾਸਤਰ ਦਾ ਪੀਐੱਚ. ਡੀ. ਵਿਦਿਆਰਥੀ ਹੈ)***

# ਰਾਸ਼ਟਰਪਤੀ ਭਵਨ ਵਿਚ ਸਰਕਾਰ ਨੂੰ ਸੁਹਿਰਦ ਨਿਗ੍ਹਾਬਾਨ ਦੀ ਲੋੜ

**ਹਰੀਸ਼ ਖਰੇ**



ਰਾਸ਼ਟਰਪਤੀ ਦੀ ਚੋਣ ਲਈ ਕਵਾਇਦ ਭਾਵੇਂ ਅਗਲੇ ਦੋ ਹਫ਼ਤਿਆਂ ਬਾਅਦ ਸ਼ੁਰੂ ਹੋਵੇਗੀ, ਫਿਰ ਵੀ ਕੁਝ ਸਿਆਸੀ ਚੌਧਰੀਆਂ ਤੇ ਪ੍ਰਬੰਧਕਾਂ ਨੇ ਸ੍ਰੀ ਪ੍ਰਣਬ ਮੁਖਰਜੀ ਦਾ ਜਾਂਨਸ਼ੀਨ ਲੱਭਣ ਲਈ ਦਾਅ-ਪੇਚ ਤੇ ਜ਼ੋਰ-ਅਜ਼ਮਾਈ ਹੁਣ ਤੋਂ ਹੀ ਆਰੰਭ ਕਰ ਦਿੱਤੀ ਹੈ। ਇਹ ਦੱਸੇ ਜਾਣ 'ਤੇ ਕਿਸੇ ਨੂੰ ਵੀ ਹੈਰਾਨੀ ਨਹੀਂ ਹੋਣੀ ਚਾਹੀਦੀ ਕਿ ਆਪਣੇ ਤੋਂ ਪਹਿਲਾਂ ਵਾਲੇ ਸਾਰੇ ਰਾਸ਼ਟਰਪਤੀਆਂ, ਜਿਨ੍ਹਾਂ ਦੀ ਫਹਿਰਿਸਤ ਡਾ. ਰਾਜੇਂਦਰ ਪ੍ਰਸਾਦ ਤੋਂ ਸ਼ੁਰੂ ਹੁੰਦੀ ਹੈ, ਵਾਂਗ ਰਾਸ਼ਟਰਪਤੀ ਮੁਖਰਜੀ ਵੀ ਰਾਸ਼ਟਰਪਤੀ ਭਵਨ ਵਿੱਚ ਇੱਕ ਹੋਰ ਕਾਰਜਕਾਲ ਬਿਤਾਉਣ ਦੇ ਚਾਹਵਾਨ ਹਨ। ਪਰ ਅਜਿਹਾ ਹੋਣ ਦੀ ਕੋਈ ਸੰਭਾਵਨਾ ਨਹੀਂ। ਉਨ੍ਹਾਂ ਨੇ ਹੁਕਮਰਾਨ ਧਿਰ ਨਾਲ ਇੰਨਾ ਜ਼ਿਆਦਾ ਸਨੇਹ ਨਹੀਂ ਪਾਲਿਆ ਕਿ ਇਹ ਧਿਰ ਉਨ੍ਹਾਂ ਨੂੰ ਸ਼ਾਨਦਾਰ ਤੇ ਸ਼ੋਭਨੀਕ ਰਾਸ਼ਟਰਪਤੀ ਭਵਨ ਵਿੱਚ ਪੰਜ ਹੋਰ ਵਰ੍ਹਿਆਂ ਲਈ ਸਜੇ ਰਹਿਣ ਦਾ ਮੌਕਾ ਬਖ਼ਸ਼ੇ। ਜਿੱਥੋਂ ਤਕ ਵਿਰੋਧੀ ਧਿਰ ਦਾ ਸਵਾਲ ਹੈ, ਪ੍ਰਣਬ ਮੁਖ਼ਰਜੀ ਪ੍ਰਤੀ ਉਸ ਦਾ ਸਨੇਹ ਤੇ ਸਤਿਕਾਰ ਰਲਵਾਂ-ਮਿਲਵਾਂ ਹੀ ਹੈ। ਉਂਜ ਵੀ, ਸ੍ਰੀ ਮੁਖਰਜੀ ਰਾਜੇਨ ਬਾਬੂ ਵਰਗੇ ਕੱਦਾਵਰ ਤਾਂ ਹੈ ਹੀ ਨਹੀਂ।

ਅਜਿਹੀ ਸਥਿਤੀ ਵਿੱਚ ਇੱਕ ਨਵਾਂ ਰਾਸ਼ਟਰਪਤੀ ਤਾਂ ਲੱਭਣਾ ਹੀ ਪੈਣਾ ਹੈ ਅਤੇ ਇਹ ਖੋਜ ਕਾਫ਼ੀ ਔਖੀ ਹੈ; ਇਸ ਨੂੰ ਸੁਖ਼ਾਲਾ ਸਮਝਿਆ ਹੀ ਨਹੀਂ ਜਾਣਾ ਚਾਹੀਦਾ। ਰਾਸ਼ਟਰਪਤੀ ਦਾ ਰੁਤਬਾ ਕੋਈ ਛੋਟਾ ਜਾਂ ਗ਼ੈਰ-ਅਹਿਮ ਅਹੁਦਾ ਤਾਂ ਹੈ ਨਹੀਂ। ਭਾਰਤ ਦਾ ਰਾਸ਼ਟਰਪਤੀ ਹੋਣਾ ਇੱਕ ਗਣਤੰਤਰ ਦਾ ਰਵਾਇਤੀ ਮੁਖੀ ਹੋਣ ਨਾਲੋਂ ਕਿਤੇ ਵੱਡਾ ਰੁਤਬਾ ਹੈ। ਉਸ ਦੀ ਤਾਕਤ ਕਿੰਨੀ ਕੁ ਤੇ ਕਿਸ ਤਰ੍ਹਾਂ ਦੀ ਹੈ, ਇਸ ਦੀ ਅਜੇ ਤਕ ਸਪਸ਼ਟ ਨਿਸ਼ਾਨਦੇਹੀ ਨਹੀਂ ਹੋਈ। ਪਰ ਇਹ ਤਾਕਤ ਘੱਟ ਨਹੀਂ। 1967 ਤੋਂ ਲੈ ਕੇ ਹੁਣ ਤਕ, ਇਹ ਕੋਸ਼ਿਸ਼ਾਂ ਹੁੰਦੀਆਂ ਰਹੀਆਂ ਹਨ ਕਿ ਭਾਰਤ ਦੇ ਰਾਸ਼ਟਰਪਤੀ ਨੂੰ ਵੈਸਟਮਿੰਸਟਰ ਤਰਜ਼ ਦੀ ਸਰਕਾਰ ਵਿੱਚ ਉਲੀਕੇ ਗਏ ਰਾਸ਼ਟਰਪਤੀ ਦੀ ਭੂਮਿਕਾ ਦੇ ਖ਼ਾਕੇ ਨਾਲੋਂ ਵੱਧ ਸਕ੍ਰਿਆ ਸਿਆਸਤੀ ਹਸਤੀ ਬਣਾਇਆ ਜਾਵੇ। ਜ਼ਿਕਰਯੋਗ ਹੈ ਕਿ 1967 ਵਿੱਚ ਕੁਝ ਅਣਦੱਸੇ ਤੇ ਅਣਚਾਹੇ ਕਾਰਨਾਂ ਕਰਕੇ ਸੁਪਰੀਮ ਕੋਰਟ ਦੇ ਇੱਕ ਸਿਟਿੰਗ ਚੀਫ਼ ਜਸਟਿਸ ਸੁੱਬਾ ਰਾਓ ਨੇ ਖ਼ੁਦ ਨੂੰ ਸਿਆਸਤਦਾਨਾਂ ਦੇ ਝੇੜਿਆਂ ਵਿਚ ਲਪੇਟ ਲਿਆ ਅਤੇ ਰਾਸ਼ਟਰਪਤੀ ਭਵਨ ਵਿੱਚ ਜਾ ਟਿਕਣ ਦੇ ਖ਼ਿਆਲ ਤੋਂ ਇਸ ਹੱਦ ਤਕ ਸੰਮੋਹਿਤ ਹੋ ਗਿਆ ਕਿ ਨਿਆਂ ਪਾਲਿਕਾ ਦੀ ਮਾਣ-ਮਰਿਆਦਾ ਭੁੱਲ ਬੈਠਿਆ। ਚੀਫ਼ ਜਸਟਿਸ ਸੁੱਬਾ ਰਾਓ ਸਵਤੰਤਰ ਪਾਰਟੀ ਤੇ ਜਨਸੰਘ ਦੀ ਤਰਫ਼ੋਂ ਕਾਂਗਰਸ ਦੇ ਉਮੀਦਵਾਰ ਤੇ ਅਤਿ-ਸਤਿਕਾਰਤ ਹਸਤੀ ਡਾ. ਜ਼ਾਕਿਰ ਹੁਸੈਨ ਖ਼ਿਲਾਫ਼ ਰਾਸ਼ਟਰਪਤੀ ਦੀ ਚੋਣ ਲੜਿਆ। ਜ਼ਾਕਿਰ ਸਾਹਿਬ ਇਹ ਚੋਣ ਬਹੁਤ ਵੱਡੇ ਅੰਤਰ ਨਾਲ ਜਿੱਤ ਗਏ, ਪਰ ਨਿਆਂ ਪਾਲਿਕਾ ਪਾਰਟੀਆਂ ਦੀ ਸਿਆਸਤ ਤੋਂ ਨਿਰਲੇਪ ਸੰਸਥਾ ਵਾਲਾ ਆਪਣਾ ਮੁਰਾਤਬਾ ਤੇ ਸਾਖ਼ ਗੁਆ ਬੈਠੀ। ਅਤੇ ਫਿਰ 1969 ਵਿੱਚ ਜ਼ਾਕਿਰ ਸਾਹਿਬ ਦੀ ਬੇਵਕਤੀ ਮੌਤ ਕਾਰਨ ਰਾਸ਼ਟਰਪਤੀ ਦੇ ਅਹੁਦੇ ਲਈ ਚੋਣ ਦੁਬਾਰਾ ਕਰਵਾਉਣੀ ਪਈ। ਇਸ ਵਾਰ ਕਾਂਗਰਸ ਦੇ ਚੌਧਰੀਆਂ ਨੇ ਇੰਦਰਾ ਗਾਂਧੀ, ਜਿਸ ਨੂੰ ਉਹ ਸਮਝਦੇ ਸਨ ਕਿ ਕੁਝ ਜ਼ਿਆਦਾ ਹੀ ਵੱਡੀ ਹੋਣ ਦੇ ਰਾਹ ਤੁਰੀ ਹੋਈ ਹੈ, ਦੇ ਪਰ ਕੁਤਰਨ ਦੇ ਇਰਾਦੇ ਨਾਲ ਚੋਣ ਕਰਵਾਉਣ 'ਤੇ ਜ਼ੋਰ ਦਿੱਤਾ। ਇਸ ਤਰ੍ਹਾਂ 1967 ਤੇ 1969 ਦੀਆਂ ਰਾਸ਼ਟਰਪਤੀ ਚੋਣਾਂ ਨੇ ਇੱਕ ਸ਼ਰਾਰਤਪੂਰਨ ਪਿਰਤ ਦਾ ਮੁੱਢ ਬੰਨ੍ਹਿਆ। ਉਦੋਂ ਤੋਂ ਲੈ ਕੇ ਹੁਣ ਤਕ ਸਿਆਸੀ ਜਮਾਤ ਦੇ ਕਿਸੇ ਨਾ ਕਿਸੇ ਵਰਗ ਨੇ ਰਾਸ਼ਟਰਪਤੀ ਭਵਨ ਨੂੰ ਸਮੇਂ ਸਮੇਂ ਆਪਣੇ ਸੌੜੇ ਸਿਆਸੀ ਹਿੱਤਾਂ ਲਈ ਵਰਤਣ ਦੇ ਯਤਨ ਕਰਨੇ ਜਾਰੀ ਰੱਖੇ ਹੋਏ ਹਨ। ਰਾਜੀਵ ਗਾਂਧੀ ਤੇ ਗਿਆਨੀ ਜ਼ੈਲ ਸਿੰਘ ਦਾ ਤਨਾਜ਼ਾ ਰਾਜਸੀ ਵਿਗਿਆਨ ਦੇ ਹਰ ਵਿਦਿਆਰਥੀ ਨੂੰ ਸੰਵਿਧਾਨਕ ਗ਼ਲਤਕਦਮੀ ਬਾਰੇ ਸਾਵਧਾਨ ਕਰਨ ਦੀ ਅਹਿਮ ਮਿਸਾਲ ਹੈ।

> **1967 ਤੇ 1969 ਦੀਆਂ ਰਾਸ਼ਟਰਪਤੀ ਚੋਣਾਂ ਨੇ ਇੱਕ ਸ਼ਰਾਰਤਪੂਰਨ ਪਿਰਤ ਦਾ ਮੁੱਢ ਬੰਨ੍ਹਿਆ। ਉਦੋਂ ਤੋਂ ਲੈ ਕੇ ਹੁਣ ਤਕ ਸਿਆਸੀ ਜਮਾਤ ਦੇ ਕਿਸੇ ਨਾ ਕਿਸੇ ਵਰਗ ਨੇ ਰਾਸ਼ਟਰਪਤੀ ਭਵਨ ਨੂੰ ਸਮੇਂ ਸਮੇਂ ਆਪਣੇ ਸੌੜੇ ਸਿਆਸੀ ਹਿੱਤਾਂ ਲਈ ਵਰਤਣ ਦੇ ਯਤਨ ਕਰਨੇ ਜਾਰੀ ਰੱਖੇ ਹੋਏ ਹਨ। ਰਾਜੀਵ ਗਾਂਧੀ ਤੇ ਗਿਆਨੀ ਜ਼ੈਲ ਸਿੰਘ ਦਾ ਤਨਾਜ਼ਾ ਰਾਜਸੀ ਵਿਗਿਆਨ ਦੇ ਹਰ ਵਿਦਿਆਰਥੀ ਨੂੰ ਸੰਵਿਧਾਨਕ ਗ਼ਲਤਕਦਮੀ ਬਾਰੇ ਸਾਵਧਾਨ ਕਰਨ ਦੀ ਅਹਿਮ ਮਿਸਾਲ ਹੈ।**



ਇਸ ਦੇ ਮੁਕਾਬਲੇ ਰਾਸ਼ਟਰਪਤੀ ਸ਼ੰਕਰ ਦਿਆਲ ਸ਼ਰਮਾ ਵਾਲਾ ਮਾਮਲਾ ਵੀ ਹੈ ਜਦੋਂ 6 ਦਸੰਬਰ 1992 ਨੂੰ ਭਾਰਤ ਦੇ ਧਰਮ-ਨਿਰਪੇਖ ਢਾਂਚੇ ਉੱਪਰ ਹੋਏ ਕਹਿਰੀ ਹਮਲੇ ਬਾਰੇ ਪ੍ਰਧਾਨ ਮੰਤਰੀ ਪੀ.ਵੀ. ਨਰਸਿਮਹਾ ਰਾਓ ਨੇ ਤਾਂ ਖ਼ਾਮੋਸ਼ੀ ਧਾਰੀ ਰੱਖਣਾ ਹੀ ਬਿਹਤਰ ਸਮਝਿਆ, ਪਰ ਰਾਸ਼ਟਰਪਤੀ ਸ਼ਰਮਾ ਨੇ ਆਪਣੀ ਗੱਲ ਕਹਿਣ ਤੋਂ ਗੁਰੇਜ਼ ਨਾ ਕੀਤਾ। ਬਾਅਦ ਵਿੱਚ ਰਾਸ਼ਟਰਪਤੀ ਕੇ.ਆਰ. ਨਰਾਇਣਨ ਨੇ ਵੀ ਸਿਆਸੀ ਨਿਰਪੱਖਤਾ ਤੇ ਸੰਵਿਧਾਨਕ ਨੈਤਿਕਤਾ ਉੱਤੇ ਪਹਿਰਾ ਦਿੰਦਿਆਂ 1997 ਵਿੱਚ ਉੱਤਰ ਪ੍ਰਦੇਸ਼ ਦੀ ਕਲਿਆਣ ਸਿੰਘ ਸਰਕਾਰ ਬਰਤਰਫ਼ ਕਰਨ ਬਾਰੇ ਇੰਦਰ ਕੁਮਾਰ ਗੁਜਰਾਲ ਸਰਕਾਰ ਦੀ ਸਿਫ਼ਾਰਸ਼ ਵਾਪਸ ਮੋੜ ਦਿੱਤੀ। ਦਰਅਸਲ, ਰਾਸ਼ਟਰਪਤੀ ਜੇ ਊਰਜਾਵਾਨ ਹੋਵੇ ਤਾਂ ਅਹਿਮ ਅਵਸਰਾਂ ਉੱਤੇ ਉਹ ਫ਼ੈਸਲਾਕੁਨ ਢੰਗ ਨਾਲ ਮਦਦਗਾਰ ਹੋ ਸਕਦਾ ਹੈ।

ਇਸ ਸਭ ਦੇ ਬਾਵਜੂਦ ਇਹ ਗੱਲ ਬੜੇ ਸਪਸ਼ਟ ਢੰਗ ਨਾਲ ਇੱਥੇ ਦੁਹਰਾਈ ਜਾਣੀ ਜ਼ਰੂਰੀ ਹੈ ਕਿ ਰਾਸ਼ਟਰਪਤੀ ਭਵਨ ਨੂੰ ਹਕੂਮਤੀ ਪ੍ਰਬੰਧ ਦਾ ਸਮਾਨੰਤਰ ਸ਼ਕਤੀ ਕੇਂਦਰ ਨਾ ਤਾਂ ਸਮਝਿਆ ਜਾਣਾ ਚਾਹੀਦਾ ਅਤੇ ਨਾ ਹੀ ਬਣਨ ਦਿੱਤਾ ਜਾਣਾ ਚਾਹੀਦਾ ਹੈ। ਰਾਸ਼ਟਰਪਤੀ ਭਵਨ ਵਿੱਚ ਅਜਿਹੇ ਸਰਗਰਮ ਸਿਆਸੀ ਕਾਰਕੁਨ ਵਾਂਗ ਵਿਚਰਨ ਵਾਲੇ ਰਾਸ਼ਟਰਪਤੀ ਦੀ ਵੀ ਕੋਈ ਥਾਂ ਨਹੀਂ ਜੋ ਲੋਕਤੰਤਰੀ ਢੰਗ ਨਾਲ ਚੁਣੇ ਗਏ ਪ੍ਰਧਾਨ ਮੰਤਰੀ ਲਈ ਅੜਿੱਕੇ ਹੀ ਖੜ੍ਹੇ ਕਰੀ ਜਾਵੇ ਜਾਂ ਸਪੀਡ ਬ੍ਰੇਕਰ ਵਾਂਗ ਵਿਚਰੇ। ਸਿਆਸੀ ਤਾਕਤ ਪ੍ਰਧਾਨ ਮੰਤਰੀ ਕੋਲ ਹੀ ਹੁੰਦੀ ਹੈ। ਉਹ ਕਿੰਨਾ ਤਾਕਤਵਰ ਹੈ, ਇਹ ਕੁਝ ਲੋਕ ਸਭਾ ਦਾ ਭਰੋਸਾ ਅਰਜਿਤ ਕਰਨ ਦੀ ਉਸ ਦੀ ਯੋਗਤਾ ਉੱਤੇ ਨਿਰਭਰ ਕਰਦਾ ਹੈ। ਪ੍ਰਧਾਨ ਮੰਤਰੀ ਹੀ ਲੋਕਾਂ ਦੀ ਜਮਹੂਰੀ ਇੱਛਾ ਤੇ ਸ਼ਕਤੀ ਦਾ ਮੁਜੱਸਮਾ ਹੁੰਦਾ ਹੈ ਅਤੇ ਉਸ ਨੂੰ ਹੀ ਲੋਕਾਂ ਨੇ ਭਾਰਤ ਦੇ ਸੰਵਿਧਾਨ ਮੁਤਾਬਕ ਦੇਸ਼ ਦਾ ਸੁਸ਼ਾਸਨ ਚਲਾਉਣ ਦੀ ਜ਼ਿੰਮੇਵਾਰੀ ਸੌਂਪੀ ਹੁੰਦੀ ਹੈ। ਇਹ ਨਹੀਂ ਕਿ ਰਾਸ਼ਟਰਪਤੀ ਕੋਲ ਅਖ਼ਤਿਆਰ ਜਾਂ ਸ਼ਕਤੀਆਂ ਨਹੀਂ ਹੁੰਦੀਆਂ, ਪਰ ਦੇਸ਼ ਦਾ ਸ਼ਾਸਨ ਚਲਾਉਣਾ ਰਾਸ਼ਟਰਪਤੀ ਦੀ ਜ਼ਿੰਮੇਵਾਰੀ ਨਹੀਂ। ਸਰਪ੍ਰਸਤੀ, ਸ਼ਕਤੀ, ਨੀਤੀਆਂ ਤੇ ਪਹਿਲਕਦਮੀਆਂ ਇਹ ਸਭ ਕੁਝ ਪ੍ਰਧਾਨ ਮੰਤਰੀ ਦੇ ਅਧਿਕਾਰ ਖੇਤਰ ਵਿੱਚ ਆਉਂਦਾ ਹੈ, ਰਾਸ਼ਟਰਪਤੀ ਦੇ ਨਹੀਂ।

ਫਿਰ ਵੀ ਰਾਸ਼ਟਰਪਤੀ ਇੱਕ ਸਾਧਾਰਨ ਰਬੜ ਸਟੈਂਪ ਨਹੀਂ ਹੈ। ਨਾ ਕਿਸੇ ਸ੍ਰੀਮਤੀ ਪ੍ਰਤਿਭਾ ਪਾਟਿਲ ਨੇ ਰਬੜ ਸਟੈਂਪ ਵਾਂਗ ਕੰਮ ਨਹੀਂ ਕੀਤਾ ਅਤੇ ਨਾ ਹੀ ਕੋਈ ਸ੍ਰੀਮਤੀ ਸੁਮਿੱਤਰਾ ਮਹਾਜਨ ਅਜਿਹਾ ਕਰੇਗੀ। ਰਾਸ਼ਟਰਪਤੀ ਭਵਨ ਸੀਨੀਅਰ ਨੇਤਾਵਾਂ ਨੂੰ 'ਪਾਰਟੀ' ਵਿੱਚ ਉਨ੍ਹਾਂ ਦੀਆਂ ਸੇਵਾਵਾਂ ਨੂੰ ਮਾਨਤਾ ਦੇਣ ਲਈ 'ਅਡਜਸਟ' ਕਰਨ ਦਾ ਵੀ ਸਥਾਨ ਨਹੀਂ ਹੈ। ਨਿਸ਼ਚਿਤ ਤੌਰ 'ਤੇ ਰਾਇਸੀਨਾ ਹਿੱਲ ਦਾ ਸਿਖਰਲਾ ਘਰ ਕਿਸੇ ਜੱਜ ਲਈ ਨਹੀਂ ਹੈ ਜਿਸ ਨੇ ਕਿਸੇ ਨਾਜ਼ੁਕ ਮੋੜ 'ਤੇ ਸ਼ਕਤੀਸ਼ਾਲੀ ਸਿਆਸੀ ਨੇਤਾ ਨੂੰ ਸੰਕਟ ਤੋਂ ਬਾਹਰ ਕੱਢਿਆ ਹੋਵੇ।

ਇਸ ਗੱਲ 'ਤੇ ਸਹਿਮਤ ਹੋਣਾ ਚਾਹੀਦਾ ਹੈ ਕਿ ਉਹ ਵਿਅਕਤੀ (ਜਾਂ ਔਰਤ) ਜਿਹੜਾ ਰਾਸ਼ਟਰਪਤੀ ਭਵਨ ਵਿੱਚ ਰਹਿੰਦਾ ਹੈ, ਉਹ ਮਹੱਤਵਪੂਰਨ ਸ਼ਖ਼ਸੀਅਤ ਹੋਣੀ ਚਾਹੀਦੀ ਹੈ। ਇਸ ਲਈ ਰਾਸ਼ਟਰਪਤੀ ਦੇ ਅਹੁਦੇ ਲਈ ਉਮੀਦਵਾਰ ਦਾ ਕੱਦ ਬੁੱਤ ਵੀ ਵੱਡਾ ਹੋਣਾ ਚਾਹੀਦਾ ਹੈ। ਸਦਾਰਤ ਦਾ ਰਸਮੀ ਹਿੱਸਾ ਖ਼ੁਦ ਗਰਿਮਾ ਅਤੇ ਅਨੁਸ਼ਾਸਨ ਦੀ ਮੰਗ ਕਰਦਾ ਹੈ। ਸਰੀਰਿਕ ਤੰਦਰੁਸਤੀ ਤੇ ਫੁਰਤੀਲਾਪਣ ਇਸ ਦੀ ਘੱਟੋ-ਘੱਟ ਯੋਗਤਾ ਹੋਣੀ ਚਾਹੀਦੀ ਹੈ ਅਤੇ ਸ਼ਾਇਦ ਥੋੜ੍ਹੀ ਜਿਹੀ ਬੌਧਿਕ ਸਹਿਣਸ਼ਕਤੀ ਵੀ ਮਹੱਤਵਪੂਰਨ ਹੈ। ਅਸਲ ਵਿੱਚ ਬੌਧਿਕ ਅਤੇ ਵਿਦਵਤਾ ਭਰਪੂਰ ਉਪਲੱਬਧੀਆਂ ਨਾਲ ਰਾਸ਼ਟਰਪਤੀ ਇੱਕ ਅਸਾਸਾ ਬਣ ਜਾਂਦਾ ਹੈ, ਵਿਸ਼ੇਸ਼ ਤੌਰ 'ਤੇ ਵਿਸ਼ਵ ਪੱਧਰੀ ਨੇਤਾਵਾਂ ਨਾਲ ਗੱਲਬਾਤ ਕਰਨ ਮੌਕੇ। ਇਸ ਉਪਯੋਗਤਾ ਪੱਖੋਂ ਰਾਸ਼ਟਰਪਤੀ ਕੇ.ਆਰ. ਨਾਰਾਇਣਨ ਸ਼ਾਨਦਾਰ ਉਦਾਹਰਣ ਸਨ।

ਉੱਤਰ ਪ੍ਰਦੇਸ਼ ਦੀਆਂ ਵਿਧਾਨ ਸਭਾ ਚੋਣਾਂ ਵਿੱਚ ਭਾਜਪਾ ਦੀ ਸ਼ਾਨਦਾਰ ਜਿੱਤ ਤੋਂ ਬਾਅਦ ਰਾਸ਼ਟਰਪਤੀ ਦੀ ਚੋਣ ਵਿੱਚ ਚੋਣ ਮੰਡਲ ਥੋੜ੍ਹਾ ਬਹੁਤ ਐੱਨਡੀਏ ਦੇ ਪੱਖ ਵਿੱਚ ਭੁਗਤ ਸਕਦਾ ਹੈ। ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੇ ਸਲਾਹਕਾਰ ਅਜਿਹਾ ਰਾਸ਼ਟਰਪਤੀ ਬਣਾਉਣ ਦੀ ਗ਼ਲਤੀ ਨਹੀਂ ਕਰ ਸਕਦੇ, ਜਿਹੜਾ ਉਨ੍ਹਾਂ ਦੇ ਵਿਰੁੱਧ ਜਾਣ ਦੀ ਸਮਰੱਥਾ ਰੱਖਦਾ ਹੋਵੇ। ਸੰਵਿਧਾਨ, ਰਾਸ਼ਟਰਪਤੀ ਭਵਨ ਵਿੱਚ ਕਿਸੇ ਟਕਰਾਅਵਾਦੀ ਦੀ ਮੌਜੂਦਗੀ ਦੇ ਪੱਖ ਵਿੱਚ ਨਹੀਂ ਹੈ। ਇਸ ਦੇ ਨਾਲ ਹੀ ਸੂਝਵਾਨ ਨਾਗਰਿਕ ਚਾਹੁੰਦੇ ਹਨ ਕਿ ਅੰਤਿਮ ਚੋਣ ਇੱਕ ਸ਼ਾਨਦਾਰ ਸ਼ਖ਼ਸੀਅਤ ਦੀ ਹੋਵੇ ਜੋ ਪ੍ਰਧਾਨ ਮੰਤਰੀ ਨੂੰ ਸੁਹਿਰਦ ਸਲਾਹ ਦੇਣ ਦਾ ਸਰੋਤ ਬਣ ਸਕੇ।

ਦੂਜੇ ਪਾਸੇ, ਕਾਂਗਰਸ ਦੀ ਅਗਵਾਈ ਵਾਲੀ ਵਿਰੋਧੀ ਧਿਰ ਆਪਣੇ ਮਾਕੂਲ ਅਧਿਕਾਰਾਂ ਦੇ ਦਾਇਰੇ ਵਿੱਚ ਰਹਿੰਦਿਆਂ ਆਗਾਮੀ ਰਾਸ਼ਟਰਪਤੀ ਚੋਣ ਨੂੰ ਆਪਣੀਆਂ ਸਫ਼ਾਂ ਨੂੰ ਮਜ਼ਬੂਤੀ ਬਖ਼ਸ਼ਣ ਅਤੇ ਵੱਖ ਵੱਖ ਗ਼ੈਰ-ਭਾਜਪਾ ਸੰਗਠਨਾਂ ਦਰਮਿਆਨ ਸੰਭਾਵੀ ਏਕਤਾ ਤੇ ਸਹਿਯੋਗ ਨੂੰ ਪਰਖਣ ਲਈ ਵਰਤਣ ਲਈ ਪੂਰੀ ਕੋਸ਼ਿਸ਼ ਕਰੇਗੀ। ਜੇਕਰ ਵਿਰੋਧੀ ਧਿਰ ਕਿਸੇ ਕੱਦਾਵਰ ਅਤੇ ਮਜ਼ਬੂਤ ਸ਼ਖ਼ਸ ਉੱਤੇ ਧਿਆਨ ਕੇਂਦਰਿਤ ਕਰਨ ਦੇ ਯੋਗ ਹੁੰਦੀ ਹੈ ਤਾਂ ਸੱਤਾਧਾਰੀ ਪਾਰਟੀ ਵੀ ਇਸ ਦੇ ਮੇਚ ਦੀ ਆਪਣੀ ਸੁਤੰਤਰ ਚੋਣ ਕਰਨ ਲਈ ਵਚਨਬੱਧ ਹੋਵੇਗੀ।

ਇਹ ਪੇਸ਼ੀਨਗੋਈ ਕਰਨਾ ਮੁਸ਼ਕਿਲ ਹੀ ਨਹੀਂ ਸਗੋਂ ਅਸੰਭਵ ਹੈ ਕਿ ਰਾਸ਼ਟਰਪਤੀ ਕਿਹੋ ਜਿਹਾ ਹੋਵੇਗਾ। ਰਾਸ਼ਟਰਪਤੀ ਭਵਨ ਦੀ ਠਾਠ-ਬਾਠ, ਬਹੁਤ ਹੀ ਬਾਕਮਾਲ ਉਪਚਾਰਕ ਨਿੱਕ-ਸੁੱਕ, ਮਹਾਂਮਹਿਮ ਪ੍ਰਤੀ ਅਪਾਰ ਸ਼ਰਧਾ, ਸੁਨਹਿਰੀ ਫੀਤੀਆਂ ਵਾਲੀਆਂ ਵਰਦੀਆਂ ਪਹਿਨੀ ਸੋਹਣੇ ਸੁਨੱਖੇ ਅਤੇ ਦਰਸ਼ਨੀ ਏਡੀਸੀ ਅਤੇ ਸ਼ਾਨੋ-ਸ਼ੌਕਤ ਦੇ ਹੋਰ ਬਹੁਤ ਸਾਰੇ ਚਿੰਨ੍ਹ ਮਿਲ ਕੇ ਸ਼ਕਤੀ ਦਾ ਫਰਜ਼ੀ ਜਿਹਾ ਅਹਿਸਾਸ ਕਰਵਾਉਂਦੇ ਹਨ। ਅਤੇ ਫਿਰ ਕਈ ਵਾਰ ਪਰਿਵਾਰਕ ਮੈਂਬਰ ਵੀ ਹੁੰਦੇ ਹਨ ਜੋ ਭਰਮਜਾਲ ਬੁਣਨ ਅਤੇ ਵਿਦਰੋਹ ਦੀ ਭਾਵਨਾ ਨੂੰ ਭੜਕਾਉਣ ਵਾਲਾ ਕੰਮ ਕਰ ਜਾਂਦੇ ਹਨ। ਇਸ ਦੇ ਨਾਲ ਹੀ ਅਜਿਹੇ ਸ਼ਾਤਿਰ ਸਹਿਯੋਗੀਆਂ ਨੂੰ ਵੀ ਨਹੀਂ ਭੁੱਲਣਾ ਚਾਹੀਦਾ ਜੋ ਸਾਜ਼ਿਸ਼ਾਂ ਦੇ ਮਾਇਆਜਾਲ ਬੁਣਨ ਨੂੰ ਤਰਜੀਹ ਦੇਣਾ ਆਪਣਾ ਪਰਮ ਧਰਮ ਸਮਝਦੇ ਹਨ।

ਪਰਿਪੱਕ ਰਾਜਪ੍ਰਬੰਧ ਸੁਭਾਵਕ ਹੀ ਅਜਿਹੀਆਂ ਗ਼ਲਤ ਗਿਣਤੀਆਂ ਮਿਣਤੀਆਂ ਅਤੇ ਸ਼ਰਾਰਤਾਂ ਉੱਤੇ ਨਜ਼ਰ ਰੱਖਦਾ ਹੈ। ਅਤੇ ਇਕੱਲੇ ਇਸੇ ਕਾਰਨ ਕਰਕੇ ਹੀ ਕਿਸੇ ਰੱਜੇ ਪੁੱਜੇ ਅਤੇ ਵਿਦਵਾਨ ਵਿਅਕਤੀ ਦੀ ਚੋਣ ਗਣਤੰਤਰ ਲਈ ਲਾਜ਼ਮੀ ਹੋ ਜਾਂਦੀ ਹੈ। ਰਾਸ਼ਟਰ ਪ੍ਰਮੁੱਖ ਹੋਣ ਨਾਤੇ ਰਾਸ਼ਟਰਪਤੀ ਗਣਤੰਤਰੀ ਸਦਾਚਾਰ ਅਤੇ ਹੰਢਣਸਾਰਤਾ ਦਾ ਨਿਗਾਹਬਾਨ ਬਣ ਜਾਂਦਾ ਹੈ। ਨਾਗਰਿਕ ਤਵੱਕੋ ਕਰਦੇ ਹਨ ਕਿ ਰਾਸ਼ਟਰਪਤੀ ਮੁਲਕ ਵਿੱਚ ਵਾਪਰ ਰਹੀਆਂ ਘਟਨਾਵਾਂ ਉੱਤੇ ਪੈਨੀ ਨਜ਼ਰ ਰੱਖੇ। ਨਾਗਰਿਕ, ਖ਼ਾਸਕਰ ਮੱਧ ਵਰਗ, ਮੁੜ ਯਕੀਨੀ ਬਣਾਉਣਾ ਪਸੰਦ ਕਰਦੇ ਹਨ ਕਿ ਇੱਕ ਖ਼ਾਸ ਸੰਵਿਧਾਨਕ ਸਮੁੱਚਤਾ ਸਹਾਰੇ ਹੀ ਨੀਤੀ ਮਜ਼ਬੂਤੀ ਨਾਲ ਟਿਕੀ ਹੋਈ ਹੈ। ਦੂਜੇ ਸ਼ਬਦਾਂ ਵਿੱਚ, ਫ਼ਖਰੂਦੀਨ ਅਲੀ ਅਹਿਮਦ ਵਰਗੀ ਕਾਇਰਤਾ ਨਹੀਂ ਦਿਖਾਈ ਜਾਵੇਗੀ। ਕਿਸੇ ਵੀ ਕਿਸਮ ਦਾ ਸੰਵਿਧਾਨਕ ਅਸੰਤੁਲਨ ਕਾਇਮ ਕੀਤੇ ਬਿਨਾਂ ਅਗਲੇ ਰਾਸ਼ਟਰਪਤੀ ਤੋਂ ਤਵਾਜ਼ਨ ਕਾਇਮੀ ਦੀ ਉਮੀਦ ਕੀਤੀ ਜਾਵੇਗੀ।

---

## ਗੱਲਬਾਤ ਨਾਲ ਸੁਲਝ ਸਕਦਾ ਹੈ ਜਾਧਵ ਦਾ ਮਾਮਲਾ

> **ਕਿੰਨੀ ਹੈਰਾਨੀ ਵਾਲੀ ਗੱਲ ਹੈ ਕਿ ਦੋਨਾਂ ਦੇਸ਼ਾਂ ਦੇ ਨੇਤਾ ਆਮ ਮੁੱਦਿਆਂ 'ਤੇ ਇਕ-ਦੂਜੇ ਨਾਲ ਫ਼ੋਨ 'ਤੇ ਗੱਲਬਾਤ ਕਰਦੇ ਰਹਿੰਦੇ ਹਨ, ਪਰ ਇਸ ਨਾਜ਼ੁਕ ਸਵਾਲ 'ਤੇ ਉਨ੍ਹਾਂ ਵਿਚਕਾਰ ਕੋਈ ਗੱਲਬਾਤ ਨਹੀਂ ਹੈ। ਇਹ ਮਾਮਲਾ ਇੰਨਾ ਉਲਝਿਆ ਹੋਇਆ ਵੀ ਨਹੀਂ ਹੈ ਕਿ ਗੱਲਬਾਤ ਨਾਲ ਹੱਲ ਨਾ ਹੋ ਸਕੇ।**

**ਵੇਦਪ੍ਰਤਾਪ ਵੈਦਿਕ,**
ਭਾਰਤੀ ਵਿਦੇਸ਼ ਨੀਤੀ ਪ੍ਰੀਸ਼ਦ ਦੇ ਮੁਖੀ

ਭਾਰਤੀ ਨਾਗਰਿਕ ਕੁਲਭੂਸ਼ਣ ਯਾਦਵ ਦੇ ਮਾਮਲੇ 'ਚ ਹੇਗ ਦੀ ਕੌਮਾਂਤਰੀ ਅਦਾਲਤ ਨੇ ਪਾਕਿਸਤਾਨ ਦਾ ਮੂੰਹ ਬੰਦ ਕਰ ਦਿੱਤਾ ਹੈ। ਉਸ ਅਦਾਲਤ ਨੇ ਪਾਕਿਸਤਾਨ ਸਰਕਾਰ ਨੂੰ ਚਾਰ ਮੋਟੇ-ਮੋਟੇ ਨਿਰਦੇਸ਼ ਦਿੱਤੇ ਹਨ। ਪਹਿਲਾ, ਇਹ ਕਿ ਜਾਧਵ ਦਾ ਮਾਮਲਾ ਜਦੋਂ ਤੱਕ ਉਸ ਅਦਾਲਤ 'ਚ ਹੈ, ਉਸ ਨੂੰ ਸਜ਼ਾ-ਏ-ਮੌਤ ਨਾ ਦਿੱਤੀ ਜਾਵੇ। ਦੂਜਾ, ਉਸ ਨੂੰ ਪਾਕਿਸਤਾਨ ਸਥਿਤ ਭਾਰਤੀ ਦੂਤਘਰ ਤੋਂ ਕਾਨੂੰਨੀ ਮਦਦ ਦਿੱਤੀ ਜਾਵੇ। ਤੀਜਾ, ਕਿਸੇ ਮੁਲਜ਼ਮ ਨੂੰ ਦੂਤਘਰ ਦੀ ਮਦਦ ਮਿਲੇ ਜਾਂ ਨਾ ਮਿਲੇ, ਇਸ ਬਾਰੇ ਕੀਤਾ ਗਿਆ 2008 ਦਾ ਭਾਰਤ-ਪਾਕਿ ਸਮਝੌਤਾ ਜਾਧਵ 'ਤੇ ਲਾਗੂ ਨਹੀਂ ਹੋਵੇਗਾ, ਕਿਉਂਕਿ ਇਹ 'ਵਿਯਨਾ ਕਨਵੈਂਨਸ਼ਨ ਵਿਰੁੱਧ ਹੈ। ਇਸ 'ਤੇ 193 ਦੇਸ਼ਾਂ ਦੇ ਹਸਤਾਖ਼ਰ ਹਨ, ਜਿਸ 'ਚ ਭਾਰਤ ਤੇ ਪਾਕਿਸਤਾਨ ਵੀ ਸ਼ਾਮਲ ਹਨ। ਚੌਥਾ, ਜਾਧਵ ਦੀ ਸੁਰੱਖਿਆ ਬਾਰੇ ਪਾਕਿਸਤਾਨ ਜੋ ਵੀ ਕਾਰਵਾਈ ਕਰੇ, ਉਸ ਦੀ ਸੂਚਨਾ ਉਹ ਅਦਾਲਤ ਨੂੰ ਦਿੰਦਾ ਰਹੇ। 'ਵਿਯਨਾ ਕਨਵੈਂਨਸ਼ਨ' ਇਸ ਮਾਮਲੇ 'ਚ ਇਸ ਲਈ ਵੀ ਲਾਗੂ ਹੋਵੇਗਾ ਕਿਉਂਕਿ 2008 ਦਾ ਭਾਰਤ-ਪਾਕਿ ਸਮਝੌਤਾ ਸੰਯੁਕਤ ਰਾਸ਼ਟਰ 'ਚ ਹਾਲੇ ਤਕ ਨਾਮਜ਼ਦ ਨਹੀਂ ਹੋਇਆ ਹੈ।

ਕੌਮਾਂਤਰੀ ਅਦਾਲਤ ਨੇ ਇਹ ਅੰਤਰਿਮ ਫ਼ੈਸਲਾ ਸਰਬਸੰਮਤੀ ਨਾਲ ਦਿੱਤਾ ਹੈ। ਜੇ ਭਾਰਤ ਦੇ ਪੱਖ 'ਚ ਕੁੱਝ ਵੀ ਵਿਵਾਦਤ ਹੁੰਦਾ ਹੈ ਤਾਂ 11 'ਚੋਂ ਦੋ-ਚਾਰ ਜੱਜ ਤਾਂ ਪਾਕਿਸਤਾਨ ਦੇ ਪੱਖ 'ਚ ਬੋਲਦੇ। 11 ਜੱਜਾਂ 'ਚ ਚੀਨ, ਰੂਸ ਅਤੇ ਅਮਰੀਕਾ ਦੇ ਵੀ ਜੱਜ ਹਨ। ਇਨ੍ਹਾਂ ਤਿੰਨਾਂ ਦੇਸ਼ਾਂ ਦੀ ਅੱਜਕੱਲ੍ਹ ਪਾਕਿਸਤਾਨ ਨਾਲ ਚੰਗੀ ਬਣ ਰਹੀ ਹੈ। ਚੀਨ ਅਤੇ ਅਮਰੀਕਾ ਤਾਂ ਪਾਕਿਸਤਾਨ ਦੇ ਕਈ ਸਾਲਾਂ ਤੋਂ ਮਿੱਤਰ ਰਹੇ ਹਨ ਅਤੇ ਅੱਜਕੱਲ੍ਹ ਰੂਸ ਵੀ ਇਨ੍ਹਾਂ ਨਾਲ ਸਬੰਧ ਵਧਾ ਰਿਹਾ ਹੈ। ਜੇ ਜਾਧਵ ਦੇ ਮਾਮਲੇ 'ਚ ਕੁੱਝ ਵੀ ਦਮ ਹੁੰਦਾ ਤਾਂ ਇਹ ਤਿੰਨੇ ਜੱਜ ਚੁੱਪ ਰਹਿੰਦੇ ਜਾਂ ਪਾਕਿਸਤਾਨ ਦੇ ਪੱਖ 'ਚ ਕੁੱਝ ਨਾ ਕੁੱਝ ਬੋਲਦੇ। ਅੰਤਰਿਮ ਫ਼ੈਸਲਾ ਆਉਣ ਤੋਂ ਬਾਅਦ ਪਾਕਿਸਤਾਨ



ਦੇ ਵਿਰੋਧੀ ਧਿਰਾਂ ਨੇ ਪੁੱਛਿਆ ਹੈ ਕਿ ਉਨ੍ਹਾਂ ਦੀ ਸਰਕਾਰ ਨੇ ਕਿਸੇ 'ਮੂਰਖ' ਜਿਹੇ ਵਕੀਲ ਨੂੰ ਉੱਥੇ ਕਿਉਂ ਭੇਜਿਆ? ਉਹ ਜੱਜਾਂ ਨੂੰ ਸਹੀ ਤਰੀਕੇ ਨਾਲ ਦੱਸ ਹੀ ਨਹੀਂ ਸਕਿਆ ਕਿ ਜਾਧਵ ਨੂੰ ਫ਼ੌਜੀ ਅਦਾਲਤ 'ਚ ਲਿਜਾਉਣ ਅਤੇ ਮੌਤ ਦੀ ਸਜ਼ਾ ਦੇਣ ਦਾ ਕੀ ਕਾਰਨ ਹੈ?

ਬਾਕੀ ਸਫ਼ਾ 27 'ਤੇ

# ਮੋਦੀ ਦੀ ਹਕੂਮਤ 'ਚ ਮਨੁੱਖੀ ਅਧਿਕਾਰਾਂ ਦੀ 'ਹਜਾਮਤ'

## ਮਨੁੱਖੀ ਢਾਲ ਬਣਾਉਣ ਵਾਲੇ ਮੇਜਰ ਨੂੰ ਐਵਾਰਡ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਭਾਜਪਾ ਸਰਕਾਰ ਜੰਮੂ-ਕਸ਼ਮੀਰ ਵਿਚ ਹਾਲਾਤ ਸੁਧਾਰਨ ਦੀ ਬਜਾਏ ਹੋਰ ਵੀ ਵਿਗਾੜਨ ਦੇ ਰਾਹ ਤੁਰ ਪਈ ਹੈ। ਜਿਹੜੀ ਫ਼ੌਜ ਨੂੰ ਭਾਰਤ ਦੀਆਂ ਸਰਹੱਦਾਂ 'ਤੇ ਤਾਇਨਾਤ ਕਰਕੇ ਸੁਰੱਖਿਆ ਯਕੀਨੀ ਬਣਾਈ ਜਾਣੀ ਸੀ, ਉਸੇ ਫ਼ੌਜ ਨੂੰ ਆਪਣੇ ਹੀ ਲੋਕਾਂ 'ਤੇ 'ਤਾਕਤ' ਵਰਤਣ ਦੀ ਪੂਰੀ ਖੁੱਲ੍ਹ ਦਿੱਤੀ ਜਾ ਰਹੀ ਹੈ। ਤੇ ਜੇਕਰ ਕੋਈ ਇਸ ਦਾ ਵਿਰੋਧ ਕਰਦਾ ਹੈ ਤਾਂ ਇਸ ਦੀ ਭਗਵੀਂ ਬ੍ਰਿਗੇਡ ਦੇ 'ਫ਼ੌਜੀ' ਅਣਮਨੁੱਖੀ ਵਤੀਰਾ ਅਪਣਾਉਂਦੇ ਹੋਏ, ਉਨ੍ਹਾਂ 'ਤੇ ਸ਼ਬਦੀ ਵਾਣ ਚਲਾ ਰਹੇ ਹਨ। ਉਂਜ ਇਹ ਵਰਤਾਰਾ ਪਹਿਲੀ ਵਾਰ ਦੇਖਣ ਨੂੰ ਨਹੀਂ ਮਿਲਿਆ। ਮੋਦੀ ਦੀ ਭਗਵੀਂ ਬ੍ਰਿਗੇਡ ਰਾਸ਼ਟਰਵਾਦ ਦੇ ਨਾਂ 'ਤੇ ਲੋਕਾਂ 'ਤੇ ਸ਼ਰੇਆਮ ਜ਼ੁਲਮ ਕਰਦੇ ਆ ਰਹੇ ਹਨ। ਇਸ ਦੇ ਅਖੌਤੀ ਗਊ ਰੱਖਿਅਕ ਤਾਂ ਲੋਕਾਂ ਦੀ ਜਾਨ ਤਕ ਲੈ ਰਹੇ ਹਨ ਪਰ ਬੜਬੋਲੇ ਪ੍ਰਧਾਨ ਮੰਤਰੀ ਚੁੱਪ ਹਨ। ਤਾਜ਼ਾ ਮਾਮਲੇ ਵਿਚ ਜਿੱਥੇ ਮਨੁੱਖੀ ਢਾਲ ਬਣਾਉਣ ਵਾਲੇ ਫ਼ੌਜੀ ਜਵਾਨ ਨੂੰ ਸਨਮਾਨਿਤ ਕੀਤਾ ਗਿਆ ਹੈ, ਉਥੇ ਫ਼ੌਜ ਦੀਆਂ ਗ਼ਲਤ ਕਾਰਵਾਈਆਂ ਦਾ ਵਿਰੋਧ ਕਰਨ ਵਾਲੀ ਲੇਖਿਕਾ ਅਰੁੰਧਤੀ ਰਾਏ ਖ਼ਿਲਾਫ਼ ਅਦਾਕਾਰ ਤੇ ਭਾਜਪਾ ਆਗੂ ਪਰੇਸ਼ ਰਾਵਲ ਨੂੰ ਜ਼ਹਿਰ ਉਗਲਿਆ ਗਿਆ ਹੈ। ਫ਼ੌਜੀ ਜਵਾਨ ਦਾ ਸਨਮਾਨ ਕਰਕੇ, ਉਨ੍ਹਾਂ ਦੀਆਂ ਵਾਗਾਂ ਹੋਰ ਖੋਲ੍ਹ ਦਿੱਤੀਆਂ ਗਈਆਂ ਹਨ ਕਿ ਉਹ ਜਿੰਨਾ ਮਰਜ਼ੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਕਰ ਸਕਦੇ ਹਨ।



ਭਗਵੀਂ ਬ੍ਰਿਗੇਡ ਦੇ 'ਫ਼ੌਜੀ' ਪਰੇਸ਼ ਰਾਵਲ ਦੀ ਬੇਲਗਾਮ ਜ਼ੁਬਾਨ-ਅਰੁੰਧਤੀ ਨੂੰ ਬੰਨ੍ਹਿਆ ਜਾਵੇ ਜੀਪ ਨਾਲ

ਜ਼ਿਕਰਯੋਗ ਹੈ ਕਿ ਕਸ਼ਮੀਰ ਵਿਚ ਵਿਅਕਤੀ ਨੂੰ ਜੀਪ ਅੱਗੇ ਬੰਨ੍ਹ ਕੇ ਮਨੁੱਖੀ ਢਾਲ ਬਣਾਉਣ ਵਾਲੇ ਮੇਜਰ ਐਲ ਗੋਗੋਈ ਨੂੰ ਥਲ ਸੈਨਾ ਦੇ ਮੁਖੀ ਜਨਰਲ ਬਿਪਿਨ ਰਾਵਤ ਵੱਲੋਂ ਦਹਿਸ਼ਤੀ ਕਾਰਵਾਈਆਂ ਖ਼ਿਲਾਫ਼ ਮੁਹਿੰਮ ਵਿਚ ਯੋਗਦਾਨ ਲਈ 'ਸ਼ਲਾਘਾਯੋਗ ਪੱਤਰ' ਨਾਲ ਸਨਮਾਨਿਤ ਕੀਤਾ ਗਿਆ ਹੈ। ਪੱਥਰਬਾਜ਼ਾਂ ਦੇ ਟਾਕਰੇ ਲਈ ਜੀਪ ਮੂਹਰੇ ਮਨੁੱਖੀ ਢਾਲ ਬਣਾਉਣ ਵਾਲੇ ਮੇਜਰ ਖ਼ਿਲਾਫ਼ ਕੋਰਟ ਆਫ਼ ਇੰਕੁਆਇਰੀ ਵੀ ਚਲ ਰਹੀ ਹੈ ਅਤੇ ਗੋਗੋਈ ਨੂੰ ਜਨਰਲ ਰਾਵਤ ਨੇ ਹੁਣੇ ਜਿਹੇ ਜੰਮੂ-ਕਸ਼ਮੀਰ ਦੇ ਦੌਰੇ ਮੌਕੇ ਸਨਮਾਨਿਤ ਕੀਤਾ।

ਉਧਰ ਭਾਜਪਾ ਸੰਸਦ ਮੈਂਬਰ ਪਰੇਸ਼ ਰਾਵਲ ਵੱਲੋਂ ਲੇਖਿਕਾ ਅਰੁੰਧਤੀ ਰਾਏ ਖ਼ਿਲਾਫ਼ ਕੀਤੀ ਗਈ ਟਿੱਪਣੀ ਨਾਲ ਉਨ੍ਹਾਂ ਦੀ ਆਲੋਚਨਾ ਹੋ ਰਹੀ ਹੈ। ਭਾਜਪਾ ਅਤੇ ਵਾਦੀ ਵਿਚ ਫ਼ੌਜੀ ਕਾਰਵਾਈ ਖ਼ਿਲਾਫ਼ ਆਵਾਜ਼ ਬੁਲੰਦ ਕਰਨ ਵਾਲੀ ਅਰੁੰਧਤੀ ਰਾਏ 'ਤੇ ਨਜ਼ਲਾ ਝਾੜਦਿਆਂ ਅਦਾਕਾਰ ਅਤੇ ਸਿਆਸਤਦਾਨ ਪਰੇਸ਼ ਰਾਵਲ ਨੇ ਟਵੀਟ ਕਰ ਕੇ ਕਿਹਾ ਕਿ ਪੱਥਰ ਸੁੱਟਣ ਵਾਲੇ ਨੌਜਵਾਨ ਦੀ ਬਜਾਏ ਫ਼ੌਜ ਦੀ ਜੀਪ ਨਾਲ ਅਰੁੰਧਤੀ ਨੂੰ ਬੰਨ੍ਹਿਆ ਜਾਣਾ ਚਾਹੀਦਾ ਹੈ। ਪਿਛਲੇ ਦਿਨੀਂ ਕਸ਼ਮੀਰ ਵਿਚ ਸੁਰੱਖਿਆ ਬਲਾਂ ਨੇ ਪੱਥਰਬਾਜ਼ਾਂ ਨਾਲ ਟਾਕਰੇ ਲਈ 'ਮਨੁੱਖੀ ਢਾਲ' ਵਜੋਂ ਇਕ ਨੌਜਵਾਨ ਨੂੰ ਜੀਪ ਨਾਲ ਬੰਨ੍ਹ ਦਿੱਤਾ ਸੀ ਅਤੇ ਇਸੇ ਦਾ ਹਵਾਲਾ ਦੇ ਕੇ ਪਰੇਸ਼ ਰਾਵਲ ਨੇ ਅਰੁੰਧਤੀ ਖ਼ਿਲਾਫ਼ ਭੜਾਸ ਕੱਢੀ ਹੈ। ਪਰੇਸ਼ ਦੇ ਟਵੀਟ ਦੀ ਸੋਸ਼ਲ ਮੀਡੀਆ 'ਤੇ ਨਿਖੇਧੀ ਹੋ ਰਹੀ ਹੈ ਅਤੇ ਕਈਆਂ ਨੇ ਉਸ ਨੂੰ ਹਿੰਸਾ ਭੜਕਾਉਣ ਵਾਲਾ ਕਰਾਰ ਦਿੱਤਾ ਹੈ। ਜਦੋਂ ਇਕ ਹਮਾਇਤੀ ਨੇ ਸੁਝਾਅ ਦਿੱਤਾ ਕਿ ਬੁੱਕਰ ਪੁਰਸਕਾਰ ਜੇਤੂ ਲੇਖਕ ਦੀ ਬਜਾਏ ਇਕ ਮਹਿਲਾ ਪੱਤਰਕਾਰ ਨਾਲ ਉਕਤ ਵਤੀਰਾ ਕੀਤਾ ਜਾਣਾ ਚਾਹੀਦਾ ਹੈ ਤਾਂ ਰਾਵਲ ਨੇ ਕਿਹਾ ਕਿ ਅਜਿਹੇ ਕਈ ਲੋਕ ਹਨ ਜਿਨ੍ਹਾਂ ਨਾਲ ਇੰਜ ਕੀਤਾ ਜਾਣਾ ਬਣਦਾ ਹੈ। ਕਾਂਗਰਸ ਜਨਰਲ ਸਕੱਤਰ ਦਿਗਵਿਜੇ ਸਿੰਘ ਨੇ ਭਾਜਪਾ 'ਤੇ ਵਰ੍ਹਦਿਆਂ ਕਿਹਾ, "ਕਿਉਂ ਨਹੀਂ ਅਜਿਹੇ ਵਿਅਕਤੀ ਨੂੰ ਬੰਨ੍ਹਿਆ ਜਾਵੇ ਜਿਸ ਨੇ ਪੀਡੀਪੀ-ਭਾਜਪਾ ਗਠਜੋੜ ਬਣਾਇਆ।" ਕੇਂਦਰੀ ਮੰਤਰੀ ਸਮ੍ਰਿਤੀ ਇਰਾਨੀ ਨੇ ਪਰੇਸ਼ ਰਾਵਲ ਦੇ ਟਵੀਟ ਤੋਂ ਪਾਰਟੀ ਨੂੰ ਵੱਖ ਕਰ ਲਿਆ ਅਤੇ ਕਿਹਾ ਕਿ ਹਿੰਸਕ ਸੁਨੇਹੇ ਦੀ ਭਾਜਪਾ ਕਦੇ ਹਮਾਇਤ ਨਹੀਂ ਕਰੇਗੀ।

# ਭਾਰਤੀ ਫ਼ੌਜ ਨੇ ਪਾਕਿਸਤਾਨੀ ਚੌਕੀਆਂ 'ਤੇ ਦਾਗ਼ੀਆਂ ਮਿਜ਼ਾਈਲਾਂ

### *22 ਸਕਿੰਟਾਂ ਦੀ ਵੀਡੀਓ ਕੀਤੀ ਜਾਰੀ; ਪਾਕਿਸਤਾਨ ਵੱਲੋਂ ਖ਼ੰਡਨ*

**ਨਵੀਂ ਦਿੱਲੀ/ਬਿਊਰੋ ਨਿਊਜ਼ :** ਭਾਰਤੀ ਫ਼ੌਜ ਨੇ ਕੰਟਰੋਲ ਰੇਖਾ 'ਤੇ ਲਗਾਤਾਰ ਗੋਲਾਬਾਰੀ ਕਰਕੇ ਪਾਕਿਸਤਾਨੀ ਚੌਕੀਆਂ ਨੂੰ ਤਬਾਹ ਕਰ ਦਿੱਤਾ। ਫ਼ੌਜ ਨੇ ਇਸ ਸਬੰਧੀ ਇਕ ਵੀਡੀਓ ਵੀ ਜਾਰੀ ਕੀਤੀ ਹੈ। ਦੂਜੇ ਪਾਸੇ ਪਾਕਿਸਤਾਨੀ ਫ਼ੌਜ ਨੇ ਨੌਸ਼ਹਿਰਾ ਸੈਕਟਰ ਵਿੱਚ ਚੌਕੀ ਤਬਾਹ ਕਰਨ ਦੇ ਭਾਰਤ ਦੇ ਦਾਅਵੇ ਦਾ ਖੰਡਨ ਕੀਤਾ ਹੈ। ਭਾਰਤੀ ਫ਼ੌਜ ਨੇ ਨੌਸ਼ਹਿਰਾ ਸੈਕਟਰ ਵਿੱਚ ਘੁਸਪੈਠ ਵਿੱਚ ਮਦਦ ਕਰਨ ਵਾਲੀ ਚੌਕੀ ਨੂੰ ਤਬਾਹ ਕਰਨ ਦੀ ਕਾਰਵਾਈ ਬਾਰੇ ਵਧੇਰੇ ਜਾਣਕਾਰੀ ਨਹੀਂ ਦਿੱਤੀ ਜਦੋਂ ਕਿ ਫ਼ੌਜ ਵਿਚਲੇ ਸੂਤਰਾਂ ਅਨੁਸਾਰ ਇਹ ਕਾਰਵਾਈ ਨੌਂ ਮਈ ਨੂੰ ਭਾਰਤੀ ਫ਼ੌਜ ਦੇ ਦੋ ਜਵਾਨਾਂ ਦੇ ਸਿਰ ਵੱਢੇ ਜਾਣ ਦੇ ਨੌਂ ਦਿਨਾਂ ਬਾਅਦ ਕੀਤੀ ਗਈ ਸੀ।

ਵਧੀਕ ਡਾਇਰੈਕਟਰ ਜਨਰਲ ਆਫ ਪਬਲਿਕ ਇਨਫਰਮੇਸ਼ਨ ਮੇਜਰ ਜਨਰਲ ਏ ਕੇ ਨਰੂਲਾ ਨੇ ਦੱਸਿਆ ਕਿ ਫ਼ੌਜ ਦੀ ਨੌਸ਼ਹਿਰਾ ਸੈਕਟਰ ਵਿੱਚ ਕੀਤੀ ਹਾਲੀਆ ਕਾਰਵਾਈ ਨੇ ਪਾਕਿਸਤਾਨੀ ਚੌਕੀਆਂ ਨੂੰ ਕੁਝ ਨੁਕਸਾਨ ਪਹੁੰਚਾਇਆ ਹੈ, ਜਿਹੜੀਆਂ ਘੁਸਪੈਠੀਆਂ ਦੀ ਮਦਦ ਕਰ ਰਹੀਆਂ ਸਨ। ਇਹ ਅਤਿਵਾਦ ਨੂੰ ਨਜਿੱਠਣ ਦੀ ਯੋਜਨਾ ਦਾ ਇਕ ਹਿੱਸਾ ਸੀ। ਸਰਕਾਰ ਵੱਲੋਂ ਫ਼ੌਜ ਦੀ ਇਸ ਕਾਰਵਾਈ ਦਾ ਸਮਰਥਨ ਕਰਦਿਆਂ ਰੱਖਿਆ ਮੰਤਰੀ ਅਰੁਣ ਜੇਤਲੀ ਨੇ ਟਵੀਟ ਕੀਤਾ ਕਿ ਜੰਮੂ-ਕਸ਼ਮੀਰ ਵਿੱਚ ਸ਼ਾਂਤੀ ਬਹਾਲੀ ਲਈ ਇਹ ਜ਼ਰੂਰੀ ਸੀ। ਉਨ੍ਹਾਂ ਕਿਹਾ ਕਿ ਭਾਰਤੀ ਫ਼ੌਜ ਵਾਦੀ ਵਿੱਚ ਅਤਿਵਾਦ ਨਾਲ ਨਜਿੱਠਣ ਲਈ ਲੋੜੀਂਦੇ ਕਦਮ ਚੁੱਕ ਰਹੀ ਹੈ ਅਤੇ ਕੰਟਰੋਲ ਰੇਖਾ 'ਤੇ ਘੁਸਪੈਠੀਆਂ ਦੀ ਮਦਦ ਕਰਨ ਵਾਲੀਆਂ ਚੌਕੀਆਂ ਨੂੰ ਤਬਾਹ ਕਰ ਰਹੀ ਹੈ। ਦੂਜੇ ਪਾਸੇ ਪਾਕਿਸਤਾਨ ਦੀ ਇੰਟਰ ਸਰਵਿਸਿਜ਼ ਪਬਲਿਕ ਰਿਲੇਸ਼ਨ ਦੇ ਡਾਇਰੈਕਟਰ ਜਨਰਲ ਮੇਜਰ ਜਨਰਲ ਆਸਿਫ ਗਫੂਰ ਨੇ ਆਪਣੇ ਟਵੀਟ ਵਿੱਚ ਭਾਰਤੀ ਵੱਲੋਂ ਘੁਸਪੈਠੀਆਂ ਦੀ ਮਦਦ ਕਰਨ ਵਾਲੀ ਚੌਕੀ ਨੂੰ ਤਬਾਹ ਕਰਨ ਵਾਲੇ ਦਾਅਵੇ ਦਾ ਖੰਡਨ ਕੀਤਾ ਹੈ।



ਭਾਰਤੀ ਫ਼ੌਜ ਵਿਚਲੇ ਸੂਤਰਾਂ ਦਾ ਕਹਿਣਾ ਹੈ ਕਿ ਇਹ ਕਾਰਵਾਈ ਪਾਕਿਸਤਾਨ ਨੂੰ ਇਕ ਸੁਨੇਹਾ ਹੈ ਕਿ ਜੇ ਉਸ ਵੱਲੋਂ ਘੁਸਪੈਠ ਕਰਾਉਣ ਦੀ ਕੋਸ਼ਿਸ਼ ਬੰਦ ਨਾ ਕੀਤੀ ਗਈਤਾਂ ਉਹ ਖ਼ਿਲਾਫ਼ ਸਖ਼ਤ ਕਾਰਵਾਈ ਕੀਤੀ ਜਾਵੇਗੀ। ਫ਼ੌਜ ਵੱਲੋਂ ਜਾਰੀ 22 ਸਕਿੰਟਾਂ ਦੀ ਵੀਡੀਓ ਵਿੱਚ ਕੰਕਰੀਟ ਢਾਂਚਾ ਟੁੱਟਦਾ ਤੇ ਉਸ ਵਿਚੋਂ ਧੂੰਆਂ ਅਤੇ ਅੱਗ ਦਾ ਭਾਂਬੜ ਉਠਦਾ ਨਜ਼ਰ ਆ ਰਿਹਾ ਹੈ। ਜਦੋਂ ਕਿ ਕਾਰਵਾਈ ਵਾਲਾ ਸਥਾਨ ਸਾਫ਼ ਨਜ਼ਰ ਨਹੀਂ ਆ ਰਿਹਾ। ਮੇਜਰ ਜਨਰਲ ਨਰੂਲਾ ਨੇ ਕਿਹਾ ਕਿ ਪਾਕਿਸਤਾਨ ਵੱਲੋਂ ਨੁਕਸਾਨ ਦੀ ਕੋਈ ਅਧਿਕਾਰਿਕ ਜਾਣਕਾਰੀ ਨਹੀਂ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਬਰਫ਼ ਦੇ ਪਿਘਲਣ ਦੇ ਨਾਲ ਹੀ ਘੁਸਪੈਠ ਵਧਣ ਦੀ ਸੰਭਾਵਨਾ ਹੈ। ਉਹ ਜੰਮੂ ਕਸ਼ਮੀਰ ਵਿੱਚ ਸ਼ਾਂਤੀ ਚਾਹੁੰਦੇ ਹਨ। ਇਸ ਲਈ ਜ਼ਰੂਰੀ ਹੈ ਕਿ ਕੰਟਰੋਲ ਰੇਖਾ 'ਤੇ ਘੁਸਪੈਠ ਨੂੰ ਰੋਕਿਆ ਜਾਵੇ ਜਿਸ ਨਾਲ ਵਾਦੀ ਵਿੱਚ ਅਤਿਵਾਦੀਆਂ ਦੀ ਗਿਣਤੀ ਘਟੇਗੀ ਤੇ ਨੌਜਵਾਨਾਂ ਨੂੰ ਭੜਕਾਉਣ ਦੀਆਂ ਕਾਰਵਾਈਆਂ ਨੂੰ ਨੱਥ ਪਵੇਗੀ। ਫ਼ੌਜ ਦੇ ਸੂਤਰਾਂ ਅਨੁਸਾਰ ਇਸ ਹਮਲੇ ਵਿੱਚ ਰਾਕਟ ਲਾਂਚਰ, ਐਂਟੀ ਟੈਂਕ ਮਿਜ਼ਾਈਲ ,ਸਵੈਚਾਲਿਤ ਗ੍ਰਨੇਡ ਲਾਂਚਰ ਅਤੇ ਰਿਕੋਇਲੈਸ ਬੰਦੂਕਾਂ ਦੀ ਵਰਤੋਂ ਕੀਤੀ ਗਈ।

# ਬਰਤਾਨੀਆ ਵਿਚ ਔਰਤਾਂ ਨੂੰ ਵੋਟ ਪਾਉਣ ਦੇ ਅਧਿਕਾਰ ਵਾਲੇ ਸੰਘਰਸ਼ ਲਈ ਯਾਦ ਕੀਤਾ ਜਾਂਦਾ ਹੈ ਰਾਜਕੁਮਾਰੀ ਸੋਫੀਆ ਦਲੀਪ ਸਿੰਘ ਨੂੰ

**ਲੰਡਨ/ਬਿਊਰੋ ਨਿਊਜ਼ :** ਮਹਾਰਾਜਾ ਰਣਜੀਤ ਸਿੰਘ ਨੂੰ ਅੱਜ ਨਿਰਪੱਖ ਅਤੇ ਹਰ ਸ਼ਹਿਰੀ ਨੂੰ ਬਰਾਬਰਤਾ ਵਾਲਾ ਨਿਆਂ ਦੇਣ ਵਾਲੇ ਮਹਾਰਾਜੇ ਵਜੋਂ ਚੇਤੇ ਕੀਤਾ ਜਾਂਦਾ ਹੈ। ਇਥੇ ਹੀ ਬੱਸ ਨਹੀਂ ਮਹਾਰਾਜਾ ਰਣਜੀਤ ਸਿੰਘ ਦੇ ਅਕਾਲ ਚਲਾਣੇ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਦੇ ਮਨੁੱਖਤਾ ਲਈ ਕੰਮਾਂ ਨੂੰ ਉਸ ਦੇ ਪਰਿਵਾਰਕ ਮੈਂਬਰਾਂ ਨੇ ਅੱਗੋਂ ਵੀ ਜਾਰੀ ਰੱਖਿਆ ਹੈ। ਭਾਵੇਂ ਮਹਾਰਾਜਾ ਦਲੀਪ ਸਿੰਘ ਨੂੰ ਅੰਗਰੇਜ਼ ਹਕੂਮਤ ਨੇ ਇੰਗਲੈਂਡ ਲਿਆ ਕੇ ਗੁੰਮਰਾਹ ਕਰਕੇ ਉਸ ਦਾ ਰਾਜ ਭਾਗ ਹੀ ਨਹੀਂ ਬਲਕਿ ਬਚਪਨਾ ਅਤੇ ਜਵਾਨੀ ਵੀ ਖੋਹ ਲਈ ਸੀ ਪਰ ਰਾਜਿਆਂ ਵਾਲੀ ਉਸ ਦੀ ਸੋਚ ਅਤੇ ਉਸ ਦੇ ਬੱਚਿਆਂ ਅੰਦਰ ਮਹਾਰਾਜਿਆਂ ਵਾਲੀ ਸੋਚ ਨੂੰ ਕੋਈ ਦਬਾਅ ਨਹੀਂ ਸਕਿਆ। ਅੱਜ ਬਰਤਾਨੀਆ ਦੇ ਇਤਿਹਾਸ ਵਿਚ ਔਰਤਾਂ ਨੂੰ ਵੋਟ ਪਾਉਣ ਦੇ ਅਧਿਕਾਰ ਵਾਲੇ ਸੰਘਰਸ਼ ਨੂੰ ਜਦੋਂ ਯਾਦ ਕੀਤਾ ਜਾਂਦਾ ਹੈ, ਤਾਂ ਮਹਾਰਾਜਾ ਦਲੀਪ ਸਿੰਘ ਦੀ ਬੇਟੀ ਰਾਜਕੁਮਾਰੀ ਸੋਫੀਆ ਦਲੀਪ ਸਿੰਘ ਦਾ ਨਾਂਅ ਵੀ ਮੂਹਰੀ ਕਤਾਰ ਵਿਚ ਆਉਂਦਾ ਹੈ। ਸੋਫੀਆ ਦਲੀਪ ਸਿੰਘ ਨੇ 1911 ਦੀ ਜਨਗਣਨਾ ਵਿਚ ਆਪਣੇ ਆਪ ਨੂੰ ਦਰਜ ਕਰਵਾਉਣ ਵਿਚ ਇਸ ਕਰਕੇ ਨਾਂਹ ਕਰ ਦਿੱਤੀ ਸੀ, ਕਿਉਂਕਿ ਉਸ ਨੂੰ ਇਕ ਔਰਤ ਹੋਣ ਕਰਕੇ ਵੋਟ ਪਾਉਣ ਦਾ ਅਧਿਕਾਰ ਨਹੀਂ ਸੀ। ਇਤਿਹਾਸਕ ਦਸਤਾਵੇਜ਼ਾਂ ਨੂੰ ਸੰਗ੍ਰਹਿ ਕਰਨ ਵਾਲੇ ਅਮਨਦੀਪ ਸਿੰਘ ਮਾਦਰਾ ਵੱਲੋਂ ਅਜਿਹਾ ਹੀ ਇਕ ਦਸਤਾਵੇਜ਼ ਜਾਰੀ ਕੀਤਾ ਗਿਆ ਹੈ ਜਿਸ ਵਿਚ ਰਾਜਕੁਮਾਰੀ ਸੋਫੀਆ ਦਲੀਪ ਸਿੰਘ ਨੇ ਸਪਸ਼ਟ ਲਿਖਿਆ ਹੈ ਕਿ 'ਨੋ ਵੋਟ ਨੋ ਸੈਨਸਸ', ਭਾਵ ਜੇਕਰ ਇਕ ਔਰਤ ਹੋਣ ਦੇ ਨਾਤੇ ਮੈਨੂੰ ਗਿਣਿਆ ਨਹੀਂ ਜਾਂਦਾ, ਤਾਂ ਜਨਗਣਨਾ ਦਾ ਹਿੱਸਾ ਕਿਉਂ ਬਣਾਂ? ਮੇਰੀ ਜ਼ਮੀਰ ਇਜਾਜ਼ਤ ਨਹੀਂ ਦਿੰਦੀ ਕਿ ਇਸ ਫਾਰਮ ਨੂੰ ਭਰਾਂ।' ਇਹ ਫਾਰਮ 1911 ਵਿਚ ਬਰਤਾਨੀਆ ਦੀ ਮਰਦਮਸ਼ੁਮਾਰੀ ਮੌਕੇ ਜਾਰੀ ਕੀਤਾ ਗਿਆ ਸੀ। ਜਿਸ ਉੱਪਰ ਇਹ ਸ਼ਬਦ ਲਿਖ ਕੇ ਰਾਜਕੁਮਾਰੀ ਸੋਫੀਆ ਦਲੀਪ ਸਿੰਘ ਨੇ ਦਸਤਖ਼ਤ ਕੀਤੇ ਹਨ। ਜ਼ਿਕਰਯੋਗ ਹੈ ਕਿ ਔਰਤਾਂ ਦੇ ਵੋਟ ਪਾਉਣ ਦਾ ਅਧਿਕਾਰ ਹਾਸਲ ਕਰਨ ਲਈ ਬਰਤਾਨੀਆ ਵਿਚ ਲੰਮਾਂ ਸੰਘਰਸ਼ ਚੱਲਿਆ ਸੀ। 1918 ਵਿਚ ਪਹਿਲੀ ਵਾਰ ਔਰਤਾਂ ਨੂੰ ਵੋਟ ਪਾਉਣ ਦਾ ਅਧਿਕਾਰ ਮਿਲਿਆ ਸੀ, ਜਿਸ ਅਨੁਸਾਰ ਔਰਤ ਦੀ ਘੱਟੋ-ਘੱਟ ਉਮਰ 30 ਸਾਲ ਮਿਥੀ ਗਈ ਸੀ। ਜਦਕਿ 1928 ਵਿਚ ਕਾਨੂੰਨ ਵਿਚ ਮੁੜ ਸੋਧ ਕਰਦਿਆਂ ਮਰਦਾਂ ਦੇ ਬਾਰਬਰ 21 ਸਾਲ ਦੀ ਉਮਰ ਵਾਲੀ ਹਰ ਔਰਤ ਨੂੰ ਵੋਟ ਬਣਾਉਣ ਦਾ ਅਧਿਕਾਰ ਦਿੱਤਾ ਗਿਆ। ਜ਼ਿਕਰਯੋਗ ਹੈ ਕਿ ਸੋਫੀਆ ਦਲੀਪ ਸਿੰਘ ਦਾ ਜਨਮ 8 ਅਗਸਤ 1876 ਨੂੰ ਐਲਵੀਡਨ ਹਾਲ ਸਫਲਕ ਵਿਖੇ ਮਹਾਰਾਜਾ ਦਲੀਪ ਸਿੰਘ ਦੀ ਪਹਿਲੀ ਪਤਨੀ ਬੰਬਾ ਮੂਲਰ ਦੀ ਕੁੱਖੋਂ ਹੋਇਆ ਸੀ, ਜਦਕਿ ਉਨ੍ਹਾਂ ਦਾ ਦਿਹਾਂਤ 22 ਅਗਸਤ 1948 ਨੂੰ 72 ਸਾਲ ਦੀ ਉਮਰ ਵਿਚ ਟੇਲਰਸ ਗਰੀਨ, ਬਕਿੰਘਮਸ਼ਾਇਰ ਇੰਗਲੈਂਡ ਵਿਚ ਹੋਇਆ। ਉਨ੍ਹਾਂ ਦਾ ਪੂਰਾ ਨਾਮ ਸੋਫੀਆ ਅਲੈਗਜ਼ੈਂਡਰ ਦਲੀਪ ਸਿੰਘ ਸੀ। ਬਰਤਾਨੀਆ ਦੀ ਸੰਸਦ ਵਿਚ ਪਹਿਲੀ ਔਰਤ ਐਮ.ਪੀ. ਕਨਸਟੈਂਸ ਮਾਰਕਇਵਕਜ਼ 1918 ਦੀਆਂ ਆਮ ਚੋਣਾਂ ਮੌਕੇ ਚੁਣੀ ਗਈ ਸੀ, ਪਰ ਸਹੁੰ ਨਾ ਚੁੱਕਣ ਕਰਕੇ ਉਹ ਆਪਣੀ ਸੀਟ ਹਾਸਲ ਨਹੀਂ ਕਰ ਸਕੀ। ਇਸ ਤੋਂ ਬਾਅਦ ਨੈਨਸੀ ਐਸਟਰ ਦਸੰਬਰ 1919 ਵਿਚ ਪੌਲੀਮਾਊਥ ਸੁਟਨ ਹਲਕੇ ਤੋਂ ਕੰਜ਼ਰਵੇਟਿਵ ਪਾਰਟੀ ਵੱਲੋਂ ਚੁਣੀ ਗਈ, ਜਿਸ ਨੂੰ ਅਧਿਕਾਰਤ ਤੌਰ 'ਤੇ ਪਹਿਲੀ ਬਰਤਾਨਵੀ ਸੰਸਦ ਔਰਤ ਐਮ.ਪੀ. ਵਜੋਂ ਜਾਣਿਆਂ ਜਾਂਦਾ ਹੈ। ਜਦਕਿ 1918 ਤੋਂ 2015 ਤੱਕ ਕੁਲ 450 ਔਰਤਾਂ ਸੰਸਦ ਮੈਂਬਰ ਬਣ ਚੁੱਕੀਆਂ ਹਨ ਜਦਕਿ ਮਰਦ ਮੈਂਬਰਾਂ ਦੀ ਗਿਣਤੀ 459 ਹੈ।





## ਪਾਸਪੋਰਟ ਮਾਮਲੇ 'ਚ ਸੀਬੀਆਈ ਨੂੰ ਟਾਈਟਲਰ ਖ਼ਿਲਾਫ਼ ਕਾਰਵਾਈ ਦਾ ਹੁਕਮ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਇਥੋਂ ਦੀ ਇਕ ਵਿਸ਼ੇਸ਼ ਅਦਾਲਤ ਨੇ ਸੀਬੀਆਈ ਨੂੰ ਆਦੇਸ਼ ਦਿੱਤਾ ਕਿ ਉਹ ਕਾਂਗਰਸੀ ਆਗੂ ਜਗਦੀਸ਼ ਟਾਈਟਲਰ ਖ਼ਿਲਾਫ਼ ਪਾਸਪੋਰਟ ਨਵਿਆਉਣ ਲਈ ਅਰਜ਼ੀ ਦੇਣ ਸਮੇਂ ਕਥਿਤ ਤੌਰ 'ਤੇ ਝੂਠੀ ਸੂਚਨਾ ਦੇਣ ਦੇ ਦੋਸ਼ ਹੇਠ ਕਾਰਵਾਈ ਕਰੇ।

ਵਿਸ਼ੇਸ਼ ਜੱਜ ਭਾਰਤ ਪ੍ਰਾਸ਼ਰ ਨੇ ਕਿਹਾ ਕਿ ਇਸ ਮਾਮਲੇ ਵਿੱਚ ਐਫਆਈਆਰ ਦਰਜ ਕੀਤੀ ਜਾਣੀ ਚਾਹੀਦੀ ਹੈ ਪਰ ਉਹ ਇਹ ਮਾਮਲਾ ਕਾਰਵਾਈ ਲਈ ਸੀਬੀਆਈ 'ਤੇ ਛੱਡਦੇ ਹਨ ਤੇ ਉਹ ਇਸ ਸਬੰਧੀ ਲੋੜੀਂਦੀ ਕਾਰਵਾਈ ਕਰੇ। ਅਦਾਲਤ ਨੇ ਟਾਈਟਲਰ ਦਾ ਪਾਸਪੋਰਟ ਵੀ ਸੀਬੀਆਈ ਨੂੰ ਸੌਂਪ ਦਿੱਤਾ ਹੈ। ਇਹ ਮਾਮਲਾ ਉਦੋਂ ਧਿਆਨ ਵਿੱਚ ਆਇਆ ਸੀ ਜਦੋਂ ਟਾਈਟਲਰ ਨੇ ਅਦਾਲਤ ਵਿੱਚੋਂ ਪਾਸਪੋਰਟ ਨਵਿਆਉਣ ਲਈ ਐਨਓਸੀ ਜਾਰੀ ਕਰਨ ਸਬੰਧੀ ਆਪਣੀ ਅਰਜ਼ੀ ਵਾਪਸ ਲੈ ਲਈ ਸੀ। ਇਸੇ ਦੌਰਾਨ ਅਦਾਲਤ ਦੇ ਧਿਆਨ ਵਿੱਚ ਆਇਆ ਕਿ ਉਸ ਨੂੰ ਨਵਿਆਇਆ ਹੋਇਆ ਪਾਸਪੋਰਟ ਹਾਸਲ ਹੋ ਗਿਆ ਹੈ ਜਿਸ ਤੋਂ ਬਾਅਦ ਅਦਾਲਤ ਨੇ ਸੀਬੀਆਈ ਨੂੰ ਕਿਹਾ ਕਿ ਉਹ ਇਹ ਜਾਂਚ ਕਰੇ ਕਿ ਬਿਨਾਂ ਐਨਓਸੀ ਦੇ ਉਸ ਨੇ ਪਾਸਪੋਰਟ ਕਿਵੇਂ ਨਵਿਆਇਆ ਹੈ। ਇਸ ਤੋਂ ਬਾਅਦ ਸੀਬੀਆਈ ਨੇ ਅਦਾਲਤ ਨੂੰ ਦੱਸਿਆ ਕਿ ਟਾਈਟਲਰ ਨੇ ਪਾਸਪੋਰਟ ਦਫ਼ਤਰ ਨੂੰ ਝੂਠ ਦੱਸਿਆ ਸੀ ਕਿ ਉਸ ਖ਼ਿਲਾਫ਼ ਕੋਈ ਅਪਰਾਧਕ ਮਾਮਲਾ ਪੈਂਡਿੰਗ ਨਹੀਂ ਹੈ।

## ਪਿੰਡ ਬਿਜਲੀਵਾਲ 'ਚ ਕਾਂਗਰਸੀਆਂ ਦੀ ਕੁੱਟ ਦਾ ਸ਼ਿਕਾਰ ਹੋਏ ਅਕਾਲੀ ਵਰਕਰ ਨੇ ਦਮ ਤੋੜਿਆ

**ਬਟਾਲਾ/ਬਿਊਰੋ ਨਿਊਜ਼ :** ਪਿੰਡ ਬਿਜਲੀਵਾਲ ਵਿੱਚ ਮਾਮੂਲੀ ਗੱਲ ਤੋਂ ਇੱਕ ਵਿਅਕਤੀ ਉੱਤੇ ਕੀਤੇ ਗਏ ਹਮਲੇ ਵਿੱਚ ਗੰਭੀਰ ਜ਼ਖ਼ਮੀ ਹੋਣ ਤੋਂ ਬਾਅਦ ਉਸ ਦੀ ਮੌਤ ਹੋ ਗਈ ਹੈ। ਮ੍ਰਿਤਕ ਬਿਕਰਮਜੀਤ ਸਿੰਘ (50) ਅਕਾਲੀ ਦਲ ਨਾਲ ਸਬੰਧਤ ਹੈ ਜਦਕਿ ਹਮਲਾਵਰ ਕਾਂਗਰਸ ਨਾਲ ਸਬੰਧਤ ਹਨ। ਥਾਣਾ ਕਿਲਾ ਲਾਲ ਸਿੰਘ ਪੁਲੀਸ ਨੇ ਤਿੰਨ ਵਿਅਕਤੀਆਂ ਖ਼ਿਲਾਫ਼ ਕੇਸ ਦਰਜ ਕਰ ਕੇ ਇੱਕ ਔਰਤ ਨੂੰ ਗ੍ਰਿਫ਼ਤਾਰ ਕਰ ਲਿਆ ਹੈ।



ਮ੍ਰਿਤਕ ਦੀ ਪਤਨੀ ਸਤਵੰਤ ਕੌਰ ਨੇ ਪੁਲੀਸ ਨੂੰ ਦਿੱਤੀ ਸ਼ਿਕਾਇਤ ਵਿੱਚ ਦੱਸਿਆ ਕਿ ਚਾਰ ਦਿਨ ਪਹਿਲਾਂ ਉਨ੍ਹਾਂ ਦੇ ਘਰ ਦੇ ਵਿਹੜੇ ਦੀ ਕੰਧ ਕਾਂਗਰਸ ਪੱਖੀ ਬਲਕਾਰ ਸਿੰਘ ਦੇ ਖੇਤਾਂ ਵਿੱਚ ਡਿੱਗ ਗਈ ਸੀ। ਉਸ ਦਾ ਪਤੀ ਬਿਕਰਮਜੀਤ ਸਿੰਘ ਜਿਵੇਂ ਹੀ ਕੰਧ ਦੀਆਂ ਇੱਟਾਂ ਚੁੱਕਣ ਲੱਗਾ ਤਾਂ ਬਲਕਾਰ ਸਿੰਘ, ਉਸ ਦੀ ਪਤਨੀ ਗੁਰਮੀਤ ਕੌਰ ਤੇ ਪੁੱਤਰ ਗੁਰਮੀਤ ਸਿੰਘ ਉਸ ਨੂੰ ਕੁੱਟਣ ਲੱਗ ਪਏ। ਉਹ ਬੇਹੋਸ਼ ਹੋ ਕੇ ਡਿੱਗ ਪਿਆ ਜਿਸ ਨੂੰ ਬਟਾਲਾ ਦੇ ਸਿਵਲ ਹਸਪਤਾਲ ਲਿਆਂਦਾ ਜਾ ਰਿਹਾ ਸੀ, ਪਰ ਰਸਤੇ ਵਿੱਚ ਉਸ ਦੀ ਮੌਤ ਹੋ ਗਈ। ਸ਼੍ਰੋਮਣੀ ਅਕਾਲੀ ਦਲ ਮਾਝਾ ਜ਼ੋਨ ਯੂਥ ਪ੍ਰਧਾਨ ਰਵੀਕਰਨ ਸਿੰਘ ਕਾਹਲੋਂ, ਸ਼ਹਿਰੀ ਪ੍ਰਧਾਨ ਗੁਰਜੀਤ ਸਿੰਘ ਬਿਜਲੀਵਾਲ ਤੇ ਐਸਸੀ ਵਿੰਗ ਦੇ ਜ਼ਿਲ੍ਹਾ ਪ੍ਰਧਾਨ ਲਖਵਿੰਦਰ ਸਿੰਘ ਘੁੰਮਣ ਸਮੇਤ ਹੋਰ ਆਗੂ ਥਾਣਾ ਕਿਲਾ ਲਾਲ ਸਿੰਘ ਪਹੁੰਚੇ ਤੇ ਐਸਪੀ (ਹੈੱਡਕੁਆਰਟਰ) ਗੁਰਸੇਵਕ ਸਿੰਘ ਬਰਾੜ, ਐਸਪੀ (ਡੀ) ਸੂਬਾ ਸਿੰਘ ਤੇ ਫ਼ਤਹਿਗੜ੍ਹ ਚੂੜੀਆਂ ਤੋਂ ਡੀਐਸਪੀ ਰਵਿੰਦਰ ਸ਼ਰਮਾ ਨਾਲ ਮੁਲਾਕਾਤ ਕਰ ਕੇ ਮੁਲਜ਼ਮਾਂ ਖ਼ਿਲਾਫ਼ ਸਖ਼ਤ ਕਾਰਵਾਈ ਮੰਗੀ। ਐਸਪੀ (ਹੈੱਡਕੁਆਰਟਰ) ਸ੍ਰੀ ਬਰਾੜ ਨੇ ਦੱਸਿਆ ਕਿ ਥਾਣਾ ਕਿਲਾ ਲਾਲ ਸਿੰਘ ਪੁਲੀਸ ਨੇ ਮੁੱਖ ਕਥਿਤ ਦੋਸ਼ੀ, ਉਸ ਦੀ ਪਤਨੀ ਤੇ ਪੁੱਤਰ ਖ਼ਿਲਾਫ਼ ਧਾਰਾ 304/34 ਤਹਿਤ ਕੇਸ ਦਰਜ ਕਰ ਕੇ ਗੁਰਮੀਤ ਕੌਰ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਉਨ੍ਹਾਂ ਇਹ ਗੱਲ ਖਾਰਜ ਕੀਤੀ ਕਿ ਇਹ ਘਟਨਾ ਰਾਜਸੀ ਰੰਜਿਸ਼ ਕਾਰਨ ਵਾਪਰੀ ਹੈ।




## ਇਸ ਮਹਾਨ ਨਗਰ ਕੀਰਤਨ 'ਚ ਹਿੱਸਾ ਲੈ ਰਹੇ ਗੁਰਦੁਆਰਾ ਸਾਹਿਬਾਨ

• Gurdwara Sahib Fremont : 5107900177 • Sikh Center of San Francisco Bay Area El Sobrante : (510) 223-9987 • Gurdwara Sahib of San Jose, Sukhdev Singh Beniwal : 4084219463 • Gurdwara Sahib of Hayward • Gurdwara Sahib Singh Sabha Bay Area Milpitas, Jaswant Singh Hothi : 4088987056 • Gurdwara Sahib South San Francisco • Sri Guru Ravidass Temple Pittsburg, Sikhdev Singh: 9253549025 • Gurudwara Sahib of Bay Point • Sikh Gurdwara Sahib Stockton, Jatinder Singh : 2099937954 • Sikh Temple Turlock, Gurjit Singh • Gurdwara Sacramento Sikh Society Bradshaw, Balwant Singh Virk : 9165294795 • Sikh Temple Fairfield • Capital Sikh Center Sacramento, Gurtej Singh : 9162761440 • Gurdwara Gur Nanak Prakash Tracy, Deep Singh : 2093464270 • Gurdwara Dashmesh Darbar Tracy, Surinder Singh Atwal : 2093215476 • Gurdwara Gurmat Parkash Manteca, Jarnail Singh : 2093211733 • Deshmesh Darbar Sikh Temple Lodi • Gurdwara Sri Sachkhand Sahib Roseville, Ravinder Singh : 9165210300 • Gurdwara Parmeshar Dawar Madera, Surinderpal Singh Nijjar : 5594791804 • Sikh Center of the Pacific Coast Selma, Charanjeet Singh Sahota : 5597798215 • Gurdwara Guru Kalgidhar Sahib Selma, Bhupinder Singh Khalsa : 5593526698 • Gurdwara Guru Nanak Prakash Fresno, Jagroop Singh : 2096484994 • Sikh Temple of Yuba City Tiera Buena • Sri Guru Nanak Sikh Temple Bogue Road Yuba City • Gurdwara Sahib Modesto • Gurdwara Sahib Sikh Temple West Sacramento, Darshan Singh Mundi : 9164178860

# ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਗਰੀਨਵੁੱਡ ਇੰਡਿਆਨਾ ਵਿਖੇ ਮਹਾਨ ਗੁਰਮਤਿ ਸਮਾਗਮ ਭਾਰੀ ਉਤਸ਼ਾਹ ਨਾਲ ਕਰਵਾਇਆ

**ਸ਼ਿਕਾਗੋ/ਮੱਖਣ ਸਿੰਘ ਕਲੇਰ:** ਇੰਡੀਆਨਾ ਦੇ ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਗਰੀਨਵੁੱਡ ਦੇ ਪ੍ਰਬੰਧਕਾਂ ਵੱਲੋਂ ਸਮੂਹ ਸੰਗਤਾਂ ਅਤੇ ਦੂਸਰੇ ਗੁਰੂਘਰਾਂ ਦੇ ਸਹਿਯੋਗ ਨਾਲ 19, 20 ਅਤੇ 21 ਮਈ ਨੂੰ ਇਕ ਮਹਾਨ ਗੁਰਮਤਿ ਸਮਾਗਮ ਕਰਵਾਇਆ ਗਿਆ। ਇਸ ਸਮਾਗਮ ਵਿਚ ਪੰਥ ਦੇ ਮਹਾਨ ਕੀਰਤਨੀਏ, ਕਥਾ ਵਾਚਕ ਤੇ ਕਵੀਸ਼ਰੀ ਜਥੇ ਪਹੁੰਚੇ। ਇਨ੍ਹਾਂ ਵਿਚ ਵਿਸ਼ੇਸ਼ ਤੌਰ ਤੇ ਭਾਈ ਬਲਦੇਵ ਸਿੰਘ ਜੀ ਵਡਾਲਾ, ਭਾਈ ਨਿਰਮਲ ਸਿੰਘ ਜੀ, ਭਾਈ ਸੁੱਖਾ ਸਿੰਘ ਯੂ ਕੇ ਵਾਲੇ, ਭਾਈ ਬਲਜੀਤ ਸਿੰਘ ਜੀ ਕੈਨੇਡਾ, ਭਾਈ ਮਹਿਲ ਸਿੰਘ ਜੀ ਚੰਡੀਗੜ੍ਹ ਵਾਲੇ ਅਤੇ ਭਾਈ ਗੁਰਤੇਗ ਸਿੰਘ ਜੀ ਦੇ ਜਥਿਆਂ ਵੱਲੋਂ ਤਿੰਨੋਂ ਦਿਨ ਹਾਜ਼ਰੀਆਂ ਭਰੀਆਂ ਗਈਆਂ। ਸੰਗਤਾਂ ਨੂੰ ਤਿੰਨੋਂ ਦਿਨ ਇਲਾਹੀ ਬਾਣੀ ਦੇ ਨਾਲ ਜੋੜਿਆ। ਪੰਥ ਦੇ ਮਹਾਨ ਕੀਰਤਨੀ ਜਥਿਆਂ ਵੱਲੋਂ ਧੁਰ ਕੀ ਬਾਣੀ ਦੇ ਕੀਰਤਨ ਗਾਇਨ ਕੀਤੇ ਗਏ ਅਤੇ ਪ੍ਰਸਿੱਧ ਕਥਾ ਵਾਚਕਾਂ ਵੱਲੋਂ ਗੁਰਬਾਣੀ ਸ਼ਬਦ ਵਿਚਾਰ ਤੇ ਸਿੱਖ ਇਤਿਹਾਸ ਦੀ ਵਿਆਖਿਆ ਕੀਤੀ ਗਈ। ਕਵੀਸ਼ਰੀ ਜਥੇ ਵੱਲੋਂ ਗੁਰੂ ਇਤਿਹਾਸ, ਸਿੱਖ ਇਤਿਹਾਸ ਤੇ ਅਜੋਕੇ ਸਮੇਂ ਦੇ ਸੰਘਰਸ਼ ਸ਼ੀਲ ਯੋਧਿਆਂ ਦੀਆਂ ਵਾਰਾਂ ਰਾਹੀਂ ਸੰਗਤਾਂ ਨੂੰ ਨਿਹਾਲ ਕੀਤਾ। ਗੁਰਦੁਆਰਾ ਸਾਹਿਬ ਦੇ ਪ੍ਰਬੰਧਕਾਂ ਸੱਜਣਾਂ ਵੱਲੋਂ ਇਹ ਗੁਰਮਤਿ ਸਮਾਗਮ ਕਰਵਾ ਕੇ ਗੁਰੂ ਦੀਆਂ ਖੁਸ਼ੀਆਂ ਪ੍ਰਾਪਤ ਕੀਤੀਆਂ ਅਤੇ ਸੰਗਤਾਂ ਤੋਂ ਵਾਹ ਵਾਹ ਖੱਟੀ ਹੈ। ਇਹ ਬਹੁਤ ਵਧੀਆ ਉਪਰਾਲਾ ਸੀ। ਇਸ ਸਮਾਗਮ ਵਿਚ ਇੰਡਿਆਨਾ ਸਟੇਟ ਦੀਆਂ ਸੰਗਤਾਂ ਤੋਂ ਇਲਾਵਾ ਸ਼ਿਕਾਗੋ, ਮਿਸ਼ੀਗਨ ਤੇ ਉਹਾਇਉ ਤੋਂ ਸੰਗਤਾਂ ਪਹੁੰਚੀਆਂ ਹੋਈਆਂ ਸਨ।

ਸਮਾਗਮ ਸਬੰਧੀ ਹੋਰ ਤਸਵੀਰਾਂ ਰੰਗਦਾਰ ਸਫ਼ਾ 21 'ਤੇ

ਇਸ ਕੀਰਤਨ ਸਮਾਗਮ ਵਿਚ ਨੌਜਵਾਨਾਂ ਦੀ ਵਿਸ਼ੇਸ਼ ਤੌਰ ਤੇ ਅਹਿਮ ਭੂਮਿਕਾ ਰਹੀ ਹੈ। ਇਹ ਨੌਜਵਾਨ ਸੇਵਾਦਾਰ ਪੂਰੇ ਖਾਲਸਾਈ ਬਾਣਿਆਂ ਵਿਚ ਸਜੇ ਹੋਏ ਸਨ। ਇਨ੍ਹਾਂ ਨੌਜਵਾਨਾਂ ਨੂੰ ਦੇਖ ਕੇ ਇੰਝ ਮਹਿਸੂਸ ਹੋ ਰਿਹਾ ਸੀ ਕਿ ਜਿਵੇਂ ਅਸੀਂ ਆਨੰਦਪੁਰ ਸਾਹਿਬ ਦੀ ਧਰਤੀ ਤੇ ਵਿਸਾਖੀ ਤੇ ਹਾਜ਼ਰੀਆਂ ਭਰ ਰਹੇ ਹੋਈਏ। ਇਨ੍ਹਾਂ ਨੌਜਵਾਨਾਂ ਵਿਚ ਬਹੁਤੇ ਬਾਹਰਲੇ ਦੇਸ਼ਾਂ ਦੇ ਜੰਮਪਾਲ ਸਨ। ਪੂਰੇ ਜਾਹੋ ਜਲਾਲ ਵਿਚ ਨੀਲੇ ਚੋਲੇ ਗੋਲ ਦਸਤਾਰੇ ਪੂਰੇ ਸ਼ਸ਼ਤਰ ਸਜਾਏ ਹੋਏ ਸਨ ਜੋ ਗੁਰੂ ਗੋਬਿੰਦ ਸਿੰਘ ਜੀ ਦੀਆਂ ਲਾਡਲੀਆਂ ਫੌਜਾਂ ਦੇ ਭੁਲੇਖੇ ਪਾਉਂਦੇ ਸਨ। ਬਸ ਇਕ ਘੋੜਿਆਂ ਦੀ ਘਾਟ ਹੀ ਨਜ਼ਰ ਆ ਰਹੀ ਸੀ।

ਇਸ ਤਿੰਨ ਰੋਜ਼ਾ ਕੀਰਤਨ, ਸਮਾਗਮ ਵਿਚ ਭਾਈ ਹਰਨਾਮ ਸਿੰਘ ਵਿਸ਼ੇਸ਼ ਤੌਰ ਤੇ ਬੇਸਕ ਆਫ਼ ਸਿੱਖੀ ਵੱਲੋਂ ਯੂਥ ਨੂੰ ਸਿੱਖੀ ਬਾਰੇ ਜਾਣਕਾਰੀ ਦੇਣ ਲਈ ਪਹੁੰਚੇ। ਭਾਈ ਹਰਨਾਮ ਸਿੰਘ ਨੇ ਇਕ ਹਫ਼ਤਾ ਲਗਾਤਾਰ ਨੌਜਵਾਨਾਂ ਦੇ ਵੱਖ ਵੱਖ ਗਰੁੱਪ ਬਣਾ ਕੇ ਕੈਂਪ ਦੇ ਤੌਰ ਤੇ ਜਾਣਕਾਰੀ ਦਿੱਤੀ। ਭਾਈ ਹਰਨਾਮ ਸਿੰਘ, ਜਿਨ੍ਹਾਂ ਦੀ ਉਮਰ ਸਿਰਫ਼ 22 ਸਾਲਾਂ ਦੀ ਹੈ, ਨੌਜਵਾਨਾਂ ਵਿਚ ਖਿਚ ਦਾ ਕੇਂਦਰ ਰਹੇ। ਨੌਜਵਾਨ ਉਨ੍ਹਾਂ ਦੇ ਪ੍ਰਚਾਰ ਤੋਂ ਬਹੁਤ ਪ੍ਰਭਾਵਤ ਹੋਏ।

ਗੁਰਦੁਆਰਾ ਸਾਹਿਬ ਵਿਖੇ ਇਸ ਮਹਾਨ ਗੁਰਮਤਿ ਸਮਾਗਮ ਵਿਚ ਸੇਵਾਦਾਰਾਂ ਨੇ ਤਨ, ਮਨ ਤੇ ਧਨ ਦੇ ਨਾਲ ਸੇਵਾਵਾਂ ਨਿਵਾਈਆਂ। ਜਿਨ੍ਹਾਂ ਵਿਚੋਂ ਵਿਸ਼ੇਸ਼ ਤੌਰ ਤੇ ਦੀਵਾਨ ਹਾਲ ਵਿਚ, ਜੋੜਾ ਘਰ ਵਿਚ, ਲੰਗਰ ਹਾਲ ਵਿਚ, ਕਾਰਾਂ ਦੀ ਪਾਰਕਿੰਗ ਵਿਚ, ਵਿਸ਼ੇਸ਼ ਤੌਰ ਤੇ ਸੰਗਤਾਂ ਵਾਸਤੇ ਕਈ ਪ੍ਰਕਾਰ ਦੇ ਖਾਣੇ ਤਿਆਰ ਕਰਨ ਵਾਲੇ ਵੀਰਾਂ ਦੀਆਂ ਵਿਸ਼ੇਸ਼ ਸੇਵਾਵਾਂ ਰਹੀਆਂ। ਐਤਵਾਰ ਦੇ ਦੀਵਾਨ ਤੰਬੂ ਲਗਾ ਕੇ ਬਾਹਰ ਖੁੱਲੇ ਮੈਦਾਨ ਵਿਚ ਸਜਾਏ ਹੋਏ ਸਨ। ਗੁਰੂ ਸਾਹਿਬ ਜੀ ਦੀ ਪਾਲਕੀ ਬਹੁਤ ਹੀ ਸੁੰਦਰ ਤਰੀਕੇ ਨਾਲ ਸਜਾਈ ਹੋਈ ਸੀ। ਸੰਗਤਾਂ ਹਜ਼ਾਰਾਂ ਦੀ ਗਿਣਤੀ ਵਿਚ ਪਹੁੰਚੀਆਂ ਹੋਈਆਂ ਸਨ। ਇਹ ਸਮਾਗਮ ਖਾਲਸੇ ਦੀ ਸਾਜਨਾਂ ਦਿਵਸ ਤੇ ਸਿੱਖ ਸੰਘਰਸ਼ ਦੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਸਨ। ਇਨ੍ਹਾਂ ਸਮਾਗਮਾਂ ਵਿਚ ਸਿੱਖ ਯੂਥ ਆਫ ਇੰਡਿਆਨਾ ਦੀ ਅਹਿਮ ਭੂਮਿਕਾ ਰਹੀ। ਸਟੇਜ ਦੀ ਸੇਵਾ ਭਾਈ ਗੁਰਪ੍ਰੀਤ ਸਿੰਘ ਨੇ ਬਾਖੂਬੀ ਨਿਵਾਈ। ਭਾਈ ਬਲਜੀਤ ਸਿੰਘ ਜੋ ਕਿ ਬਹੁਤ ਹੀ ਸੇਵਾ ਭਾਵਨਾ ਵਾਲਾ ਨੌਜਵਾਨ ਹੈ ਉਸ ਨੇ ਇਸ ਸਮਾਗਮ ਵਿਚ ਦਿਨ ਰਾਤ ਸੇਵਾ ਕੀਤੀ। ਗੁਰਦੁਆਰਾ ਸਾਹਿਬ ਦੇ ਮੁੱਖ ਸੇਵਾਦਾਰ ਭਾਈ ਸਤਨਾਮ ਸਿੰਘ, ਭਾਈ ਜਸਦੀਪ ਸਿੰਘ ਚੇਅਰਮੈਨ ਤੇ ਭਾਈ ਪਰਮਦੀਪ ਸਿੰਘ ਵਾਇਸ ਚੇਅਰਮੈਨ ਵਲੋਂ ਸਮੂਹ ਜਥਿਆਂ ਦਾ ਵਿਸ਼ੇਸ਼



ਧੰਨਵਾਦ ਕੀਤਾ ਗਿਆ ਜਿਨ੍ਹਾਂ ਸੰਗਤਾਂ ਨੂੰ ਤਿੰਨ ਦਿਨ ਲਗਾਤਾਰ ਗੁਰਬਾਣੀ ਸਰਵਣ ਕਰਵਾਈ। ਉਨ੍ਹਾਂ ਨੇ ਗੁਰੂ ਦੀਆਂ ਸੰਗਤਾਂ ਦਾ ਤੇ ਸਮੂਹ ਗੁਰੂਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਦਾ ਧੰਨਵਾਦ ਕੀਤਾ ਜਿਨ੍ਹਾਂ ਹਰ ਪੱਖੋ ਉਨ੍ਹਾਂ ਨੂੰ ਸਹਿਯੋਗ ਦਿੱਤਾ। ਸਮੂਹ ਸੇਵਾਦਾਰਾਂ ਦਾ ਧੰਨਵਾਦ ਕੀਤਾ ਜਿਨ੍ਹਾਂ ਤਿੰਨੋ ਦਿਨ ਸੰਗਤਾਂ ਦੀ ਹਰ ਤਰ੍ਹਾਂ ਦੀ ਸੇਵਾ ਕੀਤੀ ਤੇ ਬਾਹਰੋਂ ਆਈਆਂ ਸੰਗਤਾਂ ਦਾ ਧੰਨਵਾਦ ਕੀਤਾ। ਅਖੀਰ ਵਿਚ ਉਨ੍ਹਾਂ ਧੰਨ ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਲੱਖ ਲੱਖ ਸ਼ੁਕਰਾਨਾ ਕੀਤਾ ਜਿਨ੍ਹਾਂ ਦੇ ਓਟ ਆਸਰੇ ਇਹ ਸਮਾਗਮ ਸੰਪੂਰਨ ਹੋਏ ਹਨ।




**Offer for new and qualifying former customers only. Important Terms and Conditions:**
**Qualification:** Advertised price requires credit qualification and eAutoPay. Upfront activation and/or receiver upgrade fees may apply based on credit qualification. **Offer ends 6/21/17. 2-Year Commitment:** Early termination fee of $20/mo. remaining applies if you cancel earl **$120 Savings Offer:** Receive a monthly credit of $5 for the first 24 months. Requires subscription to International package and qualifying American or DishLATINO package (starting at $29.99/mo). **NOT included in advertised price (and subject to change):** Taxes & surcharges, add-on programming (including premium channels), Protection Plan, and transactional fees. **Other:** All packages, programming, features, and functionality are subject to change without notice. After 6 mos., you will be billed $8.99/mo. for Protection Plan unless you call to cancel. After 2 years, then-current everyday prices for all services apply. For business customers, additional monthly fees may apply. Free standard professional installation only.


INTERNATIONAL KABADDI CUP BY YUBA CITY
ਯੂਬਾ ਸਿਟੀ ਦੇ ਪੰਜਾਬੀ ਭਾਈਚਾਰੇ ਵਲੋਂ ਵਿਸ਼ਾਲ ਕਬੱਡੀ ਟੂਰਨਾਮੈਂਟ
May 27th Saturday
ਰਿਵਰ ਵੈਲੀ ਹਾਈ ਸਕੂਲ ਯੂਬਾ ਸਿਟੀ ਵਿਖੇ
4 Teams
Royal Kings Usa
Team India
Canada West
Mid West USA
1st Prize Open $21,000
2nd Prize $15,000
21 Under 1st Prize $2100
21 Under 2nd Prize $1500
Junior Thiara
530-682-5130
Harmon Thiara
530-682-6889
ROYAL KINGS USA
ਇਸ ਟੂਰਨਾਮੈਂਟ ਦੀ ਮੇਜ਼ਬਾਨੀ ਰਾਇਲ ਕਿੰਗਜ਼ ਯੂ.ਐਸ.ਏ. ਦੇ ਮਾਲਕ ਸ਼ਬਾ ਥਿਆੜਾ ਕਰ ਰਹੇ ਹਨ। ਇਹ ਖੇਡ ਮੇਲਾ ਸੱਟਰ ਅਤੇ ਯੂਬਾ ਕਾਊਂਟੀ ਦੇ ਪੰਜਾਬੀ ਭਾਈਚਾਰੇ ਦੇ ਸਹਿਯੋਗ ਨਾਲ ਹੋ ਰਿਹਾ ਹੈ। ਇਸ ਵਿਚ ਕਬੱਡੀ ਦੇ ਸਾਰੇ ਸੁਪਰ ਸਟਾਰ ਪਹੁੰਚ ਰਹੇ ਹਨ।
ਨਾਮਵਰ ਗਾਇਕ ਸੁਰਜੀਤ ਖਾਨ ਦਾ ਖੁਲ੍ਹਾ ਅਖਾੜਾ
ਪੰਜਾਬ ਦੀ ਸਿਰਮੌਰ ਗਾਇਕਾ ਮਿਸ ਪੂਜਾ ਅਤੇ
ਨੌਜਵਾਨਾਂ ਦੇ ਚਹੇਤੇ ਗਾਇਕ ਰੌਸ਼ਨ ਪ੍ਰਿੰਸ
ਗੈਸਟ ਕਲਾਕਾਰ ਵਜੋਂ ਹਾਜ਼ਰ ਹੋਣਗੇ
10 AM TO 4PM KABADDI
FREE LIVE MUSIC 4PM-8PM
On May 27, 2017 at 801El Margarita Road,
Yuba City CA 95993
4 OPEN TEAMS: ROYAL KING USA, TEAM INDIA, CANADA WAST & MIDWEST USA & 4 UNDER 21 TEAMS
FREE ENTRY|SPECIAL SEATING ARRANGEMENT FOR LADIES/FAMILIES
POLICE AND SECURITY-ZERO TOLERANCE
SPECIAL THANKS: SHERIFF PAUL PARKER
DA AMANDA HOOPER & SUPERVISOR JIM WHITAKER
Miss Pooja
Roshan Prince
Surjit Khan
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
ਸ਼ਬਾ ਥਿਆੜਾ 530-682-5861, ਸ਼ਾਬੀ 530-682-6370, ਦਲਵੀਰ ਗਿੱਲ 530-713-4256, ਰੂਬੀ ਹਰਖੋਵਾਲ 530-813-7852,
ਜਸਵੰਤ ਸਿੰਘ ਬੈਂਸ, ਦਿਲਬਾਗ ਸਿੰਘ ਬੈਂਸ, ਕਰਮ ਬੈਂਸ, ਗੁਰਨਾਮ ਪੰਮਾ, ਬਲਰਾਜ ਢਿਲੋਂ, ਹਰਮਨ ਬਸਰਾ, ਹਰਵਿੰਦਰ ਬਿੱਲਾ



# PANNU'S
## LEGAL SERVICES

G.S. Pannu (Immigration Consultant, LDA)

ivisapass@gmail.com • FAX 510.279.7624

510.677.5200

**IMMIGRATION**
★ PETITIONS ★ VISAS ★ POLITICAL ASYLUM
★ GREEN CARDS ★ CITIZENSHIP ★ AFFIDAVIT OF SUPPORT

**STUDENT VISA** (EDUCATE YOUR CHILDREN IN USA)

**DIVORCE**
★ CHILD SUPPORT ★ CHILD VISITATION ★ CHILD CUSTODY ★ MODIFICATION

# PANNU'S
## PASSPORT & VISA SERVICES

indiavisa123@gmail.com • FAX 510.279.7624



M.K. Pannu (Owner)

VISA IN ONE DAY



Indian Passport | India Visa in 1 Day | OCI | US Passport

Power of Attorney & Other Services

510.677.8440

40757, Grimmer Blvd. FREMONT CA-94538 | 3810 Eau Claire Ave, Ceres, MODESTO/CERES CA-95307 | 220 Bush St/Montgomery St, #445 SAN FRANCISCO (OPPOSITE INDIA VISA CENTER)



Serving Around the World Community Since 1994

We Specialize to Asia, Europe, Middle East, Africa, Australia & etc.

Special fares to :

**SFO TO DEL**
**LAX TO DEL**




Special fares to Amritsar & Delhi

ਦੋ ਜਾਂ ਦੋ ਤੋਂ ਵੱਧ ਟਿਕਟਾਂ ਖਰੀਦਣ 'ਤੇ ਇਕ ਭਾਰ ਤੋਲਣ ਵਾਲੀ ਮਸ਼ੀਨ ਮੁਫ਼ਤ ਦਿੱਤੀ ਜਾਵੇਗੀ।

Cst No. : 2054876-40

Book on line 24/7 : www.skywaytkt.com

**Or Call (818) 762-9236**

15549 Devonshire St., Ste. 206 Mission Hills, CA 91345






REDUCE YOUR DEBT BY UP TO **60%**

ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ?

✓ ਆਪਣੇ ਕਰਜ਼ੇ ਨੂੰ 60% ਤੱਕ ਮੁਆਫ਼ ਕਰਾਓ

✓ BANKRUPTCY ਤੋਂ ਬਚੋ ✓ COLLECTION CALLS ਨੂੰ ਰੋਕੋ

**ਕੋਈ ਫੀਸ ਨਹੀਂ**

ਜਦੋਂ ਤੱਕ ਤੁਹਾਡਾ ਕਰਜ਼ਾ ਮੁਆਫ਼ ਨਹੀਂ ਹੋ ਜਾਂਦਾ

ਅੱਜ ਹੀ ਸਾਨੂੰ ਕਾਲ ਕਰੋ!

**1.888.888.9914**

ooraa

ੴ ਸਤਿਗੁਰ ਪ੍ਰਸਾਦਿ ॥
ਤੇਰਾ ਭਾਣਾ ਮੀਠਾ ਲਾਗੈ ॥ ਹਰਿ ਨਾਮ ਪਦਾਰਥ ਨਾਨਕ ਮਾਂਗੈ ॥

ਹੌਲੀਵੁੱਡ ਸਿੱਖ ਟੈਂਪਲ ਲੌਸ ਏਂਜਲਸ ਵੱਲੋਂ

# 4 ਜੂਨ 2017 ਨੂੰ









ਸ਼ਹੀਦੀ ਦਿਵਸ
ਸ੍ਰੀ ਗੁਰੂ ਅਰਜਨ ਦੇਵ ਜੀ
ਅਤੇ
ਘੱਲੂਘਾਰਾ ਦਿਵਸ-1984
ਬਹੁਤ ਸ਼ਰਧਾ ਅਤੇ ਪ੍ਰੇਮ
ਨਾਲ ਮਨਾਇਆ ਜਾ
ਰਿਹਾ ਹੈ
ਭਾਈ ਹਰਪ੍ਰੀਤ ਸਿੰਘ ਜੀ
ਸ੍ਰੀ ਦਰਬਾਰ ਸਾਹਿਬ
ਵਾਲੇ
ਅਤੇ
ਹਜ਼ੂਰੀ ਰਾਗੀ ਜਥਾ
ਭਾਈ ਅਜੀਤ ਸਿੰਘ ਜੀ
ਸ੍ਰੀ ਬੰਗਲਾ ਸਾਹਿਬ ਵਾਲੇ

ਸੰਗਤਾਂ ਨੂੰ ਰਸ ਭਿੰਨੇ ਕੀਰਤਨ ਨਾਲ ਨਿਹਾਲ ਕਰਨਗੇ।
ਸੰਗਤਾਂ ਨੂੰ ਬੇਨਤੀ ਹੈ ਕਿ ਹੁਮ ਹਮਾਂ ਕੇ ਪੁਜੋ ਅਤੇ ਗੁਰੂ ਦੀਆਂ ਅਸੀਸਾਂ ਹਾਸਿਲ ਕਰੋ ਜੀ॥
ਆਪ ਜੀ ਦੇ ਬਹੁਤ ਧੰਨਵਾਦੀ ਹੋਵਾਂਗੇ।

# Hollywood Sikh Temple (Los Angeles)

## *Observes*

*Shaheedi Diwas of Sri Guru Arjan Dev Ji and*
*GhaluGhara Divas-1984* *Bhog 40 Pathhs, Sri Sukhmani Sahib Ji*

## *On Sunday June 4, 2017*

As Per Program
Akhand Path Sahib Starts on Friday June 2, 2017 at 10:00am
Bhog Sri Akhand Path Sahib on Sunday, June 4, 2017 at 9:30am

Aasa Ji di Vaar: 10:00am and Ardas 11:30am
Kirtan Darbar: 11:45am to 1:30pm

Evening Program for Friday June 2, 2017
Sri Sukhmani Sahib, Rehras Sahib & Kirtan Darbar at 6:00pm to 8:30pm

***Guru Ka Langar Will be served all three days.***
***Hollywood Sikh Temple: 323-665-7707***
*1966 N. Vermont Ave, Los Angeles, CA 90027*
*www.hollywoodsikhtemple.com* *Follow us on: facebook*
*S. Santokh Singh (Secretary): 310-569-9506,* *Baldev S. Johal (Pres) : 661-965-5937*


THATH
ਵੱਖਰੇ
BIKKAR
BADSHAH
ENTERTAINMENT
BULLET
JUS 24X7
FREE PREVIEW!
Only on Dish TV
CH 743
March 29 -April 12
subscribe now
JUS Pack
has it all!
jus punjabi
JUS one
JUS 24X7
9X TASHAN
4 channels for only $14.99 on dish | sling
Call 1-888-246-6242 to Subscribe
and get a worth $200
Promotion code: JUS
*only for new customers limited time
for advertisement & more information call: +1-718-752-9290
www.jusbroadcasting.com

# ਗੁਰਦੁਆਰਾ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਗਰੀਨਵੁੱਡ ਇੰਡਿਆਨਾ ਵਿਖੇ ਹੋਏ ਮਹਾਨ ਗੁਰਮਤਿ ਸਮਾਗਮ ਦੇ ਯਾਦਗਾਰੀ ਪਲ, ਤਸਵੀਰਾਂ ਦੀ ਜ਼ੁਬਾਨੀ



















SAVE $2500
ON DIESEL PER TRUCK WITH
ONE CALL!
11¢
TRANS-ALLIANCE
KHALSA FUEL CARD
1243 6756 7698 3421
TRANS EXPRESS
DISCOUNT
PER GALLON
✓ No more Pre-Paid Cards
✓ Get Rid of Bank Wires
✓ Low Transaction Fee
TRANS-ALLIANCE
(855) 641-6955 • (888) 795-7035
sales@trans-alliance.com • www.trans-alliance.com


SINGH
TRANSPORT INC
● ਸੋਮਵਾਰ ਤੋਂ ਸ਼ੁੱਕਰਵਾਰ ਪੰਜ ਦਿਨ ਕੰਮ ਕਰ ਕੇ ਮਹੀਨੇ ਦਾ $6000 ਕਮਾਓ।
● ਕੰਮ ਕਰਨ ਲਈ ਵਧੀਆ ਤੇ ਆਰਾਮਦਾਇਕ ਮਾਹੌਲ।
● ਅਸੀਂ ਪੋਰਟ 'ਤੇ ਸਭ ਤੋਂ ਜ਼ਿਆਦਾ ਪੈਸੇ ਦਿੰਦੇ ਹਾਂ।
● ਅਸੀਂ ਬੋਨਸ ਵੀ ਦਿੰਦੇ ਹਾਂ।
● ਰੋਜ਼ਾਨਾ ਸ਼ਾਮ ਨੂੰ ਘਰ ਜਾਓ।
ਔਕਲੈਂਡ ਪੋਰਟ, ਲਾਸ ਏਂਜਲਸ ਪੋਰਟ (LA) ਅਤੇ ਲੌਂਗ ਬੀਚ ਪੋਰਟ 'ਤੇ ਕੰਮ ਕਰਨ ਲਈ ਏ ਕਲਾਸ ਡਰਾਈਵਰਾਂ ਅਤੇ ਓਨਰ ਆਪ੍ਰੇਟਰਾਂ ਦੀ ਲੋੜ ਹੈ।
ਸੰਪਰਕ : ਸਤਨਾਮ ਸਿੰਘ ਖਹਿਰਾ (510) 543-3778,
ਜਗਤਾਰ ਸਿੰਘ (510) 918-2439, (510) 943-9578


GRAND OPENING
Spice Jar
INDIAN CUISINE
· Specializing In Tandoor (Clay Oven)
· Vegetarian & Non-Vegetarian Curry
17052 Slover Ave., Ste.J-110
Fontana · 909-350-7010
Mon.- Sun. 11am-10pm · www.spicejar.net
spicejargrill@gmail.com
$1 OFF All-You-Can-Eat Lunch Buffet
Valid Up To 4 People · Total Discount $4
SPICE JAR · 909-350-7010
With this coupon. Not valid with other offers. Expires 1-27-17.
$9.99
All-You-Can-Eat
Lunch Buffet 11am-3pm
A La Carte 5pm-10pm
SPICE JAR · 909-350-7010
With this coupon. Not valid with other offers. Expires 1-27-17.
20% OFF
Entire Dinner Check
Menu Only · Not Valid With Buffet
SPICE JAR · 909-350-7010
With this coupon. Not valid with other offers. Expires 1-27-17.
We Specialize In Catering All Occasions
50-1200 guests
Call Or Email For Catering:
spicejargrill@gmail.com
spicejarfontana
@spice_jar

# ਸਿੱਖਾਂ ਦੀ ਕਾਲੀ ਸੂਚੀ ਸਬੰਧੀ ਕੈਪਟਨ ਦੀ ਰਣਨੀਤੀ ਦੀ ਆਰ.ਐਸ.ਐਸ. ਅਤੇ ਭਾਜਪਾ ਵਲੋਂ ਹਮਾਇਤ

**ਜਲੰਧਰ/ਸਿੱਖ ਸਿਆਸਤ ਬਿਊਰੋ:** ਆਰ.ਐਸ.ਐਸ. ਨੇ ਪਿਛਲੇ ਹਫਤੇ (20 ਮਈ) ਆਪਣੀ ਸਿਆਸੀ ਜਮਾਤ ਭਾਜਪਾ ਨਾਲ ਹੋਈ ਮੀਟਿੰਗ ਵਿਚ ਸਿੱਖਾਂ ਦੀ ਕਾਲੀ ਸੂਚੀ ਦੇ ਸਬੰਧ 'ਚ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਦੀ ਰਣਨੀਤੀ ਦੀ ਹਮਾਇਤ ਕੀਤੀ ਹੈ। ਦੱਸਣਯੋਗ ਹੈ ਕਿ ਕੈਪਟਨ ਅਮਰਿੰਦਰ ਨੇ ਕਿਹਾ ਸੀ ਕਿ ਕਾਲੀ ਸੂਚੀ 'ਚ ਸ਼ਾਮਲ ਸਿੱਖਾਂ ਨੂੰ ਭਾਰਤ ਆਉਣ ਦੇਣਾ ਚਾਹੀਦਾ ਹੈ ਤਾਂ ਜੋ ਉਹ 'ਮੁੱਖ ਧਾਰਾ' 'ਚ ਸ਼ਾਮਲ ਹੋ ਜਾਣ।

ਇਕ ਅੰਗਰੇਜ਼ੀ ਅਖ਼ਬਾਰ ਦੀ ਰਿਪੋਰਟ ਅਨੁਸਾਰ ਪੰਜਾਬ ਆਰ.ਐਸ.ਐਸ. ਦੇ ਮੁਖੀ ਬ੍ਰਿਜ ਭੂਸ਼ਣ ਸਿੰਘ ਬੇਦੀ ਦਾ ਕਹਿਣਾ ਹੈ ਕਿ, "ਵਿਦੇਸ਼ਾਂ 'ਚ ਰਹਿੰਦੇ ਕਾਲੀ ਸੂਚੀ 'ਚ ਸ਼ਾਮਲ ਲੋਕ (ਜਿਨ੍ਹਾਂ ਨੂੰ ਸਿੱਖ ਅਜ਼ਾਦੀ ਦੇ ਸੰਘਰਸ਼ 'ਚ ਸ਼ਾਮਲ ਹੋਣ ਕਰਕੇ ਕਾਲੀ ਸੂਚੀ 'ਚ ਪਾ ਦਿੱਤਾ ਗਿਆ ਸੀ) ਜੇ ਕਰ ਵਾਪਸ ਆ ਕੇ ਮੁੱਖ ਧਾਰਾ 'ਚ ਸ਼ਾਮਲ ਹੋਣਾ ਚਾਹੁੰਦੇ ਹਨ ਤਾਂ ਇਹ ਸਵਾਗਤਯੋਗ ਕਦਮ ਹੈ।"

ਬੇਦੀ ਨੇ ਦਾਅਵਾ ਕੀਤਾ, "ਕੁਝ ਲੋਕ ਜੋ ਹਾਲੇ ਵੀ ਖਾਲਿਸਤਾਨ ਲਹਿਰ ਨਾਲ ਜੁੜੇ ਹੋਏ ਹਨ ਪਰ ਉਨ੍ਹਾਂ ਨੇ ਜ਼ਮੀਨੀ ਪੱਧਰ 'ਤੇ ਆਧਾਰ ਗਵਾ ਦਿੱਤਾ।"

ਪੰਜਾਬ ਭਾਜਪਾ ਦੇ ਪ੍ਰਧਾਨ ਵਿਜੇ ਸਾਂਪਲਾ ਨੇ ਕਿਹਾ ਕਿ ਕਾਲੀ



ਸੂਚੀ 'ਚ ਕੁਝ ਹੀ ਲੋਕ ਹਨ। ਉਨ੍ਹਾਂ ਕਿਹਾ, "ਕੇਂਦਰ ਇਸ ਮਾਮਲੇ 'ਤੇ ਵਿਚਾਰ ਕਰ ਰਿਹਾ ਹੈ ਅਤੇ ਬਾਦਲ ਦਲ-ਭਾਜਪਾ ਸ਼ਾਸਨ ਦੌਰਾਨ ਇਹ ਮਾਮਲਾ ਸਾਹਮਣੇ ਆਇਆ ਸੀ।"

ਉਨ੍ਹਾਂ ਦਾ ਵਿਚਾਰ ਹੈ ਕਿ ਜਿਨ੍ਹਾਂ ਨੇ ਲਹਿਰ ਤੋਂ ਪ੍ਰਭਾਵਤ ਹੋ ਕੇ ਦੇਸ਼ ਛੱਡ ਦਿੱਤਾ ਸੀ, ਹੁਣ ਉਨ੍ਹਾਂ ਨੂੰ ਮਹਿਸੂਸ ਹੋ ਰਿਹਾ ਹੈ ਕਿ ਉਨ੍ਹਾਂ ਦੀ ਕੋਸ਼ਿਸ਼ ਬੇਕਾਰ ਸੀ।

"ਇੰਡੀਅਨ ਐਕਸਪ੍ਰੈਸ" ਅਖ਼ਬਾਰ ਮੁਤਾਬਕ ਭਾਜਪਾ ਦੇ ਬੁਲਾਰੇ ਰਾਕੇਸ਼ ਸ਼ਾਂਤੀਦੂਤ, ਜਿਸ ਦਾ ਪਿਛੋਕੜ ਆਰ.ਐਸ.ਐਸ. 'ਚੋਂ ਹੈ, ਨੇ ਕਿਹਾ ਕਿ ਅਜਿਹੇ ਲੋਕਾਂ ਨੂੰ ਵਾਪਸ (ਅਖੌਤੀ) ਮੁੱਖਧਾਰਾ 'ਚ ਲਿਆਉਣ 'ਚ ਕੋਈ ਹਰਜ ਨਹੀਂ, ਪਰ ਸਰਕਾਰ ਨੂੰ ਹੁਸ਼ਿਆਰ ਰਹਿਣਾ ਚਾਹੀਦਾ ਹੈ ਅਜਿਹੇ ਲੋਕਾਂ ਦੀ ਪੂਰੀ ਸਕਰੀਨਿੰਗ (ਜਾਂਚ) ਹੋਣੀ ਚਾਹੀਦੀ ਹੈ।

ਇਥੇ ਇਹ ਵੀ ਜ਼ਿਕਰਯੋਗ ਹੈ ਕਿ 1984 ਤੋਂ ਬਾਅਦ ਭਾਰਤ ਸਰਕਾਰ ਵਲੋਂ ਸਿੱਖਾਂ ਦੀ ਕਾਲੀ ਸੂਚੀ ਬਣਾਈ ਗਈ ਸੀ। ਇਸ ਸੂਚੀ ਨੂੰ ਪ੍ਰਵਾਸੀ ਸਿੱਖਾਂ ਨੂੰ ਪਰੇਸ਼ਾਨ, ਨਿਰਾਸ਼ ਕਰਨ ਲਈ ਇਕ ਔਜ਼ਾਰ ਵਾਂਗ ਮੰਨਿਆ ਜਾਂਦਾ ਹੈ, ਇਸ ਔਜ਼ਾਰ ਨਾਲ ਉਨ੍ਹਾਂ ਦੀ ਸਰਗਰਮੀ ਨੂੰ ਘਟਾ ਦਿੱਤਾ ਜਾਂਦਾ ਹੈ।

ਜ਼ਿਕਰਯੋਗ ਹੈ ਕਿ 2010 ਵਿਚ ਇਕ ਦੋ ਸਾਲ ਦੇ ਨਿਊਜ਼ੀਲੈਂਡ ਦੇ ਬੱਚੇ ਅਤੇ ਉਸ ਦੀ ਪੰਜਾਬ 'ਚ ਜਨਮੀ ਮਾਂ ਨੂੰ ਅਖੌਤੀ ਕਾਲੀ ਸੂਚੀ ਦੇ ਨਾਂ 'ਤੇ ਭਾਰਤ 'ਚ ਦਾਖਲ ਹੋਣ ਤੋਂ ਰੋਕ ਦਿੱਤਾ ਗਿਆ। ਸਿੱਖ ਔਰਤ ਦਾ ਪਤੀ ਨਿਊਜ਼ੀਲੈਂਡ 'ਚ ਸਿੱਖ ਸਰਗਰਮੀਆਂ 'ਚ ਹਿੱਸਾ ਲੈਂਦਾ ਸੀ ਇਸੇ ਕਾਰਨ ਉਸ ਦੀ ਪਤਨੀ ਅਤੇ ਬੇਟੇ ਦਾ ਨਾਂ ਕਾਲੀ ਸੂਚੀ 'ਚ ਦਰਜ ਕਰ ਦਿੱਤਾ ਗਿਆ। ਮੰਨਿਆ ਇਹ ਜਾਂਦਾ ਹੈ ਕਿ ਉਹ ਸਿੱਖ 1984 'ਚ ਸਿੱਖ ਕਤਲੇਆਮ 'ਚ ਸ਼ਾਮਲ ਇਕ ਮੰਤਰੀ ਦੇ ਵਿਰੋਧ ਪ੍ਰਦਰਸ਼ਨ 'ਚ ਸ਼ਾਮਲ ਸੀ। ਇਸੇ ਤਰ੍ਹਾਂ ਜਨਵਰੀ 2009 'ਚ ਲਖਵਿੰਦਰ ਸਿੰਘ ਗਿੱਲ, ਜੋ ਇਸ ਵੇਲੇ ਕੈਨੇਡਾ 'ਚ ਰਹਿੰਦੇ ਹਨ, ਨੂੰ ਭਾਰਤ 'ਚ ਦਾਖਲ ਹੋਣ ਤੋਂ ਰੋਕ ਦਿੱਤਾ ਗਿਆ ਸੀ। 2011 ਵਿਚ ਉਸ ਦੇ ਪਿਤਾ ਦੇ ਅੰਤਮ ਸਸਕਾਰ 'ਚ ਉਸ ਨੂੰ ਹਿੱਸਾ ਲੈਣ ਤੋਂ ਰੋਕ ਦਿੱਤਾ ਗਿਆ। ਹਾਲਾਂਕਿ 2010-2011 'ਚ ਭਾਰਤ ਸਰਕਾਰ ਵਲੋਂ ਦੱਸੀ ਗਈ ਕਾਲੀ ਸੂਚੀ ਵਿਚ ਉਸ ਦਾ ਨਾਂ ਸ਼ਾਮਲ ਨਹੀਂ ਸੀ।

ਜੂਨ 2011 'ਚ ਇਹ ਮਾਮਲਾ ਉਦੋਂ ਸੁਰਖੀਆਂ 'ਚ ਆਇਆ ਜਦੋਂ ਭਾਰਤ ਸਰਕਾਰ ਵਲੋਂ ਬਣਾਈ ਕਾਲੀ ਸੂਚੀ 'ਚ ਕਈ ਕਮੀਆਂ ਸਨ। ਭਾਰਤ ਦੇ ਗ੍ਰਹਿ ਮੰਤਰਾਲੇ ਵਲੋਂ ਭੇਜੀ ਗਈ ਕਾਲੀ ਸੂਚੀ 'ਚ 185 ਸਿੱਖਾਂ ਦੇ ਨਾਂ ਸਨ, ਪਰ ਬਾਅਦ 'ਚ ਪਤਾ ਚੱਲਿਆ ਕਿ ਅਸਲ 'ਚ ਸਿਰਫ 16 ਨਾਂ ਹੀ ਸੀ। ਕਿਉਂਕਿ ਕਈ ਨਾਂ ਦੁਬਾਰਾ ਲਿਖੇ ਗਏ ਸਨ, ਕਈ ਸ਼ਾਮਲ ਬੰਦੇ ਮਰ ਚੁੱਕੇ ਸਨ। ਜਿਵੇਂ ਡਾ. ਜਗਜੀਤ ਸਿੰਘ ਚੌਹਾਨ, ਵੱਸਣ ਸਿੰਘ ਜ਼ਫਰਵਾਲ, ਹਰਪਾਲ ਸਿੰਘ ਚੀਮਾ, ਕੁਲਬੀਰ ਸਿੰਘ ਬੜਾਪਿੰਡ, ਜੋ ਪਹਿਲਾਂ ਹੀ ਪੰਜਾਬ 'ਚ ਰਹਿ ਰਹੇ ਸਨ। ਹੈਰਾਨੀ ਦੀ ਗੱਲ ਹੈ ਕਿ ਕੁਲਬੀਰ ਸਿੰਘ ਬੜਾਪਿੰਡ ਨੂੰ ਅਮਰੀਕਾ ਵਲੋਂ ਭਾਰਤ ਹਵਾਲੇ ਕਰ ਦਿੱਤਾ ਗਿਆ ਸੀ ਪਰ ਫਿਰ ਵੀ ਉਨ੍ਹਾਂ ਦਾ ਨਾਂ ਕਾਲੀ ਸੂਚੀ ਵਿਚ ਸ਼ਾਮਲ ਸੀ। 2013 'ਚ ਪੰਜਾਬ ਪੁਲੀਸ ਦੇ ਇਕ ਡੀ.ਐਸ.ਪੀ. ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੂੰ ਦੱਸਿਆ ਕਿ ਪੰਜਾਬ ਵਿਚ ਮਿਲੀਟੈਂਸੀ ਦੇ ਦੌਰ 'ਚ ਜੋ ਵੀ ਸਿੱਖ ਵਿਦੇਸ਼ ਗਿਆ ਸੀ, ਉਸ ਦਾ ਨਾਂ "ਹਾਰਡ ਕੋਰ ਟੈਰੋਰਿਸਟ" ਦੀ ਸੂਚੀ ਵਿਚ ਪਾ ਦਿੱਤਾ ਗਿਆ ਸੀ।

## ਗੁਰਦੁਆਰਾ ਸਿੰਘ ਸਭਾ ਰੈਨਟਨ ਦੀ ਸੰਗਤ ਨੇ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ ਨਗਰ ਕੀਰਤਨ ਸਜਾਇਆ

**ਸਿਆਟਲ/ਬਿਊਰੋ ਨਿਊਜ਼ :** ਗੁਰਦੁਆਰਾ ਸਿੰਘ ਸਭਾ ਰੈਨਟਨ ਤੇ ਆਸਪਾਸ ਦੇ ਸਮੂਹ ਗੁਰਦੁਆਰਿਆਂ ਤੇ ਸੰਗਤ ਦੇ ਸਹਿਯੋਗ ਨਾਲ ਖ਼ਾਲਸਾ ਸਾਜਨਾ ਦਿਵਸ ਨੂੰ ਸਮਰਪਿਤ 10ਵਾਂ ਸਾਲਾਨਾ ਨਗਰ ਕੀਰਤਨ ਸੋਵੇਅਰ ਸੈਂਟਰ ਕੈਂਟ ਵਿਚ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਸਜਾਇਆ ਗਿਆ, ਜਿਸ ਦਾ ਦੂਰ-ਦੂਰ ਤੋਂ ਆਈਆਂ ਸੰਗਤਾਂ ਨੇ ਖੂਬ ਆਨੰਦ ਮਾਣਿਆ। ਸਿਆਟਲ ਦਾ ਨਗਰ ਕੀਰਤਨ ਖ਼ਾਲਸਾਈ ਰੰਗ ਵਿਚ ਰੰਗਿਆ ਗਿਆ। ਐਤਵਾਰ ਸਵੇਰੇ 10 ਵਜੇ ਤੋਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਹਜ਼ੂਰੀ ਵਿਚ ਕੀਰਤਨੀ ਜਥਿਆਂ ਭਾਈ ਜਰਨੈਲ ਸਿੰਘ, ਭਾਈ ਵਰਿਆਮ ਸਿੰਘ ਤੇ ਭਾਈ ਪਰਮਜੀਤ ਸਿੰਘ ਨੇ ਰਸਭਿੰਨਾ ਕੀਰਤਨ ਕਰਕੇ, ਭਾਈ ਕੁਲਬੀਰ ਸਿੰਘ ਦਿਲਬਰ ਦੇ ਢਾਡੀ ਜਥੇ ਨੇ ਕਵੀਸ਼ਰੀ ਵਾਰਾਂ ਸੁਣਾ ਕੇ ਅਤੇ ਗਿਆਨੀ ਸ਼ੇਰ ਸਿੰਘ ਨੇ ਕਥਾ ਰਾਹੀਂ ਖਾਲਸੇ ਦਾ ਜਨਮ ਦਿਨ ਵਿਸਥਾਰ ਸਹਿਤ ਜੱਸ ਗਾਇਨ ਕੀਤਾ। ਇਸ ਮੌਕੇ ਦਾਨੀਆਂ-ਸੇਵਾਦਾਰਾਂ ਯੈਲੋ ਕੈਬ, ਔਰੇਂਜ ਕੈਬ, ਸਟੀਲ ਕੈਬ, ਮਨਜੀਤ ਸਿੰਘ ਇੰਸ਼ੋਰੈਂਸ ਕੰਪਨੀ, ਬੋਥਲ ਗੁਰਦੁਆਰਾ ਦੇ ਸੋਚ ਸੈਂਟਰ ਦੇ ਵਾਲੰਟੀਅਰਾਂ ਵੱਲੋਂ ਲੰਗਰ ਤੇ ਮੈਡੀਕਲ ਕੈਂਪ, ਪੰਜਾਬ ਟਰੇਡਿੰਗ ਕੰਪਨੀ ਕੁਲਵੰਤ ਸਿੰਘ ਸ਼ਾਹ, ਓਰਵਰੀ ਬਿਊਟੀ ਪਾਰਲਰ ਤੇ ਸਪਾ ਦੇ ਮਾਲਕ ਸੰਨੀ ਰਾਜ, ਜੇ. ਐਂਡ ਐਚ. ਐਕਸਪ੍ਰੈਸ ਟਰੱਕਿੰਗ ਕੰਪਨੀ ਦੇ ਮਾਲਕ ਮਨਮੋਹਣ ਸਿੰਘ ਧਾਲੀਵਾਲ ਅਤੇ ਘਨੱਈਆ ਸੇਵਾ ਸੁਸਾਇਟੀ ਦੇ ਸੇਵਾਦਾਰਾਂ, ਆਜ਼ਾਦ ਸਪੋਰਟਸ ਕਲੱਬ ਤੇ ਹੋਰ ਕਈ ਸੰਸਥਾਵਾਂ ਵੱਲੋਂ ਵੱਖ-ਵੱਖ ਤਰ੍ਹਾਂ ਦੇ ਪਕਵਾਨ, ਲੰਗਰ ਤਿਆਰ ਕਰਕੇ ਸੰਗਤ ਦੀ ਸੇਵਾ ਵਿਚ ਪੇਸ਼ ਕੀਤੇ। ਧਾਰਮਿਕ ਸਟੇਜ ਤੋਂ ਸੇਲਮ ਤੋਂ ਬਹਾਦਰ ਸਿੰਘ, ਪੋਰਟਲੈਂਡ ਤੋਂ ਗੁਰਜੀਤ ਸਿਘ ਰਾਕਾ, ਲਿੰਡਨ ਤੋਂ ਬਾਬਾ ਹਰੀ ਸਿੰਘ, ਸਰੀ ਤੋਂ ਮਨਜੀਤ ਸਿੰਘ ਧਾਮੀ, ਡਾ. ਅਮਰਜੀਤ ਸਿੰਘ, ਬਾਬਾ ਰਾਮ ਸਿੰਘ, ਹਰਪਾਲ ਸਿੰਘ ਸੱਪਰਾ, ਹਰਜਿੰਦਰ ਸਿੰਘ ਸੰਧੂ, ਸੁਖਵਿੰਦਰ ਸਿੰਘ, ਰੇਡੀਓ ਪੰਜਾਬ ਦੇ ਹੋਸਟਾਂ, ਫਾਸਟਵੇ ਟੀ.ਵੀ. ਤੇ ਵੱਖ-ਵੱਖ ਸਟਾਲਾਂ ਦੇ ਆਲੋਚਕਾਂ ਤੇ ਕਈ ਮਾਣਮੱਤੀਆਂ ਸ਼ਖ਼ਸੀਅਤਾਂ ਨੂੰ ਸਿਰੋਪਾਓ ਦੇ ਕੇ ਨਿਵਾਜਿਆ ਗਿਆ। ਮਨਮੋਹਣ ਸਿੰਘ ਧਾਲੀਵਾਲ, ਮਹਿੰਦਰ ਸਿੰਘ ਸੋਹਲ, ਮੈਨੇਜਰ ਗੁਰਦੁਆਰਾ ਹਰਸ਼ਰਨ ਸਿੰਘ ਉਦੋਕੇ ਨੇ ਦੱਸਿਆ ਕਿ 25 ਹਜ਼ਾਰ ਤੋਂ ਵੱਧ ਸੰਗਤਾਂ ਦਾ ਰਿਕਾਰਡ ਤੋੜ ਇਕੱਠ ਵੇਖਣ ਨੂੰ ਮਿਲਿਆ।

## ਡੈਮੋਕਰੇਟਿਕ ਪਾਰਟੀ ਦੀ ਤਿੰਨ ਰੋਜ਼ਾ ਕਨਵੈਨਸ਼ਨ ਸੰਪੰਨ





### *ਸਿੱਖ ਦੀਆਂ ਦਸਤਾਰਾਂ ਨੇ ਵੀ ਬਣਾਈ ਵੱਖਰੀ ਪਛਾਣ*

**ਸੈਕਰਾਮੈਂਟੋ/ਬਿਊਰੋ ਨਿਊਜ਼ :** ਡੈਮੋਕਰੇਟਿਕ ਪਾਰਟੀ ਕੈਲੀਫੋਰਨੀਆ ਦੀ ਕਨਵੈਨਸ਼ਨ ਸੈਕਰਾਮੈਂਟੋ ਵਿਖੇ ਹੋਈ। ਤਿੰਨ ਦਿਨ ਚੱਲੀ ਇਸ ਕਨਵੈਨਸ਼ਨ ਵਿਚ ਡੈਮੋਕਰੇਟ ਪਾਰਟੀ ਦੇ ਲੀਡਰਾਂ ਨੇ ਵੱਡੀ ਗਿਣਤੀ ਵਿਚ ਸ਼ਿਰਕਤ ਕੀਤੀ। ਇਸ ਕਨਵੈਨਸ਼ਨ ਵਿਚ ਪਾਰਟੀ ਦੇ ਉੱਚ ਅਹੁਦੇਦਾਰ ਸ਼ਾਮਲ ਹੋਏ। ਇਸ ਤੋਂ ਇਲਾਵਾ ਅਸੈਂਬਲੀ ਮੈਂਬਰ, ਸਟੇਟ ਸੈਨੇਟਰ, ਕਾਂਗਰਸਮੈਨ ਅਤੇ ਡੈਲੀਗੇਟ ਨੇ ਵੀ ਸ਼ਮੂਲੀਅਤ ਕੀਤੀ। ਡੈਮੋਕਰੇਟ ਪਾਰਟੀ ਦੀ ਕੈਲੀਫੋਰਨੀਆ 'ਚ ਹਰ ਦੋ ਸਾਲਾਂ ਬਾਅਦ ਕਨਵੈਨਸ਼ਨ ਹੁੰਦੀ ਹੈ। ਇਸ ਕਨਵੈਨਸ਼ਨ ਵਿਚ ਜਿੱਥੇ ਪਾਰਟੀ ਦੇ ਨਵੇਂ ਅਹੁਦੇਦਾਰ ਚੁਣੇ ਜਾਂਦੇ ਹਨ, ਉਥੇ ਪਾਰਟੀ ਦੇ ਨਵੇਂ ਨਿਯਮ ਅਤੇ ਨੀਤੀਆਂ ਵੀ ਬਣਾਈਆਂ ਜਾਂਦੀਆਂ ਹਨ। ਇਸ ਵਾਰ ਚੁਣੇ ਹੋਏ ਡੈਲੀਗੇਟਾਂ ਵਿਚ ਕੁਝ ਕੁ ਸਿੱਖ ਡੈਲੀਗੇਟ ਵੀ ਸ਼ਾਮਲ ਸਨ, ਜਿਹੜੇ ਭਾਵੇਂ ਗਿਣਤੀ ਪੱਖੋਂ ਥੋੜ੍ਹੇ ਸਨ ਪਰ ਦਸਤਾਰਾਂ ਵਾਲੇ ਹੋਣ ਕਰਕੇ ਹਜ਼ਾਰਾਂ ਲੋਕਾਂ ਵਿਚ ਆਪਣੀ ਵੱਖਰੀ ਪਹਿਚਾਣ ਬਣਾ ਰਹੇ ਸਨ। ਡੈਮੋਕਰੇਟ ਪਾਰਟੀ ਦੇ ਨੈਸ਼ਨਲ ਡੈਲੀਗੇਟ ਗੁਰਜਤਿੰਦਰ ਸਿੰਘ ਰੰਧਾਵਾ ਨੇ ਕਿਹਾ ਹੈ ਕਿ ਦਸਤਾਰਧਾਰੀ ਸਿੱਖਾਂ ਨੂੰ ਅਮਰੀਕਨ ਰਾਜਨੀਤੀ ਵਿਚ ਵੱਧ-ਚੜ੍ਹ ਕੇ ਯੋਗਦਾਨ ਪਾਉਣਾ ਚਾਹੀਦਾ ਹੈ, ਤਾਂ ਕਿ ਇੱਥੇ ਸਿੱਖਾਂ ਦੀ ਪਹਿਚਾਣ ਬਣਾਈ ਜਾ ਸਕੇ। ਉਨ੍ਹਾਂ ਇਸ ਗੱਲ ਦੀ ਖੁਸ਼ੀ ਪ੍ਰਗਟਾਈ ਕਿ ਦਸਤਾਰਧਾਰੀ ਸਿੱਖ ਪਹਿਲਾਂ ਨਾਲੋਂ ਕੁਝ ਸਰਗਰਮ ਤਾਂ ਹੋਏ ਹਨ, ਪਰ ਹਾਲੇ ਹੋਰ ਵੀ ਸਿੱਖਾਂ ਨੂੰ ਸਥਾਨਕ ਰਾਜਨੀਤੀ ਵਿਚ ਆਉਣਾ ਚਾਹੀਦਾ ਹੈ।

## ਪੀਸੀਏ ਸਭਿਆਚਾਰਕ ਮੇਲੇ 'ਚ ਮਿਸ ਪੂਜਾ, ਰੌਸ਼ਨ ਪ੍ਰਿੰਸ, ਹਰਮਨ ਦੀਪ ਲਾਉਣਗੇ ਰੌਣਕਾਂ



### *28 ਮਈ, ਐਤਵਾਰ ਨੂੰ ਹੋ ਰਹੇ ਮੇਲੇ ਦੀਆਂ ਤਿਆਰੀਆਂ ਮੁਕੰਮਲ*

**ਫਰਿਜ਼ਨੋ/ਨੀਟਾ ਮਾਛੀਕੇ/ਕੁਲਵੰਤ ਧਾਲੀਆਂ :** ਪੰਜਾਬੀ ਕਲਚਰਲ ਐਸੋਸੀਏਸ਼ਨ ਵੱਲੋਂ 28 ਮਈ, ਐਤਵਾਰ ਨੂੰ ਫਰਿਜ਼ਨੋ ਵਿਖੇ ਕਰਵਾਏ ਜਾ ਰਹੇ ਸਭਿਆਚਾਰਕ ਮੇਲੇ ਦੇ ਸਬੰਧ ਵਿੱਚ ਵੁਡਵਰਡ ਪਾਰਕ ਵਿਖੇ ਪ੍ਰਬੰਧਾਂ ਦਾ ਜਾਇਜ਼ਾ ਲੈਣ ਮਗਰੋਂ ਬੋਰਡ ਮੈਂਬਰਾਂ ਦੀ ਅਹਿਮ ਮੀਟਿੰਗ ਹੋਈ। ਇਸ ਮੌਕੇ ਪ੍ਰਬੰਧਕਾਂ ਨੇ ਦੱਸਿਆ ਕਿ ਮੇਲੇ ਦੀਆਂ ਸਾਰੀਆਂ ਤਿਆਰੀਆਂ ਮੁਕੰਮਲ ਕਰ ਲਈਆਂ ਗਈਆਂ ਹਨ। ਮੇਲੇ ਵਿੱਚ ਜਿਥੇ ਗਿੱਧੇ ਅਤੇ ਭੰਗੜੇ ਦੀਆਂ ਟੀਮਾਂ ਆਪੋ-ਆਪਣੇ ਜੌਹਰ ਵਿਖਾਉਣਗੀਆਂ, ਉਥੇ ਗਾਇਕ ਰੌਸ਼ਨ ਪ੍ਰਿੰਸ, ਮਿਸ ਪੂਜਾ ਤੇ ਹਰਮਨ ਦੀਪ ਵੀ ਮੇਲੇ ਦੀਆਂ ਰੌਣਕਾਂ ਵਧਾਉਣਗੇ। ਮੇਲੇ ਲਈ ਮੁਫਤ ਦਾਖਲਾ ਹੋਣ ਕਾਰਨ ਪ੍ਰਬੰਧਕਾਂ ਨੂੰ ਇਸ ਵਾਰ ਰਿਕਾਰਡ ਤੋੜ ਇਕੱਠ ਹੋਣ ਦੀ ਸੰਭਾਵਨਾ ਹੈ। ਇਸੇ ਲਈ ਪ੍ਰਬੰਧਕਾਂ ਵਲੋਂ ਸਾਰੇ ਪੁਖ਼ਤਾ ਇੰਤਜ਼ਾਮ ਕੀਤੇ ਜਾ ਰਹੇ ਹਨ। ਸੁਰੱਖਿਆ ਦੇ ਇੰਤਜ਼ਾਮਾਤ ਦੇ ਨਾਲ ਨਾਲ ਹਰ ਤਰ੍ਹਾਂ ਦੇ ਨਸ਼ੇ 'ਤੇ ਪੂਰਨ ਪਾਬੰਦੀ ਰਹੇਗੀ। ਸਟੇਜ ਸੰਚਾਲਨ ਰੁਬੀ ਸਰਾਂ ਤੇ ਮਿੱਕੀ ਸਰਾਂ ਕਰਨਗੇ। ਮਿੱਕੀ ਸਰਾਂ ਆਪਣੇ ਕੁਝ ਮਕਬੂਲ ਗੀਤਾ ਵੀ ਸੁਣਾਉਣਗੇ। ਇਹ ਮੇਲਾ ਬਾਅਦ ਦੁਪਹਿਰ 1:00 ਵਜੇ ਤੋਂ ਦੇਰ ਸ਼ਾਮ ਤੱਕ ਚੱਲੇਗਾ। ਹੋਰ ਵਧੇਰੇ ਜਾਣਕਾਰੀ ਲਈ ਮਿੱਕੀ ਸਰਾਂ ਨਾਲ 408-966-7019 ਜਾਂ ਜਗਰੂਪ ਭੰਡਾਲ ਨਾਲ (559) 917-9608 'ਤੇ ਸੰਪਰਕ ਕੀਤਾ ਜਾ ਸਕਦਾ ਹੈ।

## ਇੰਦਰਜੀਤ ਸਿੰਘ ਜੇਜੀ ਦਾ ਦੋਸ਼-ਖ਼ੁਦਕੁਸ਼ੀਆਂ ਕਰ ਰਹੇ ਕਿਸਾਨਾਂ ਲਈ ਸ਼੍ਰੋਮਣੀ ਕਮੇਟੀ ਨੇ ਕੁਝ ਨਹੀਂ ਕੀਤਾ

**ਚੰਡੀਗੜ੍ਹ/ਬਿਊਰੋ ਨਿਊਜ਼ :** ਸਾਬਕਾ ਵਿਧਾਇਕ ਤੇ ਸਰਕਾਰੀ ਦਮਨ ਵਿਰੋਧੀ ਮੁਹਿੰਮ ਦੇ ਕਨਵੀਨਰ ਇੰਦਰਜੀਤ ਸਿੰਘ ਜੇਜੀ ਨੇ ਦੋਸ਼ ਲਾਇਆ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕਿਸਾਨ ਖ਼ੁਦਕੁਸ਼ੀਆਂ ਦੇ ਮੁੱਦੇ 'ਤੇ ਘੂਕ ਸੁੱਤੀ ਪਈ ਹੈ ਤੇ ਕਿਸਾਨਾਂ ਨੂੰ ਜਾਗਰੂਕ ਕਰਨ ਲਈ ਕੋਈ ਹੰਭਲਾ ਨਹੀਂ ਮਾਰ ਰਹੀ। ਪਿਛਲੇ ਤਿੰਨ ਦਹਾਕਿਆਂ ਤੋਂ ਖੇਤੀ ਸੈਕਟਰ ਵਿਚ ਕਿਸਾਨ ਖ਼ੁਦਕੁਸ਼ੀਆਂ ਬਾਰੇ ਕੰਮ ਕਰਨ ਵਾਲੇ ਸ੍ਰੀ ਜੇਜੀ ਨੇ ਕਿਹਾ ਕਿ ਪੇਂਡੂ ਖੇਤਰ ਵਿੱਚ ਸਿੱਖ ਸਮੱਸਿਆਵਾਂ ਵਿਚ ਘਿਰੇ ਪਏ ਹਨ ਤੇ ਉਨ੍ਹਾਂ ਵਿਚੋਂ ਕਈ ਖ਼ੁਦਕੁਸ਼ੀਆਂ ਦੇ ਰਾਹ ਪੈ ਗਏ ਹਨ, ਪਰ ਸ਼੍ਰੋਮਣੀ ਕਮੇਟੀ ਉਨ੍ਹਾਂ ਲਈ ਕੁਝ ਵੀ ਕਰਨ ਤੋਂ ਨਾਕਾਮ ਸਾਬਤ ਹੋਈ ਹੈ। ਉਨ੍ਹਾਂ ਕਿਹਾ ਕਿ ਧਰਮ ਪ੍ਰਚਾਰਕਾਂ ਨੂੰ ਨਿਰਾਸ਼ ਹੋ ਚੁੱਕੇ ਵਿਅਕਤੀਆਂ ਤੱਕ ਪਹੁੰਚ ਕਰਕੇ ਉਨ੍ਹਾਂ ਨੂੰ ਖ਼ੁਦਕੁਸ਼ੀਆਂ ਕਰਨ ਤੋਂ ਰੋਕਣਾ ਚਾਹੀਦਾ ਹੈ। ਦੂਜੇ ਪਾਸੇ ਕਿਸਾਨਾਂ ਦੇ ਕਰਜ਼ੇ ਮੁਆਫ਼ ਕਰਨ ਲਈ ਪੰਜਾਬ ਸਰਕਾਰ ਵੱਲੋਂ ਕਮੇਟੀ ਗਠਿਤ ਕੀਤੇ ਜਾਣ ਦੇ ਬਾਵਜੂਦ ਕਿਸਾਨ ਖ਼ੁਦਕੁਸ਼ੀਆਂ ਵਿਚ ਕਮੀ ਨਹੀਂ ਆਈ ਹੈ। ਖੇਤੀ ਮਾਹਰਾਂ ਦਾ ਕਹਿਣਾ ਹੈ ਕਿ ਕਿਸਾਨ ਖ਼ੁਦਕੁਸ਼ੀਆਂ ਵਿੱਚ ਵਾਧਾ ਹੋਇਆ ਹੈ।

## ਪੰਦਰਾਂ ਹਜ਼ਾਰ ਬਜ਼ੁਰਗ ਬੁਢਾਪਾ ਪੈਨਸ਼ਨ ਉਡੀਕਦੇ ਉਡੀਕਦੇ ਦੁਨੀਆ ਤੋਂ ਰੁਖ਼ਸਤ

### ਪੰਜ ਹਜ਼ਾਰ ਬਜ਼ੁਰਗਾਂ ਨੂੰ ਪਹਿਲੀ ਪੈਨਸ਼ਨ ਲੈਣੀ ਵੀ ਨਸੀਬ ਨਾ ਹੋਈ

**ਬਠਿੰਡਾ/ਬਿਊਰੋ ਨਿਊਜ਼ :** ਪੰਜਾਬ ਵਿਚ ਕਰੀਬ ਪੰਦਰਾਂ ਹਜ਼ਾਰ ਬਜ਼ੁਰਗ ਬੁਢਾਪਾ ਪੈਨਸ਼ਨ ਉਡੀਕਦੇ ਉਡੀਕਦੇ ਰੱਬ ਨੂੰ ਪਿਆਰੇ ਹੋ ਗਏ ਹਨ ਜਦੋਂ ਕਿ ਪੰਜ ਹਜ਼ਾਰ ਬਜ਼ੁਰਗਾਂ ਨੂੰ ਪਹਿਲੀ ਪੈਨਸ਼ਨ ਲੈਣੀ ਵੀ ਨਸੀਬ ਨਹੀਂ ਹੋ ਸਕੀ ਹੈ। ਸੀਨੀਅਰ ਪੱਤਰਕਾਰ ਚਰਨਜੀਤ ਭੁੱਲਰ ਦੀ ਰਿਪੋਰਟ ਅਨੁਸਾਰ ਪੰਜਾਬ ਵਿਚ ਆਖਰੀ ਦਫ਼ਾ ਬਜ਼ੁਰਗਾਂ ਨੂੰ ਬੁਢਾਪਾ ਪੈਨਸ਼ਨ ਅਕਤੂਬਰ 2016 ਦੀ ਮਹੀਨੇ ਦੀ ਵੰਡੀ ਗਈ ਸੀ। ਪੰਜਾਬ ਵਿਚ ਕਰੀਬ 14 ਲੱਖ ਬਜ਼ੁਰਗ ਬੁਢਾਪਾ ਪੈਨਸ਼ਨ ਲੈ ਰਹੇ ਹਨ। ਪੰਜਾਬ ਸਰਕਾਰ ਨੇ ਜਨਵਰੀ 2016 ਤੋਂ ਬੁਢਾਪਾ ਪੈਨਸ਼ਨ 250 ਤੋਂ ਵਧਾ ਕੇ 500 ਰੁਪਏ ਕਰ ਦਿੱਤੀ ਸੀ ਅਤੇ ਫਰਵਰੀ ਮਹੀਨੇ ਵਿਚ ਹਰ ਜ਼ਿਲ੍ਹੇ ਵਿਚ ਵਿਸ਼ੇਸ਼ ਸਮਾਗਮ ਕਰਕੇ ਇਹ ਪੈਨਸ਼ਨਾਂ ਵੰਡੀਆਂ ਗਈਆਂ ਸਨ। ਨਵੀਂ ਸਰਕਾਰ ਵੀ ਬਿਨਾਂ ਕਿਸੇ ਵਾਧੇ ਤੋਂ ਪੰਜ ਸੌ ਰੁਪਏ ਬੁਢਾਪਾ ਪੈਨਸ਼ਨ ਭੇਜ ਰਹੀ ਹੈ। ਮਾਨਸਾ ਦੇ ਪਿੰਡ ਤਾਮਕੋਟ ਦਾ ਬਜ਼ੁਰਗ ਨਛੱਤਰ ਸਿੰਘ ਕੈਂਸਰ ਦਾ ਮਰੀਜ਼ ਸੀ, ਜਿਸ ਨੇ ਖ਼ੁਦਕੁਸ਼ੀ ਕਰਕੇ ਜਾਨ ਦੇ ਦਿੱਤੀ। ਬਜ਼ੁਰਗ ਨੂੰ ਨਾ ਪੰਜ ਮਹੀਨੇ ਤੋਂ ਬੁਢਾਪਾ ਪੈਨਸ਼ਨ ਮਿਲੀ ਸੀ ਅਤੇ ਨਾ ਹੀ ਮਨਰੇਗਾ ਦੀ ਦਿਹਾੜੀ। ਇਸੇ ਪਿੰਡ ਦੀ ਗੁਰਨਾਮ ਕੌਰ ਦੀ ਨਵੀਂ ਬੁਢਾਪਾ ਪੈਨਸ਼ਨ ਲੱਗੀ ਸੀ। ਸਰਕਾਰ ਨੇ ਜਦੋਂ ਬੁਢਾਪਾ ਪੈਨਸ਼ਨ ਭੇਜੀ ਤਾਂ ਉਦੋਂ ਤੱਕ ਇਸ ਬਜ਼ੁਰਗ ਦੀ ਮੌਤ ਹੋ ਚੁੱਕੀ ਸੀ। ਪਿੰਡ ਦੇ ਸਰਪੰਚ ਰਣਜੀਤ ਸਿੰਘ ਨੇ ਦੱਸਿਆ ਕਿ ਕਰੀਬ ਅੱਠ ਬਜ਼ੁਰਗ ਤਾਂ ਪੈਨਸ਼ਨ ਦੀ ਉਡੀਕ ਵਿੱਚ ਹੀ ਜਹਾਨੋਂ ਚਲੇ ਗਏ ਹਨ ਜੋ ਬਹੁਤ ਲੋੜਵੰਦ ਸਨ। ਬਠਿੰਡਾ ਦੇ ਪਿੰਡ ਸ਼ੇਖੂਪੁਰਾ ਦਾ ਬਜ਼ੁਰਗ ਜੈਲਾ ਸਿੰਘ ਪਹਿਲੀ ਬੁਢਾਪਾ ਪੈਨਸ਼ਨ ਹੀ ਨਹੀਂ ਲੈ ਸਕਿਆ। ਸ਼ੇਖੂਪੁਰਾ ਦੇ ਸਰਪੰਚ ਰਾਜ ਕੁਮਾਰ ਨੇ ਦੱਸਿਆ ਕਿ ਪਿੰਡ ਵਿਚ ਕਰੀਬ ਸੱਤ ਬਜ਼ੁਰਗ ਅਕਤੂਬਰ 2016 ਤੋਂ ਮਗਰੋਂ ਮੌਤ ਦੇ ਮੂੰਹ ਜਾ ਪਏ ਹਨ ਜਿਨ੍ਹਾਂ ਨੂੰ ਪੰਜ ਮਹੀਨੇ ਤੋਂ ਪੈਨਸ਼ਨ ਨਹੀਂ ਮਿਲੀ ਸੀ। ਬਜ਼ੁਰਗ ਸੁਖਦੇਵ ਸਿੰਘ ਪੈਨਸ਼ਨ ਦੀ ਉਡੀਕ ਕਰਦਾ ਕਰਦਾ ਚੱਲ ਵਸਿਆ। ਪਿੰਡ ਬੰਗੀ ਰੁਲਦੂ ਦੇ ਪੰਜ ਬਜ਼ੁਰਗ ਜਹਾਨੋਂ ਚਲੇ ਗਏ ਹਨ। 76 ਵਰ੍ਹਿਆਂ ਦੀ ਜਸਵਿੰਦਰ ਕੌਰ ਪੈਨਸ਼ਨ ਉਡੀਕਦੀ ਚਲੀ ਗਈ। ਸਰਪੰਚ ਦਲਬੀਰ ਕੌਰ ਨੇ

ਬਾਕੀ ਸਫ਼ਾ 31 'ਤੇ

# ਕੈਪਟਨ 21 ਸਿੱਖਾਂ ਦੇ ਕਤਲ ਦਾ ਪੂਰਾ ਸੱਚ ਲੋਕਾਂ ਸਾਹਮਣੇ ਰੱਖਣ: ਖਾਲੜਾ ਮਿਸ਼ਨ ਆਰਗੇਨਾਈਜ਼ੇਸ਼ਨ



80-90 ਦੇ ਦਹਾਕੇ 'ਚ ਪੰਜਾਬ 'ਚ ਵੱਡੀ ਪੱਧਰ 'ਤੇ ਹੋਏ ਝੂਠੇ ਪੁਲਿਸ ਮੁਕਾਬਲਿਆਂ ਨੂੰ ਦਰਸਾਉਂਦੀ ਤਸਵੀਰ

**ਅੰਮ੍ਰਿਤਸਰ/ਸਿੱਖ ਸਿਆਸਤ ਬਿਊਰੋ:** ਖਾਲੜਾ ਮਿਸ਼ਨ ਆਰਗੇਨਾਈਜ਼ੇਸ਼ਨ ਦੀ ਸਰਪ੍ਰਸਤ ਪਰਮਜੀਤ ਕੌਰ ਖਾਲੜਾ, ਸਪੋਕਸਮੈਨ ਸਤਵਿੰਦਰ ਸਿੰਘ ਪਲਾਸੌਰ, ਪ੍ਰਧਾਨ ਹਰਮਨਦੀਪ ਸਿੰਘ, ਮੀਤ ਪ੍ਰਧਾਨ ਵਿਰਸਾ ਸਿੰਘ ਬਹਿਲਾਂ, ਕੇਂਦਰੀ ਕਮੇਟੀ ਮੈਂਬਰ ਸਤਵੰਤ ਸਿੰਘ ਮਾਣਕ, ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਡਿਪਟੀ ਚੇਅਰਮੈਨ ਕ੍ਰਿਪਾਲ ਸਿੰਘ ਰੰਧਾਵਾ ਨੇ ਪ੍ਰੈਸ ਬਿਆਨ ਜਾਰੀ ਕਰਕੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਪੰਜਾਬ ਵੱਲੋਂ 21 ਖਾੜਕੂਆਂ ਦੇ ਗੈਰ-ਕਾਨੂੰਨੀ ਕਤਲਾਂ ਤੋਂ ਪਰਦ ਚੁੱਕਣ ਤੋਂ ਬਾਅਦ ਸਿੱਖ ਪੰਥ ਹੀ ਨਹੀਂ ਸਮੁੱਚੀ ਮਨੁੱਖਤਾ ਸੁੰਨ ਹੋ ਕੇ ਰਹਿ ਗਈ ਹੈ।

ਜ਼ਿਕਰਯੋਗ ਹੈ ਕਿ ਕੈਪਟਨ ਹੁਰਾਂ ਨੇ ਬੀਤੇ ਦਿਨ ਮੀਡੀਆ ਸਾਹਮਣੇ ਆਖਿਆ ਹੈ ਚੰਦਰ ਸ਼ੇਖਰ ਦੀ ਸਰਕਾਰ ਸਮੇਂ ਉਨ੍ਹਾਂ 21 ਖਾੜਕੂਆਂ ਨੂੰ ਪ੍ਰਧਾਨ ਮੰਤਰੀ ਦੀ ਰਿਹਾਇਸ਼ 'ਤੇ ਪੇਸ਼ ਕਰਾਇਆ ਸੀ ਜਿਨ੍ਹਾਂ ਨੂੰ ਬਾਅਦ ਵਿੱਚ ਮਾਰ ਦਿੱਤਾ ਗਿਆ ਸੀ ਅਤੇ ਇਨ੍ਹਾਂ 21 ਮੌਤਾਂ ਲਈ ਮੈਂ ਆਪਣੇ ਆਪ ਨੂੰ ਜ਼ਿੰਮੇਵਾਰ ਸਮਝਦਾ ਹਾਂ।

ਖਾਲੜਾ ਮਿਸ਼ਨ ਦਾ ਕਹਿਣਾ ਹੈ ਕਿ ਸੂਬੇ ਦੇ ਮੁੱਖ ਮੰਤਰੀ ਨੇ ਅਜਿਹਾ ਬਿਆਨ ਦੇ ਕੇ ਜਿੱਥੇ ਇੱਕ ਵਾਰ ਫਿਰ ਜੰਗਲ ਰਾਜ ਨੂੰ ਨੰਗਿਆਂ ਕੀਤਾ ਹੈ। ਉੱਥੇ ਭਾਈ ਜਸਵੰਤ ਸਿੰਘ ਖਾਲੜਾ ਵੱਲੋਂ ਪੇਸ਼ ਕੀਤੀ ਸੱਚਾਈ ਉੱਪਰ ਇੱਕ ਵਾਰ ਫਿਰ ਮੋਹਰ ਲੱਗੀ ਹੈ ਜਿਸ ਵਿੱਚ ਉਨ੍ਹਾਂ ਕਿਹਾ ਸੀ ਕਿ ਪੰਜਾਬ ਅੰਦਰ 25 ਹਜ਼ਾਰ ਸਿੱਖਾਂ ਨੂੰ ਝੂਠੇ ਮੁਕਾਬਲਿਆਂ ਵਿੱਚ ਮਾਰ ਕੇ ਉਨ੍ਹਾਂ ਦੀਆਂ ਲਾਸ਼ਾਂ ਅਣਪਛਾਤੇ ਕਹਿ ਕੇ ਉਨ੍ਹਾਂ ਦਾ ਸਸਕਾਰ ਕਰ ਦਿੱਤਾ ਗਿਆ ਸੀ ਅਤੇ ਹਜ਼ਾਰਾਂ ਦੀਆਂ ਲਾਸ਼ਾਂ ਦਰਿਆਵਾਂ-ਨਹਿਰਾਂ ਵਿੱਚ ਰੋੜ੍ਹ ਦਿੱਤੀਆਂ ਗਈਆਂ ਹਨ। ਭਾਈ ਖਾਲੜਾ ਨੇ ਆਪਣੀ ਸ਼ਹਾਦਤ ਦੇ ਕੇ ਦਿੱਲੀ ਦਰਬਾਰ ਅਤੇ ਕੇ.ਪੀ.ਐਸ. ਗਿੱਲ ਵਰਗੇ ਪਾਪੀਆਂ ਨੂੰ ਨੰਗਿਆਂ ਕੀਤਾ। ਪਹਿਲਾਂ ਵੀ ਪਿੰਕੀ ਕੈਟ, ਸਿਪਾਹੀ ਸਤਵੰਤ ਸਿੰਘ ਮਾਣਕ, ਏ.ਐਸ.ਆਈ. ਸੁਰਜੀਤ ਸਿੰਘ ਅਤੇ ਹੋਰ ਪੁਲਿਸ ਅਧਿਕਾਰੀਆਂ ਵੱਲੋਂ ਝੂਠੇ ਮੁਕਾਬਲਿਆਂ ਬਾਰੇ ਖੁਲਾਸੇ ਹੋ ਚੁੱਕੇ ਹਨ। ਉਨ੍ਹਾਂ ਕਿਹਾ ਕਿ ਕੈਪਟਨ ਹੁਰੀਂ 21 ਬੰਦਿਆਂ ਦੇ ਨਾਮ ਅਤੇ ਗੁਨਾਹਗਾਰਾਂ ਦੇ ਨਾਮ ਜਨਤਕ ਕਰਨ ਅਤੇ ਉਨ੍ਹਾਂ ਖਿਲਾਫ ਕਾਨੂੰਨੀ ਕਾਰਵਾਈ ਕਰਨ ਦੀ ਹਿੰਮਤ ਕਰਨ।

ਖਾਲੜਾ ਮਿਸ਼ਨ ਨੇ ਕਿਹਾ ਕਿ ਹਾਈ ਕੋਰਟ ਅਤੇ ਸੁਪਰੀਮ ਕੋਰਟ ਨੂੰ ਹਰਕਤ ਵਿੱਚ ਆਉਣਾ ਚਾਹੀਦਾ ਹੈ ਅਤੇ ਕੈਪਟਨ ਅਮਰਿੰਦਰ ਸਿੰਘ ਦੇ ਬਿਆਨ ਦਾ ਨੋਟਿਸ ਲੈ ਕੇ ਗੁਨਾਹਗਾਰਾਂ ਖਿਲਾਫ ਕਾਰਵਾਈ ਕਰਨੀ ਚਾਹੀਦੀ ਹੈ। ਆਖਿਰ ਵਿੱਚ ਉਨ੍ਹਾਂ ਕਿਹਾ ਕਿ ਕੈਪਟਨ ਨੂੰ ਕੇ.ਪੀ.ਐਸ. ਗਿੱਲ ਕੋਲ ਹੈਲਥ ਮਹਿਕਮੇ ਦੀ ਵੈਨ ਹੀ ਨਹੀਂ ਭੇਜਣੀ ਚਾਹੀਦੀ ਸਗੋਂ ਝੂਠ ਫੜਨ ਵਾਲੀ ਮਸ਼ੀਨ ਭੇਜਣੀ ਚਾਹੀਦੀ ਹੈ ਤਾਂ ਕਿ ਹਜ਼ਾਰਾਂ ਝੂਠੇ ਮੁਕਾਬਲਿਆਂ ਦਾ ਸੱਚ ਸਾਹਮਣੇ ਆ ਸਕੇ ਅਤੇ ਗਿੱਲ ਵਰਗੇ ਲੋਕ ਆਪਣੇ ਪਾਪਾਂ ਦਾ ਥੋੜ੍ਹਾ ਬਹੁਤ ਬੋਝ ਹਲਕਾ ਕਰ ਸਕਣ।

## ਕੈਪਟਨ ਅਮਰਿੰਦਰ ਨੇ ਬੁੱਚੜ ਪੁਲਸੀਏ ਕੇ.ਪੀ.ਐਸ. ਗਿੱਲ ਲਈ ਮਹਿੰਗੀ ਐਂਬੂਲੈਂਸ ਤੇ ਡਾਕਟਰਾਂ ਦਾ ਇੰਤਜ਼ਾਮ ਕੀਤਾ



ਕੈਪਟਨ ਅਮਰਿੰਦਰ ਸਿੰਘ ਮੁੱਖ ਮੰਤਰੀ ਦਾ ਅਹੁਦਾ ਸੰਭਾਲਣ ਦੇ ਥੋੜ੍ਹੇ ਦਿਨ ਬਾਅਦ ਚੰਡੀਗੜ੍ਹ ਵਿੱਚ ਸਾਬਕਾ ਡੀਜੀਪੀ ਕੇ.ਪੀ.ਐਸ.ਗਿੱਲ ਨੂੰ ਗੁਲਦਸਤਾ ਭੇਟ ਕਰਦੇ ਹੋਏ।

**ਚੰਡੀਗੜ੍ਹ/ਸਿੱਖ ਸਿਆਸਤ ਬਿਊਰੋ:** ਮੀਡੀਆ ਦੀਆਂ ਰਿਪੋਰਟਾਂ ਮੁਤਾਬਕ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਵਾਲੀ ਕਾਂਗਰਸ ਦੀ ਪੰਜਾਬ ਸਰਕਾਰ ਨੇ ਪਿਛਲੇ ਮਹੀਨੇ (7 ਅਪ੍ਰੈਲ) ਵਿਵਾਦਤ ਸਾਬਕਾ ਪੰਜਾਬ ਪੁਲਾਸ ਮੁਖੀ ਕੇ.ਪੀ.ਐਸ. ਗਿੱਲ ਨੂੰ ਉਸ ਦੀ ਦਿੱਲੀ ਰਿਹਾਇਸ਼ 'ਤੇ ਦੋ ਉੱਚ ਤਕਨੀਕ ਵਾਲੀਆਂ ਐਂਬੂਲੈਂਸਾਂ ਅਤੇ 24 ਘੰਟੇ ਲਈ ਡਾਕਟਰ ਦਾ ਇੰਤਜ਼ਾਮ ਕੀਤਾ ਹੈ। ਇਕ ਐਂਬੂਲੈਂਸ ਪੰਜਾਬ ਦੇ ਸਿਹਤ ਵਿਭਾਗ ਦੀ ਬਠਿੰਡਾ ਤੋਂ ਅਤੇ ਦੂਜੀ ਫਾਜ਼ਿਲਕਾ ਜ਼ਿਲ੍ਹੇ ਤੋਂ ਹੈ। ਇਕ ਪੰਜਾਬੀ ਅਖ਼ਬਾਰ ਦੀ ਰਿਪੋਰਟ ਮੁਤਾਬਕ ਡਾ. ਕਰਮਦੀਪ ਪਾਲ, ਜਿਹੜੇ ਕਿ ਕੇ.ਪੀ. ਐਸ. ਗਿੱਲ ਦੀ 'ਸੇਵਾ' ਵਿਚ ਲਾਏ ਗਏ ਸੀ, ਨੇ ਵੀਆਈਪੀ ਨਾਲ ਜੋੜੇ ਜਾਣ ਤੋਂ ਅੱਕ ਕੇ ਜਲਦੀ ਹੀ ਆਪਣੀ ਡਿਊਟੀ ਤੋਂ ਅਸਤੀਫਾ ਦੇ ਦਿੱਤਾ। ਮੀਡੀਆ ਰਿਪੋਰਟਾਂ 'ਚ ਲਿਖਿਆ ਹੈ ਕਿ ਪੰਜਾਬ ਸਰਕਾਰ ਨੇ ਦਿੱਲੀ ਦੇ ਗਰਮੀ ਵਾਲੇ ਮੌਸਮ ਦਾ ਧਿਆਨ ਰੱਖਦੇ ਹੋਏ ਏਅਰ ਕੰਡੀਸ਼ਨ ਐਂਬੂਲੈਂਸ ਭੇਜਣ ਦਾ ਫੈਸਲਾ ਕੀਤਾ ਅਤੇ ਇਸ ਉਦੇਸ਼ ਲਈ 24 ਲੱਖ ਰੁਪਏ ਦਾ ਇੰਤਜ਼ਾਮ 'ਸਰਹੱਦੀ ਖੇਤਰ ਦੇ ਲੋਕਾਂ ਦੀ ਭਲਾਈ ਵਾਲੀ ਸਕੀਮ' ਤਹਿਤ ਕੀਤਾ ਗਿਆ। ਪੰਜਾਬ ਸਿਹਤ ਮਹਿਕਮੇ ਦੀ ਇਕ ਟੀਮ ਇਸ ਸਮੇਂ ਪੰਜਾਬ ਭਵਨ ਦਿੱਲੀ ਵਿਖੇ ਰਹਿ ਰਹੀ ਹੈ।

ਇਸ ਤੋਂ ਇਲਾਵਾ ਕੇ.ਪੀ.ਐਸ. ਗਿੱਲ ਸੀ.ਆਰ. ਪੀ. ਦੀ ਸਖਤ ਨਿਗਰਾਨੀ 'ਚ ਹੈ ਅਤੇ ਡਾਕਟਰਾਂ ਨੂੰ ਉਸ ਦੀ ਜਾਂਚ ਕਰਨ ਦੀ ਆਗਿਆ ਮਿਲੀ ਹੋਈ ਹੈ। ਇਹ ਅੰਦਾਜ਼ਾ ਲਾਇਆ ਜਾ ਰਿਹਾ ਹੈ ਕਿ ਕੇ.ਪੀ.ਐਸ. ਗਿੱਲ ਗੰਭੀਰ ਰੋਗਾਂ ਤੋਂ ਪੀੜਤ ਹੈ, ਪਰ ਉਸ ਦੀ ਸਿਹਤ ਦੀ ਸਥਿਤੀ ਬਾਰੇ ਰਹੱਸ ਬਣਿਆ ਹੋਇਆ ਹੈ। ਜ਼ਿਕਰਯੋਗ ਹੈ ਕਿ ਬੁੱਚੜ ਕਰਕੇ ਜਾਣੇ ਜਾਂਦੇ ਕੇ.ਪੀ.ਐਸ. ਗਿੱਲ ਨੇ ਪੰਜਾਬ ਪੁਲੀਸ ਦੇ ਮੁਖੀ ਰਹਿੰਦਿਆਂ ਸਿੱਖ ਨੌਜਵਾਨਾਂ ਦਾ ਵੱਡੇ ਪੱਧਰ 'ਤੇ ਝੂਠੇ ਪੁਲੀਸ ਮੁਕਾਬਲਿਆਂ ਰਾਹੀਂ ਕਤਲੇਆਮ ਕੀਤਾ ਸੀ। ਕੇ.ਪੀ.ਐਸ. ਗਿੱਲ ਦੇ ਕਾਰਜਕਾਲ ਨੂੰ ਸਿੱਖ ਨੌਜਵਾਨਾਂ ਨੂੰ 'ਅਣਪਛਾਤੀਆਂ ਲਾਸ਼ਾਂ' ਬਣਾਉਣ ਲਈ ਯਾਦ ਕੀਤਾ ਜਾਂਦਾ ਹੈ।

# ਪੀਲੀਭੀਤ ਜੇਲ੍ਹ 'ਚ ਮਾਰੇ ਗਏ ਸਿੱਖਾਂ ਦੇ ਪਰਿਵਾਰਾਂ ਦੀ ਮਦਦ ਲਈ ਅੱਗੇ ਆਈ ਸ਼੍ਰੋਮਣੀ ਕਮੇਟੀ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਸ਼੍ਰੋਮਣੀ ਕਮੇਟੀ ਨੇ ਐਲਾਨ ਕੀਤਾ ਕਿ 1991 ਵਿੱਚ ਪੀਲੀਭੀਤ ਵਿੱਚ ਝੂਠੇ ਮੁਕਾਬਲੇ ਵਿੱਚ ਮਾਰੇ ਗਏ ਸਿੱਖਾਂ ਦੇ ਪਰਿਵਾਰਾਂ ਵਾਂਗ ਹੀ 1994 ਵਿੱਚ ਪੀਲੀਭੀਤ ਜੇਲ੍ਹ ਵਿੱਚ ਮਾਰੇ ਗਏ ਸਿੱਖਾਂ ਦੇ ਪਰਿਵਾਰਾਂ ਅਤੇ ਜ਼ਖ਼ਮੀਆਂ ਨੂੰ ਵੀ ਮਦਦ ਦਿੱਤੀ ਜਾਵੇਗੀ। ਇਸ ਸਬੰਧੀ ਸ਼੍ਰੋਮਣੀ ਕਮੇਟੀ ਨੇ ਦੋ ਅਧਿਕਾਰੀਆਂ ਨੂੰ ਤਾਇਨਾਤ ਕੀਤਾ ਹੈ, ਜੋ ਇਸ ਮਾਮਲੇ ਦੀ ਘੋਖ ਕਰਨਗੇ।

1991 ਵਿੱਚ ਪੀਲੀਭੀਤ ਵਿੱਚ ਝੂਠੇ ਮੁਕਾਬਲੇ ਵਿੱਚ ਮਾਰੇ ਗਏ ਸਿੱਖਾਂ ਦੇ ਚਾਰ ਪਰਿਵਾਰਾਂ ਨੂੰ ਸ਼੍ਰੋਮਣੀ ਕਮੇਟੀ ਵੱਲੋਂ ਇਕ ਇਕ ਲੱਖ ਰੁਪਏ ਦੀ ਮਦਦ ਦੇਣ ਦੀ ਖ਼ਬਰ ਪ੍ਰਕਾਸ਼ਤ ਹੋਣ ਮਗਰੋਂ 1994 ਵਿਚ ਪੀਲੀਭੀਤ ਜੇਲ੍ਹ ਵਿਚ ਤਸ਼ੱਦਦ ਕਾਰਨ ਮਾਰੇ ਗਏ ਸਿੱਖਾਂ ਦੇ ਪਰਿਵਾਰਾਂ ਅਤੇ ਜ਼ਖ਼ਮੀ ਹੋਏ ਵਿਅਕਤੀਆਂ ਨੇ ਦੁੱਖ ਪ੍ਰਗਟ ਕੀਤਾ ਸੀ ਕਿ ਮਦਦ ਦੇ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਨੇ ਉਨ੍ਹਾਂ ਨੂੰ ਵਿਸਾਰ ਦਿੱਤਾ ਹੈ।

ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਪ੍ਰੋਫੈਸਰ ਕਿਰਪਾਲ ਸਿੰਘ ਬਡੂੰਗਰ ਨੇ ਆਖਿਆ ਕਿ ਸਿੱਖਾਂ ਦੀ ਨੁਮਾਇੰਦਾ ਸੰਸਥਾ ਹੋਣ ਕਾਰਨ ਸ਼੍ਰੋਮਣੀ ਕਮੇਟੀ ਨੂੰ ਪੀਲੀਭੀਤ ਜੇਲ੍ਹ ਵਿੱਚ 1994 ਵਿੱਚ ਪੁਲੀਸ ਤਸ਼ੱਦਦ ਦਾ ਸ਼ਿਕਾਰ ਹੋਏ ਵਿਅਕਤੀਆਂ ਦੇ ਪਰਿਵਾਰਾਂ ਨਾਲ ਵੀ ਪੂਰੀ ਹਮਦਰਦੀ ਹੈ। ਸ਼੍ਰੋਮਣੀ ਕਮੇਟੀ ਵੱਲੋਂ ਪਹਿਲਾਂ ਵੀ ਇਨ੍ਹਾਂ ਦੀ ਸਹਾਇਤਾ ਕੀਤੀ ਗਈ ਸੀ ਅਤੇ ਅਗਾਂਹ ਵੀ ਪੀੜਤਾਂ ਦੀ ਲੋੜ ਮੁਤਾਬਕ ਸਹਾਇਤਾ ਕੀਤੀ ਜਾਵੇਗੀ। ਉਨ੍ਹਾਂ ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਹਰਚਰਨ ਸਿੰਘ ਅਤੇ ਨਿੱਜੀ ਸਕੱਤਰ ਸੁਖਦੇਵ ਸਿੰਘ ਭੂਰਾ ਕੋਹਨਾ ਨੂੰ ਜ਼ਿੰਮੇਵਾਰੀ ਸੌਂਪਦਿਆਂ ਪੀੜਤ ਪਰਿਵਾਰਾਂ ਨੂੰ ਆਖਿਆ ਕਿ ਉਹ ਬਿਨਾਂ ਝਿਜਕ ਇਨ੍ਹਾਂ ਅਧਿਕਾਰੀਆਂ ਨੂੰ ਮਿਲ ਸਕਦੇ ਹਨ। ਪੁਲੀਸ ਤਸ਼ੱਦਦ ਕਾਰਨ ਅਪਾਹਜ ਹੋ ਚੁੱਕੇ ਤਰਲੋਕ ਸਿੰਘ ਨੇ ਦੱਸਿਆ ਕਿ ਅਦਾਲਤ ਵਿੱਚ ਚੱਲ ਰਹੇ ਕੇਸ ਸਬੰਧੀ ਚਾਰ ਪਰਿਵਾਰਾਂ ਵੱਲੋਂ ਅਲਾਹਾਬਾਦ ਹਾਈ ਕੋਰਟ ਵਿੱਚ ਹਲਫੀਆ ਬਿਆਨ ਦਾਇਰ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਮਾਰੇ ਗਏ ਸਿੱਖਾਂ ਦੇ ਪਰਿਵਾਰਾਂ ਵਿੱਚੋਂ ਸਿਰਫ ਚਾਰ ਦਾ ਹੀ ਪਤਾ ਲੱਗ ਸਕਿਆ ਹੈ। ਇਨ੍ਹਾਂ ਵਿਚੋਂ ਤੇਜ ਕੌਰ (80) ਦਾ ਬੇਟਾ ਬਚਿੱਤਰ ਸਿੰਘ ਮਾਰਿਆ ਗਿਆ ਸੀ। ਇਹ ਔਰਤ ਅੰਮ੍ਰਿਤਸਰ ਨੇੜੇ ਭਗਵਾਨਪੁਰਾ ਵਿਚ ਰਹਿ ਰਹੀ ਹੈ ਅਤੇ ਉਸ ਦੀ ਦੇਖਭਾਲ ਕਰਨ ਵਾਲਾ ਕੋਈ ਨਹੀਂ ਹੈ। ਇਕ ਹੋਰ ਮ੍ਰਿਤਕ ਤਰਸੇਮ ਸਿੰਘ ਦਾ ਬੇਟਾ ਗੁਰਮਿੰਦਰ ਸਿੰਘ ਪਿੰਡ ਛੀਨਾ ਵਿੱਚ ਛੋਟਾ ਮੋਟਾ ਕੰਮ ਕਰਦਾ ਹੈ। ਤੀਜਾ ਪਰਿਵਾਰ ਕਾਰਜ ਸਿੰਘ ਦਾ ਹੈ। ਕਾਰਜ ਸਿੰਘ ਦਾ ਉਸ ਵੇਲੇ ਵਿਆਹ ਨਹੀਂ ਹੋਇਆ ਸੀ। ਉਸ ਦੇ ਛੋਟੇ ਭਰਾ ਕੁਲਦੀਪ ਸਿੰਘ ਵੱਲੋਂ ਇਸ ਸਬੰਧੀ ਹਲਫੀਆ ਬਿਆਨ ਅਦਾਲਤ ਵਿੱਚ ਦਾਇਰ ਕੀਤਾ ਗਿਆ ਸੀ। ਮਾਰੇ ਗਏ ਸਿੱਖ ਵਿਅਕਤੀਆਂ ਵਿੱਚ ਤਰਸੇਮ ਸਿੰਘ ਦਾ ਭਰਾ ਵੀ ਸ਼ਾਮਲ ਸੀ।

## ਖ਼ਾਲਿਸਤਾਨ ਕਮਾਂਡੋ ਫੋਰਸ ਦੇ ਸਾਬਕਾ ਕਾਰਕੁਨ ਵਸਨ ਸਿੰਘ ਜ.ਫ਼ਰਵਾਲ ਖ਼ਿਲਾ.ਫ਼ ਤਾਜ਼ਾ ਪੜਤਾਲ ਦੇ ਹੁਕਮ

**ਚੰਡੀਗੜ੍ਹ/ਬਿਊਰੋ ਨਿਊਜ਼ :** ਹਾਈਕੋਰਟ ਨੇ ਖ਼ਾਲਿਸਤਾਨ ਕਮਾਂਡੋ ਫੋਰਸ ਦੇ ਸਾਬਕਾ ਕਥਿਤ ਕਾਰਕੁਨ ਵਸਨ ਸਿੰਘ ਜ਼ਫ਼ਰਵਾਲ ਦੀ ਤਾਜ਼ਾ ਪੜਤਾਲ ਕਰਨ ਦਾ ਹੁਕਮ ਦਿੱਤਾ ਹੈ। ਇਹ ਹੁਕਮ ਜ਼ਫ਼ਰਵਾਲ ਵੱਲੋਂ ਉਸ ਨੂੰ ਪਾਸਪੋਰਟ ਜਾਰੀ ਕਰਨ ਤੋਂ ਇਨਕਾਰ ਕਰਨ ਦੇ ਇਕ ਫ਼ੈਸਲੇ ਨੂੰ ਚੁਣੌਤੀ ਦਿੰਦੀ ਪਟੀਸ਼ਨ ਦੀ ਸੁਣਵਾਈ ਦੌਰਾਨ ਜਸਟਿਸ ਐਮਐਮਐਸ ਬੇਦੀ ਦੀ ਇਕਹਿਰੀ ਬੈਂਚ ਨੇ ਕੇਂਦਰੀ ਖ਼ੁਫ਼ੀਆ ਏਜੰਸੀਆਂ ਤੇ ਵੈਰੀਫਿਕੇਸ਼ਨ ਕਰਨ ਵਾਲੀਆਂ ਹੋਰ ਅਥਾਰਟੀਆਂ ਨੂੰ ਦਿੱਤਾ ਹੈ। ਪਾਸਪੋਰਟ ਅਥਾਰਟੀ ਨੇ ਜ਼ਫ਼ਰਵਾਰ ਨੂੰ ਪਾਸਪੋਰਟ ਜਾਰੀ ਕਰਨ ਤੋਂ ਇਨਕਾਰ ਕਰ ਦਿੱਤਾ ਸੀ ਤੇ ਕਿਹਾ ਸੀ ਕਿ ਏਜੰਸੀਆਂ ਦੀ ਰਿਪੋਰਟ ਵਿਚ ਸਾਹਮਣੇ ਆਇਆ ਹੈ ਕਿ ਜ਼ਫ਼ਰਵਾਲ ਵਿਰੁੱਧ 9 ਕੇਸ ਚੱਲਦੇ ਹਨ ਤੇ ਜੇਕਰ ਉਸ ਨੂੰ ਪਾਸਪੋਰਟ ਜਾਰੀ ਕਰ ਦਿੱਤਾ ਗਿਆ ਤਾਂ ਉਹ ਵਿਦੇਸ਼ ਜਾ ਕੇ ਮੁੜ ਅਤਿਵਾਦੀ ਸਰਗਰਮੀਆਂ ਸ਼ੁਰੂ ਕਰ ਸਕਦਾ ਹੈ। ਜ਼ਫ਼ਰਵਾਲ ਦੇ ਵਕੀਲ ਨੇ ਬੈਂਚ ਦਾ ਧਿਆਨ ਦਿਵਾਇਆ ਕਿ ਜ਼ਫ਼ਰਵਾਲ ਵਿਰੁੱਧ ਜਿਹੜੇ 9 ਕੇਸਾਂ ਦਾ ਹਵਾਲਾ ਦੇ ਕੇ ਰਿਪੋਰਟ ਤਿਆਰ ਕੀਤੀ ਗਈ ਹੈ, ਉਨ੍ਹਾਂ ਕੇਸਾਂ ਵਿਚ ਦੋਸ਼ ਸਾਬਤ ਨਹੀਂ ਹੋ ਸਕੇ ਹਨ। ਵਕੀਲ ਨੇ ਹਾਈਕੋਰਟ ਦਾ ਧਿਆਨ ਦਿਵਾਇਆ ਕਿ ਉਂਜ ਵੀ ਜਿਹੜੀ ਰਿਪੋਰਟ ਦੇ ਆਧਾਰ 'ਤੇ ਪਾਸਪੋਰਟ ਤੋਂ ਨਾਂਹ ਕੀਤੀ ਗਈ, ਉਹ ਸਾਲ 2011 ਵਿਚ ਤਿਆਰ ਕੀਤੀ ਗਈ ਸੀ ਤੇ ਹੁਣ ਹਾਲਾਤ ਬਦਲ ਚੁੱਕੇ ਹਨ ਤੇ ਪੁਰਾਣੀ ਰਿਪੋਰਟ ਦੇ ਆਧਾਰ 'ਤੇ ਹੀ ਅਮਲ ਕਰਨਾ ਗ਼ਲਤ ਹੋਵੇਗਾ। ਬੈਂਚ ਨੇ ਸਰਕਾਰ ਨੂੰ ਕਿਹਾ ਕਿ ਪੁਰਾਣੀ ਰਿਪੋਰਟ ਦੀ ਥਾਂ 'ਤੇ ਹੁਣ ਨਵੀਂ ਪੜਤਾਲ, ਨਵੇਂ ਹਾਲਾਤ ਦੇ ਆਧਾਰ 'ਤੇ ਤਿਆਰ ਕੀਤੀ ਜਾਵੇ ਤੇ ਜੋ ਵੀ ਤੱਥ ਸਾਹਮਣੇ ਆਉਣ, ਉਨ੍ਹਾਂ ਪਿੱਛੇ ਠੋਸ ਤੇ ਸਹੀ ਕਾਰਨ ਦੱਸਿਆ ਜਾਵੇ। ਪੜਤਾਲ ਕਰਦਿਆਂ ਜਫਰਵਾਲ ਦੀ ਉਮਰ ਦਾ ਧਿਆਨ ਵੀ ਰੱਖਣ ਦੀ ਹਦਾਇਤ ਕੀਤੀ ਗਈ ਹੈ।

## ਪੀਲੀਭੀਤ ਜੇਲ੍ਹ 'ਚ ਸਿੱਖ ਕੈਦੀਆਂ ਦੀਆਂ ਮੌਤਾਂ ਸਬੰਧੀ ਯੂਪੀ ਸਰਕਾਰ ਨੂੰ ਨੋਟਿਸ

**ਚੰਡੀਗੜ੍ਹ/ਬਿਊਰੋ ਨਿਊਜ਼ :** ਪੀਲੀਭੀਤ ਜ਼ਿਲ੍ਹਾ ਜੇਲ੍ਹ ਵਿੱਚ ਸਾਲ 1984 ਵਿੱਚ 7 ਸਿੱਖ ਕੈਦੀਆਂ ਦੀਆਂ ਹੋਈਆਂ ਹਿਰਾਸਤੀ ਮੌਤਾਂ 'ਤੇ ਅਲਾਹਾਬਾਦ ਹਾਈ ਕੋਰਟ ਨੇ ਸੂਬਾ ਸਰਕਾਰ ਨੂੰ 7 ਜੁਲਾਈ ਤੱਕ ਜਵਾਬ ਦੇਣ ਲਈ ਕਿਹਾ ਹੈ। ਇਨ੍ਹਾਂ ਹਿਰਾਸਤੀ ਮੌਤਾਂ ਬਾਰੇ ਸੁਖਬੀਰ ਸਿੰਘ, ਗੁਰਨਾਮ ਸਿੰਘ, ਹਰਜਿੰਦਰ ਸਿੰਘ ਕਾਹਲੋਂ ਤੇ ਹੋਰਨਾਂ ਦੀ ਪਟੀਸ਼ਨ 'ਤੇ ਜਸਟਿਸ ਰਮੇਸ਼ ਸਿਨਹਾ ਤੇ ਉਮੇਸ਼ ਚੰਦਰ ਸ੍ਰੀਵਾਸਤਵਾ ਆਧਾਰਤ ਬੈਂਚ ਨੇ ਇਹ ਨੋਟਿਸ ਜਾਰੀ ਕੀਤਾ। ਪਟੀਸ਼ਨਰਾਂ ਨੇ ਕ੍ਰਾਈਮ ਬਰਾਂਚ (ਕ੍ਰਾਈਮ ਇਨਵੈਸਟੀਗੇਸ਼ਨ ਡਿਪਾਰਮੈਂਟ) ਵੱਲੋਂ ਜਾਂਚ ਵਾਪਸ ਲਏ ਜਾਣ ਮਗਰੋਂ 42 ਜੇਲ੍ਹ ਅਧਿਕਾਰੀਆਂ ਦੇ ਖੁੱਲ੍ਹੇ ਫਿਰਨ ਨੂੰ ਚੁਣੌਤੀ ਦਿੱਤੀ ਸੀ। ਅਦਾਲਤ ਨੇ ਸੁਖਵੀਰ ਸਿੰਘ ਤੇ ਹੋਰਾਂ ਦੇ ਉਸ ਸਮੇਂ ਪੀਲੀਭੀਤ ਜੇਲ੍ਹ ਵਿੱਚ ਤਾਇਨਾਤ 42 ਅਧਿਕਾਰੀਆਂ ਖ਼ਿਲਾਫ਼ ਕੇਸ ਵਿੱਚ ਕੁਝ ਹੋਰ ਧਿਰਾਂ ਨੂੰ ਵੀ ਸ਼ਾਮਲ ਕਰਨ ਦੀ ਮਨਜ਼ੂਰੀ ਦੇ ਦਿੱਤੀ। ਜਾਣਕਾਰੀ ਅਨੁਸਾਰ 8-9 ਨਵੰਬਰ 1984 ਦੀ ਰਾਤ ਨੂੰ ਟਾਡਾ ਅਧੀਨ ਬੰਦ ਸੱਤ ਸਿੱਖ ਅੰਡਰ ਟਰਾਇਲ ਹਵਾਲਾਤੀ ਮਾਰੇ ਗਏ ਸਨ ਤੇ ਇਨ੍ਹਾਂ ਲਈ ਉਸ ਸਮੇਂ ਦੇ ਜੇਲ੍ਹ ਸੁਪਰਡੈਂਟ ਵਿੰਧਿਆਂਚਲ ਸਿੰਘ ਯਾਦਵ ਤੇ ਹੋਰ ਜੇਲ੍ਹ ਸਟਾਫ ਵਾਲੇ ਜ਼ਿੰਮੇਵਾਰ ਦੱਸੇ ਗਏ ਸਨ।

# ਗੁਰਦੁਆਰੇ ਦੀ ਜ਼ਮੀਨ ਨੂੰ ਲੈ ਕੇ ਮੌੜ ਕਲਾਂ ਵਾਸੀਆਂ ਨੇ ਸ਼੍ਰੋਮਣੀ ਕਮੇਟੀ ਖ਼ਿਲਾ.ਫ਼ ਖੋਲ੍ਹਿਆ ਮੋਰਚਾ

**ਮੌੜ ਮੰਡੀ/ਬਿਊਰੋ ਨਿਊਜ਼ :** ਇਥੋਂ ਨੇੜਲੇ ਪਿੰਡ ਮੌੜ ਕਲਾਂ ਵਿੱਚ ਇਤਿਹਾਸਕ ਗੁਰਦੁਆਰਾ ਪਾਤਸ਼ਾਹੀ ਨੌਵੀਂ ਦੀ ਸੈਂਕੜੇ ਏਕੜ ਜ਼ਮੀਨ ਨੂੰ ਲੈ ਕੇ ਪਿੰਡ ਵਾਸੀਆਂ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚਕਾਰ ਤਣਾਅ ਲਗਾਤਾਰ ਵਧਦਾ ਜਾ ਰਿਹਾ ਹੈ। ਸ਼੍ਰੋਮਣੀ ਕਮੇਟੀ ਅਧਿਕਾਰੀਆਂ ਵੱਲੋਂ ਗੁਰਦੁਆਰੇ ਦਾ ਕਬਜ਼ਾ ਲੈਣ ਸਬੰਧੀ ਆਉਣ ਬਾਰੇ ਪਿੰਡ ਵਾਸੀਆਂ ਨੂੰ ਸੂਚਨਾ ਮਿਲੀ ਤਾਂ ਪਿੰਡ ਦੇ ਲੋਕ ਗੁਰਦੁਆਰੇ ਵਿਖੇ ਇਕੱਠੇ ਹੋ ਗਏ ਅਤੇ ਉਨ੍ਹਾਂ ਸ਼੍ਰੋਮਣੀ ਕਮੇਟੀ ਖਿਲਾਫ਼ ਨਾਅਰੇਬਾਜ਼ੀ ਕੀਤੀ।



ਗੁਰਦੁਆਰੇ ਦੀ ਲੋਕਲ ਕਮੇਟੀ ਦੇ ਪ੍ਰਧਾਨ ਗੁਰਚਰਨ ਸਿੰਘ, ਭੁਪਿੰਦਰ ਸਿੰਘ, ਗੁਰਜੀਤ ਸਿੰਘ, ਜਗਦੀਸ਼ ਸਿੰਘ, ਜਸਵਿੰਦਰ ਸਿੰਘ, ਰਮਨਦੀਪ ਸਿੰਘ ਆਦਿ ਨੇ ਦੱਸਿਆ ਕਿ ਪਿੰਡ ਦੇ ਇਤਿਹਾਸਕ ਗੁਰਦੁਆਰੇ ਦੀ ਲਗਭਗ 130 ਏਕੜ ਜ਼ਮੀਨ ਮਾਲ ਰਿਕਾਰਡ ਅੰਦਰ ਲੰਮੇ ਸਮੇਂ ਤੋਂ ਗੁਰੂ ਤੇਗ ਬਹਾਦਰ ਨੌਵੀਂ ਪਾਤਸ਼ਾਹੀ ਦੇ ਨਾਂਅ ਦਰਜ ਸੀ। ਸਾਲ 2006 ਵਿੱਚ ਗੁਰਦੁਆਰੇ ਦਾ ਪ੍ਰਬੰਧ ਸੰਭਾਲਣ ਵਾਲੇ ਗ੍ਰੰਥੀ ਪ੍ਰੀਤਮ ਸਿੰਘ ਤੋਂ ਪਿੰਡ ਵਾਸੀਆਂ ਵੱਲੋਂ ਕਾਫ਼ੀ ਜੱਦੋਜਹਿਦ ਤੋਂ ਬਾਅਦ ਪ੍ਰਬੰਧ ਵਾਪਸ ਲਿਆ ਗਿਆ ਸੀ। ਇਸੇ ਸੰਘਰਸ਼ ਸਮੇਂ ਪਿੰਡ ਦੇ ਇੱਕ ਨੌਜਵਾਨ ਦੀ ਮੌਤ ਸਮੇਤ ਦਰਜਨ ਦੇ ਕਰੀਬ ਵਿਅਕਤੀ ਜ਼ਖ਼ਮੀ ਹੋ ਗਏ ਸਨ। ਪਿੰਡ ਵਾਸੀਆਂ ਅਨੁਸਾਰ ਤਤਕਾਲੀ ਡਿਪਟੀ

ਬਾਕੀ ਸ.ਫ਼ਾ 32 'ਤੇ

# ਦਰਮਿਆਨੇ ਤੇ ਵੱਡੇ ਕਿਸਾਨਾਂ ਨੂੰ ਮੁਫ਼ਤ ਬਿਜਲੀ ਸਪਲਾਈ ਬੰਦ ਕਰੇ ਸਰਕਾਰ : ਐਸੋਚੈਮ

## *ਕਿਹਾ, ਮੁਫ਼ਤਖੋਰੀ ਦੀ ਥਾਂ ਕਿਸਾਨਾਂ ਦੀ ਆਮਦਨ ਵਧਾਉਣ 'ਤੇ ਜ਼ੋਰ ਦਿੱਤਾ ਜਾਵੇ*

**ਚੰਡੀਗੜ੍ਹ/ਬਿਊਰੋ ਨਿਊਜ਼ :**
ਪੰਜਾਬ ਦੀ ਕਾਂਗਰਸ ਸਰਕਾਰ ਨੂੰ ਦਿੱਤੇ ਵਿਜ਼ਨ ਪੇਪਰ 'ਚ ਐਸੋਚੈਮ (ਐਸੋਸੀਏਟਿਡ ਚੈਂਬਰ ਆਫ ਕਾਮਰਸ) ਨੇ ਸੂਬੇ ਦੇ ਦਰਮਿਆਨੇ ਤੇ ਵੱਡੇ ਕਿਸਾਨਾਂ ਨੂੰ ਮੁਫ਼ਤ ਬਿਜਲੀ ਨਾ ਦਿੱਤੇ ਜਾਣ ਦੀ ਸਿਫਾਰਸ਼ ਕੀਤੀ ਹੈ। ਮੁਫ਼ਤ ਬਿਜਲੀ ਦੀ ਨੀਤੀ ਬਦਲੇ ਜਾਣ ਦੀ ਮੰਗ ਕਰਦਿਆਂ ਐਸੋਚੈਮ ਨੇ ਕਿਹਾ ਹੈ ਕਿ ਸਿਰਫ਼ 2 ਏਕੜ ਤੱਕ ਜ਼ਮੀਨ ਦੇ ਮਾਲਕ ਛੋਟੇ ਕਿਸਾਨਾਂ ਨੂੰ ਹੀ ਮੁਫ਼ਤ ਬਿਜਲੀ ਮਿਲੇ ਅਤੇ ਵੱਡੇ ਕਿਸਾਨਾਂ ਨੂੰ ਮਾਰਕਿਟ ਰੇਟ 'ਤੇ ਬਿਜਲੀ ਦਿੱਤੀ ਜਾਵੇ।
ਇੱਥੇ ਇੱਕ ਪ੍ਰੈੱਸ ਕਾਨਫਰੰਸ 'ਚ ਪੰਜਾਬ ਸਰਕਾਰ ਲਈ ਇਸ ਸਾਲ ਦਾ ਵਿਜ਼ਨ ਜਾਰੀ ਕਰਦਿਆਂ ਐਸੋਚੈਮ ਦੇ ਨੈਸ਼ਨਲ ਸਕੱਤਰ ਜਨਰਲ ਡੀ.ਐਸ. ਰਾਵਤ ਨੇ ਕਿਹਾ ਕਿ ਕਿਸਾਨਾਂ ਨੂੰ ਮੁਫ਼ਤ ਬਿਜਲੀ ਅਤੇ ਕਰਜ਼ ਮੁਆਫ਼ੀ ਜਿਹੇ ਛੋਟੇ ਲਾਲਚ ਦੇਣ ਦੀ ਬਜਾਏ ਕੇਂਦਰ ਤੇ ਸੂਬਾ ਸਰਕਾਰਾਂ ਫਸਲਾਂ ਦੇ ਲਾਭਕਾਰੀ ਐਮਐਸਪੀ ਯਕੀਨੀ ਬਣਾਏ। 15 ਜੂਨ ਤੱਕ ਜਾਰੀ ਹੋਣ ਵਾਲੀ ਪੰਜਾਬ ਦੀ ਨਵੀਂ ਉਦਯੋਗਿਕ ਨੀਤੀ 'ਚ ਛੋਟੇ ਕਾਰੋਬਾਰੀਆਂ ਨੂੰ ਹੁੰਗਾਰਾ ਦਿੱਤੇ ਜਾਣ 'ਤੇ ਜ਼ੋਰ ਦਿੰਦਿਆਂ ਰਾਵਤ ਨੇ ਕਿਹਾ ਕਿ ਅੰਬਾਨੀ, ਅਡਾਨੀ ਅਤੇ ਟਾਟਾ ਜਿਹੇ ਵੱਡੇ ਕਾਰਪੋਰੇਟ ਤੋਂ ਨਿਵੇਸ਼ ਜੁਟਾਉਣ ਦੀ ਥਾਂ ਸਰਕਾਰ ਸੂਬੇ 'ਚ ਛੋਟੇ ਕਾਰੋਬਾਰੀਆਂ ਦੇ ਨਿਵੇਸ਼ 'ਤੇ ਫੋਕਸ ਕਰੇ।



**ਸੂਬੇ 'ਚ 7 ਲੱਖ ਮਕਾਨਾਂ ਦੀ ਕਮੀ :**
ਪੰਜਾਬ 'ਚ ਹਾਊਸਿੰਗ ਦੀ ਕਮੀ ਪੂਰੀ ਕੀਤੇ ਜਾਣ 'ਤੇ ਜ਼ੋਰ ਦਿੰਦਿਆਂ ਐਸੋਚੈਮ ਨੇ ਕਿਹਾ ਹੈ ਕਿ ਸੂਬੇ 'ਚ ਹਾਲੇ ਵੀ 7,46,798 ਮਕਾਨਾਂ ਦੀ ਕਮੀ ਹੈ। ਇਸ 'ਚ 2,80,050 ਮਕਾਨਾਂ ਦੀ ਕਮੀ ਸ਼ਹਿਰੀ ਇਲਾਕਿਆਂ ਵਿਚ ਹੈ। ਮਕਾਨਾਂ ਦੀ ਕਮੀ ਨਾਲ ਨਜਿੱਠਣ ਲਈ ਸ਼ਹਿਰਾਂ 'ਚ 20 ਫੀਸਦੀ ਜਮੀਨ ਸ਼ਹਿਰੀ ਗਰੀਬਾਂ ਲਈ ਰਿਜ਼ਰਵ ਕੀਤੀ ਜਾਣੀ ਚਾਹੀਦੀ ਹੈ। ਲੁਧਿਆਣਾ, ਜਲੰਧਰ ਜਿਹੇ ਉਦਯੋਗਿਕ ਸ਼ਹਿਰਾਂ 'ਚ ਸਲਮ ਰੋਕਣ ਲਈ ਸਰਕਾਰ ਉਦਯੋਗਾਂ ਤੇ ਬਿਲਡਰਾਂ ਨੂੰ ਸਸਤੇ ਰੇਟ 'ਤੇ ਅਜਿਹੇ ਮਕਾਨ ਮਜ਼ਦੂਰਾਂ ਨੂੰ ਉਪਲੱਬਧ ਕਰਵਾਉਣ ਲਈ ਪ੍ਰੇਰਿਤ ਕਰੇ।

**ਰੋਡ ਸੇਫਟੀ 'ਤੇ ਧਿਆਨ ਨਹੀਂ :**
ਪੰਜਾਬ 'ਚ ਰੋਡ ਸੇਫਟੀ 'ਤੇ ਸਵਾਲ ਚੁੱਕਦਿਆਂ ਐਸੋਚੈਮ ਨੇ ਕਿਹਾ ਕਿ ਪੰਜਾਬ 'ਚ 100 ਸੜਕ ਹਾਦਸਿਆਂ 'ਚ ਮਰਨ ਵਾਲਿਆਂ ਦੀ ਗਿਣਤੀ 73 ਹੈ, ਜਦਕਿ ਕੌਮੀ ਪੱਧਰ 'ਤੇ 100 ਸੜਕ ਹਾਦਸਿਆਂ 'ਚ ਮਰਨ ਵਾਲੇ 32 ਹਨ। 2015 'ਚ 5000 ਤੋਂ ਵੱਧ ਲੋਕਾਂ ਦੀ ਮੌਤ ਸੜਕ ਹਾਦਸਿਆਂ 'ਚ ਹੋਈ। ਰੋਡ ਸੇਫਟੀ ਤੈਅ ਕਰਨ ਲਈ ਸਰਕਾਰ ਸਖਤੀ ਨਾਲ ਟ੍ਰੈਫਿਕ ਨਿਯਮ ਲਾਗੂ ਕਰੇ ਅਤੇ ਐਮਰਜੈਂਸੀ ਸੇਵਾਵਾਂ ਬਿਹਤਰ ਹੋਣ।

*ਅਕਾਲੀ-ਭਾਜਪਾ ਸਰਕਾਰ ਦਾ ਕਾਰਨਾਮਾ*

# 65 ਹਜ਼ਾਰ ਵੋਟਰਾਂ ਨੂੰ ਵੰਡੇ ਟਿਊਬਵੈਲ ਕੁਨੈਕਸ਼ਨ, ਪਰ ਪੀ.ਏ.ਯੂ. ਨੂੰ ਇੱਕ ਵੀ ਨਹੀਂ ਮਿਲਿਆ

**ਚੰਡੀਗੜ੍ਹ :** ਸ਼੍ਰੋਮਣੀ ਅਕਾਲੀ ਦਲ ਅਤੇ ਭਾਜਪਾ ਸਰਕਾਰ ਨੇ ਵੋਟਰਾਂ ਨੂੰ ਲੁਭਾਉਣ ਲਈ 65 ਹਜ਼ਾਰ ਟਿਊਵਬੈਨ ਕੁਨੈਕਸ਼ਨ ਵੰਡ ਦਿੱਤੇ, ਪਰ ਹੈਰਾਨੀ ਵਾਲੀ ਗੱਲ ਇਹ ਹੈ ਕਿ ਪੰਜਾਬ ਐਗਰੀਕਲਚਰ ਯੂਨੀਵਰਸਿਟੀ ਨੇ ਆਪਣੇ ਤਿੰਨ ਰਿਸਰਚ ਸੈਂਟਰਾਂ ਲਈ ਕਈ ਵਾਰ ਟਿਊਬਵੈਲ ਕੁਨੈਕਸ਼ਨਾਂ ਦੀ ਮੰਗ ਕੀਤੀ, ਪਰ ਅਕਾਲੀ-ਭਾਜਪਾ ਸਰਕਾਰ ਨੇ ਜਾਰੀ ਨਹੀਂ ਕੀਤੇ। ਸੱਤਾ ਬਦਲਦਿਆਂ ਹੀ ਕਾਂਗਰਸ ਸਰਕਾਰ ਦੇ ਬਿਜਲੀ ਮੰਤਰੀ ਰਾਣਾ ਗੁਰਜੀਤ ਨੇ 6 ਕੁਨੈਕਸ਼ਨ ਜਾਰੀ ਕਰ ਦਿੱਤੇ। ਰਾਣਾ ਗੁਰਜੀਤ ਨੇ ਇਸ ਦੀ ਪੁਸ਼ਟੀ ਕੀਤੀ ਹੈ। ਉਨ੍ਹਾਂ ਕਿਹਾ ਕਿ ਇਕ ਪਾਸੇ ਸਾਡੇ ਕਿਸਾਨਾਂ ਦੀ ਆਮਦਨੀ ਘੱਟ ਹੋਣ ਦੀ ਗੱਲ ਕੀਤੀ ਜਾਂਦੀ ਹੈ, ਕਿਉਂਕਿ ਉਨ੍ਹਾਂ ਦੀ ਪੈਦਾਵਾਰ ਇਕ ਨਿਸ਼ਚਿਤ ਸੀਮਾ 'ਤੇ ਆ ਕੇ ਰੁੱਕ ਗਈ ਹੈ। ਲੰਬੇ ਸਮੇਂ ਤੋਂ ਕੋਈ ਨਵੀਂ ਕਿਸਮ ਦੀ ਫਸਲ ਵੀ ਨਹੀਂ ਆਈ ਹੈ। ਨਵੀਂਆਂ ਕਿਸਮਾਂ 'ਤੇ ਕੰਮ ਕਰਨ ਵਾਲੀ ਪੀ.ਏ.ਯੂ. ਪਿਛਲੇ ਲੰਬੇ ਸਮੇਂ ਤੋਂ ਆਪਣੇ ਰਿਸਰਚ ਸੈਂਟਰਾਂ ਲਈ ਟਿਊਬਵੈੱਲ ਕੁਨੈਕਸ਼ਨ ਮੰਗ ਰਹੀ ਹੈ, ਪਰ ਅਕਾਲੀ-ਭਾਜਪਾ ਸਰਕਾਰ ਨੇ ਇਹ ਜਾਰੀ ਹੀ ਨਹੀਂ ਕੀਤੇ। ਉਨ੍ਹਾਂ ਦੱਸਿਆ ਕਿ 31 ਦਸੰਬਰ 1991 ਤੋਂ ਬਾਅਦ ਆਮ ਲੋਕਾਂ ਨੂੰ ਕਨੈਕਸ਼ਨ ਜਾਰੀ ਨਹੀਂ ਕੀਤੇ ਗਏ। ਲੋਕ ਲੰਮੇ ਸਮੇਂ ਤੋਂ ਇੰਤਜ਼ਾਰ ਕਰ ਰਹੇ ਹਨ ਪਰ ਜਾਂਦੇ-ਜਾਂਦੇ ਅਕਾਲੀ-ਭਾਜਪਾ ਸਰਕਾਰ ਨੇ 65 ਹਜ਼ਾਰ ਕੁਨੈਕਸ਼ਨ ਵੰਡ ਦਿੱਤੇ। ਇਸ ਮਾਮਲੇ 'ਚ ਕਈ ਸ਼ਿਕਾਇਤਾਂ ਆ ਰਹੀਆਂ ਹਨ। ਉਨ੍ਹਾਂ ਨੇ ਪ੍ਰਾਈਵੇਟ ਸੈਕਟਰ 'ਚ ਲਗਾਏ ਗਏ ਥਰਮਲ ਪਲਾਂਟਾਂ ਦੇ ਸਮਝੌਤਿਆਂ 'ਤੇ ਗੱਲ ਕੀਤੀ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਵਿਭਾਗ ਪੂਰੇ ਵਿਭਾਗ ਦਾ ਥਰਡ ਪਾਰਟੀ ਆਡਿਟ ਕਰਵਾ ਰਿਹਾ ਹੈ।

## ਦੋ ਸਾਲ ਤੋਂ ਬੰਦ ਬਿਜਲੀ ਕੁਨੈਕਸ਼ਨਾਂ ਲਈ 'ਵਨ ਟਾਈਮ ਸੈਟਲਮੈਂਟ ਸਕੀਮ'

ਪਟਿਆਲਾ : ਬਿਜਲੀ ਬਿਲ ਨਾ ਭਰਨ ਵਾਲੇ ਡਿਫਾਲਟਰ ਕੁਨੈਕਸ਼ਨ ਧਾਰਕਾਂ ਦੇ ਕੁਨੈਕਸ਼ਨ ਫਿਰ ਤੋਂ ਚਾਲੂ ਕਰਨ ਲਈ ਪਾਵਰਕਾਮ ਨੇ 'ਵਨ ਟਾਈਮ ਸੈਟਲਮੈਂਟ ਸਕੀਮ' ਸ਼ੁਰੂ ਕੀਤੀ ਹੈ। ਇਸ ਤਹਿਤ ਇਨ੍ਹਾਂ ਕੁਨੈਕਸ਼ਨ ਧਾਰਕਾਂ ਨੂੰ ਆਪਣੀ ਬਿਜਲੀ ਸਪਲਾਈ ਫਿਰ ਤੋਂ ਚਾਲੂ ਕਰਵਾਉਣ ਦਾ ਮੌਕਾ ਮਿਲੇਗਾ, ਜਿਨ੍ਹਾਂ ਦੇ ਕੁਨੈਕਸ਼ਨ ਇਸ ਸਕੀਮ ਤਹਿਤ ਅਪਲਾਈ ਕਰਨ ਦੇ ਦੋ ਸ ਾਲ ਤੋਂ ਬੰਦ ਪਏ ਹਨ। ਪਾਵਰਕਾਮ ਨੇ ਇਹ ਸਕੀਮ ਐਗਰੀਕਲਚਰ ਸੈਕਟਰ ਨੂੰ ਛੱਡ ਕੇ ਆਪਣੇ ਸਾਰੇ ਗਾਹਕਾਂ ਲਈ ਸ਼ੁਰੂ ਕੀਤੀ ਹੈ। ਪਾਵਰਕਾਮ ਅਧਿਕਾਰੀਆਂ ਨੇ ਦੱਸਿਆ ਕਿ ਕੁਨੈਕਸ਼ਨ ਬੰਦ ਕਰਨ ਸਮੇਂ ਜਿੰਨਾ ਬਕਾਇਆ ਸਬੰਧਤ ਕੁਨੈਕਸ਼ਨ ਹੋਲਡਰ ਵੱਲ ਮਹਿਕਮੇ ਦਾ ਬਣਦਾ ਸੀ, ਉਸ ਦਾ ਅੱਧਾ ਹੋਲਡਰ ਨੂੰ ਪਾਵਰਕਾਮ ਕੋਲ ਜਮ੍ਹਾਂ ਕਰਵਾਉਣਾ ਹੋਵੇਗਾ। ਇਸ ਬਕਾਏ 'ਚ ਗਲਤ ਮੀਟਰਿੰਗ, ਲੋਡ ਸਰਚਾਰਜ, ਡਿਮਾਂਡ ਸਰਚਾਰਜ, ਪਾਵਰ ਫੈਕਟਰ ਸਰਚਾਰਜ, ਸਪਲਾਈ ਵੋਲਟੇਜ ਸਰਚਾਰਜ ਸ਼ਾਮਲ ਹੋ ਸਕਦੇ ਹਨ। ਇਸ ਦੇ ਨਾਲ ਹੀ ਵਿਵਾਦਤ ਰਕਮ ਤੋਂ ਇਲਾਵਾ ਡਿਸ-ਕੁਨੈਕਸ਼ਨ ਦੀ ਤਰੀਖ ਤੱਕ ਜੋ ਵੀ ਬਾਕੀ ਖਰਚ ਬਣਦਾ ਹੋਵੇਗਾ, ਕੁਨੈਕਸ਼ਨ ਹੋਲਡਰ ਨੂੰ ਉਹ ਵੀ ਪੂਰੇ 100 ਫੀਸਦੀ ਜਮ੍ਹਾਂ ਕਰਵਾਉਣਾ ਹੋਵੇਗਾ। ਕੁਨੈਕਸ਼ਨ ਨੂੰ ਦੁਬਾਰਾ ਚਾਲੂ ਕੀਤੇ ਜਾਣ ਤੱਕ ਵੱਧ ਤੋਂ ਵੱਧ ਇਕ ਸਾਲ ਲਈ ਜਿੰਨੇ ਵੀ ਮਹੀਨਾਵਾਰ ਘੱਟੋ-ਘੱਟ ਪੈਸੇ ਬਣਦੇ ਹੋਣਗੇ, ਉਹ ਵੀ ਕੁਨੈਕਸ਼ਨ ਹੋਲਡਰ ਨੂੰ ਹੀ ਭਰਨਾ ਹੋਵੇਗਾ।



# ਦਾੜ੍ਹੀ ਕੱਟਣ ਵਾਲੇ ਸਰਪੰਚ ਨੇ ਅਕਾਲ ਤਖ਼ਤ 'ਤੇ ਪੇਸ਼ ਹੋ ਕੇ ਮੰਗੀ ਮੁਆਫ਼ੀ

### ਜਲਘਰ ਚਾਲੂ ਕਰਾਉਣ ਦੀ ਮੰਗ ਨੂੰ ਲੈ ਕੇ ਦਾੜ੍ਹੀ ਕੱਟ ਕੇ ਡੀ.ਸੀ. ਦਫ਼ਤਰ ਟੰਗੀ ਸੀ

**ਅੰਮ੍ਰਿਤਸਰ/ਬਿਊਰੋ ਨਿਊਜ਼ :** ਜ਼ਿਲ੍ਹਾ ਮੋਗਾ ਦੇ ਪਿੰਡ ਬਹੋਨਾ ਦੇ ਸਰਪੰਚ ਹਰਭਜਨ ਸਿੰਘ, ਜਿਸ ਨੇ ਜਲਘਰ ਚਾਲੂ ਕਰਾਉਣ ਦੀ ਮੰਗ ਨੂੰ ਲੈ ਕੇ ਆਪਣੀ ਦਾੜ੍ਹੀ ਦੇ ਕੇਸ ਕੱਟ ਕੇ ਡਿਪਟੀ ਕਮਿਸ਼ਨਰ ਦੇ ਦਫ਼ਤਰ ਬਾਹਰ ਟੰਗ ਦਿੱਤੇ ਸਨ, ਨੇ ਅਕਾਲ ਤਖ਼ਤ ਦੇ ਜਥੇਦਾਰ ਅੱਗੇ ਪੇਸ਼ ਹੋ ਕੇ ਸਿੱਖ ਜਗਤ ਕੋਲੋਂ ਮੁਆਫ਼ੀ ਮੰਗੀ। ਉਂਜ ਮੁਆਫ਼ੀ ਦੇਣ ਸਬੰਧੀ ਮਾਮਲਾ ਪੰਜ ਸਿੰਘ ਸਾਹਿਬਾਨ ਦੀ ਮੀਟਿੰਗ ਵਿੱਚ ਵਿਚਾਰਿਆ ਜਾਵੇਗਾ। ਸਰਪੰਚ ਹਰਭਜਨ ਸਿੰਘ ਨੇ 19 ਮਈ ਨੂੰ ਮੋਗਾ ਦੇ ਡਿਪਟੀ ਕਮਿਸ਼ਨਰ ਦਿਲਰਾਜ ਸਿੰਘ ਦੇ ਦਫ਼ਤਰ ਬਾਹਰ ਆਪਣੀ ਦਾੜ੍ਹੀ ਦੇ ਕੇਸ ਕੱਟ ਕੇ ਟੰਗ ਦਿੱਤੇ ਸਨ। ਉਸ ਦੀ ਮੰਗ ਸੀ ਕਿ ਪਿੰਡ ਦੇ ਜਲਘਰ ਨੂੰ ਚਾਲੂ ਕੀਤਾ ਜਾਵੇ। ਇਹ ਵਿਅਕਤੀ ਆਪਣੇ ਕੁਝ ਸਾਥੀਆਂ ਸਮੇਤ ਅਕਾਲ ਤਖ਼ਤ ਦੇ ਸਕੱਤਰੇਤ ਪੁੱਜਾ, ਜਿੱਥੇ ਉਸ ਨੇ ਇਕ ਪੱਤਰ ਸੌਂਪ ਕੇ ਆਪਣੇ ਇਸ ਕਾਰੇ ਲਈ ਸਿੱਖ ਜਗਤ ਕੋਲੋਂ ਮੁਆਫੀ ਮੰਗੀ। ਉਸ ਨੇ ਆਖਿਆ ਕਿ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਜਲਘਰ ਚਾਲੂ ਕਰਨ ਬਾਰੇ ਕੋਈ ਸੁਣਵਾਈ ਨਾ ਕੀਤੇ ਜਾਣ ਕਰ ਕੇ ਉਹ ਨਿਰਾਸ਼ ਸੀ ਅਤੇ ਉਸ ਨੇ ਆਪਣੀ ਹੱਤਕ ਮਹਿਸੂਸ ਕੀਤੀ। ਇਸੇ ਭਾਵੁਕਤਾ ਵਿੱਚ ਹੀ ਉਸ ਨੇ 19 ਮਈ ਨੂੰ ਆਪਣੀ ਦਾੜ੍ਹੀ ਦੇ ਕੇਸ ਕੱਟ ਦਿੱਤੇ। ਉਸ ਨੇ ਮੰਨਿਆ ਕਿ ਉਸ ਦੀ ਇਸ ਕਾਰਵਾਈ ਨਾਲ ਸਿੱਖ ਜਗਤ ਦੀਆਂ ਭਾਵਨਾਵਾਂ ਨੂੰ ਠੇਸ ਪੁੱਜੀ ਹੈ। ਉਸ ਨੇ ਆਪਣੀ ਗ਼ਲਤੀ ਮੰਨਦਿਆਂ ਅਕਾਲ ਤਖ਼ਤ ਦੇ ਜਥੇਦਾਰ ਕੋਲੋਂ ਮੁਆਫੀ ਮੰਗੀ ਹੈ। ਇਸ ਦੌਰਾਨ ਅਕਾਲ ਤਖ਼ਤ ਦੇ ਸਕੱਤਰੇਤ ਨੇ ਸਰਪੰਚ ਨੂੰ ਆਖਿਆ ਹੈ ਕਿ ਉਸ ਦਾ ਇਹ ਮਾਮਲਾ ਪੰਜ ਸਿੰਘ ਸਾਹਿਬਾਨ ਵੱਲੋਂ ਵਿਚਾਰਿਆ ਜਾਵੇਗਾ ਅਤੇ ਉਸ ਮਗਰੋਂ ਹੀ ਕੋਈ ਅਗਲੀ ਕਾਰਵਾਈ ਹੋਵੇਗੀ।



# ਜਥੇਦਾਰ ਕੋਲਿਆਂਵਾਲੀ ਦਾ ਕਾਂਗਰਸ ਸਰਕਾਰ ਵਿਚ 'ਦਬ-ਦਬਾ' ਕਾਇਮ

## *ਖੇਤਾਂ ਤਕ ਪਾਣੀ ਪਹੁੰਚਾਉਣ ਲਈ ਜੰਗਲਾਤ ਵਿਭਾਗ ਦੀ ਜ਼ਮੀਨ 'ਤੇ ਪਾਈਆਂ ਜਾ ਰਹੀਆਂ ਨੇ ਪਾਈਪਾਂ*

**ਲੰਬੀ/ਬਿਊਰੋ ਨਿਊਜ਼ :** ਬਾਦਲਾਂ ਦੇ ਨੇੜਲੇ ਅਕਾਲੀ ਆਗੂ ਦਿਆਲ ਸਿੰਘ ਕੋਲਿਆਂਵਾਲੀ ਦਾ ਅਕਾਲੀ ਸਰਕਾਰ ਵਾਲਾ ਜਾਹੋ ਜਲਾਲ ਕਾਂਗਰਸ ਸਰਕਾਰ ਵਿੱਚ ਵੀ ਕਾਇਮ ਹੈ। ਜਥੇਦਾਰ ਕੋਲਿਆਂਵਾਲੀ ਤੇ ਹੋਰਾਂ ਦੇ ਖੇਤਾਂ ਤੱਕ ਨਹਿਰੀ ਪਾਣੀ ਪਹੁੰਚਾਉਣ ਲਈ ਭੂਮੀ ਅਤੇ ਜਲ ਸੰਭਾਲ ਵਿਭਾਗ ਵੱਲੋਂ ਜੰਗਲਾਤ ਵਿਭਾਗ ਦੀ ਜ਼ਮੀਨ ਵਿਚ ਤੇਜ਼ੀ ਨਾਲ ਦੋ-ਦੋ ਫੁੱਟ ਚੌੜੀਆਂ ਜ਼ਮੀਨਦੋਜ਼ ਪਾਈਪਾਂ ਪੁਆਈਆਂ ਜਾ ਰਹੀਆਂ ਹਨ, ਜਿਸ ਸਬੰਧੀ ਜੰਗਲਾਤ ਵਿਭਾਗ ਤੋਂ ਕੋਈ ਮਨਜ਼ੂਰੀ ਨਹੀਂ ਲਈ ਗਈ। ਇਹ 'ਪ੍ਰਾਜੈਕਟ' ਮਲੋਟ-ਲਾਲਗੜ੍ਹ ਡਿਫੈਂਸ ਸੜਕ ਕੰਢੇ ਚੱਲ ਰਿਹਾ ਹੈ। ਭੂਮੀ ਅਤੇ ਜਲ ਸੰਭਾਲ ਵਿਭਾਗ ਦਾ ਅਮਲਾ ਬਿਨਾਂ ਲੋੜੀਂਦੀ ਮਨਜ਼ੂਰੀ ਦੇ 3450 ਮੀਟਰ ਲੰਮਾ ਪ੍ਰਾਜੈਕਟ ਚੁਪ-ਚੁਪੀਤੇ ਪੂਰਾ ਕਰਵਾਉਣ ਦੇ ਰੌਅ ਵਿੱਚ ਹੈ। ਡਿਫੈਂਸ ਸੜਕ 'ਤੇ ਨਿਹੰਗ ਤਰਲੋਕ ਸਿੰਘ ਦੇ ਘਰ ਅੱਗੇ ਕਈ ਸੌ ਫੁੱਟ ਲੰਮੀ ਜ਼ਮੀਨਦੋਜ਼ ਪਾਈਪ ਪਾਈ ਜਾ ਚੁੱਕੀ ਹੈ। ਨਿਯਮਾਂ ਮੁਤਾਬਕ ਜੰਗਲਾਤ ਵਿਭਾਗ ਦੀ ਜ਼ਮੀਨ ਵਰਤਣ ਦੀ ਚਾਰ ਲੱਖ ਰੁਪਏ ਪ੍ਰਤੀ ਏਕੜ ਸਰਕਾਰੀ ਫ਼ੀਸ ਹੈ। ਇਸ 'ਪ੍ਰਾਜੈਕਟ' ਨੂੰ ਅਮਲੀ ਰੂਪ ਦੇਣ ਲਈ ਮਲੋਟ-ਲਾਲਗੜ੍ਹ ਡਿਫੈਂਸ ਸੜਕ ਥੱਲਿਓਂ ਪਾਈਪ ਲੰਘਾਈ ਜਾਣੀ ਹੈ, ਜਿਸ ਦੀ ਮਨਜ਼ੂਰੀ ਦਾ ਕੋਈ ਅਤਾ-ਪਤਾ ਨਹੀਂ ਹੈ।ਪਿਛਲੀ ਅਕਾਲੀ ਸਰਕਾਰ ਸਮੇਂ 18 ਨਵੰਬਰ 2016 ਨੂੰ ਮੁੱਖ ਭੂਮੀ ਪਾਲ, ਪੰਜਾਬ ਵੱਲੋਂ ਨਹਿਰੀ ਪਾਣੀ ਸਬੰਧੀ 52.43 ਲੱਖ ਰੁਪਏ ਦਾ ਪ੍ਰਾਜੈਕਟ ਪਾਸ ਕੀਤਾ ਗਿਆ ਸੀ। ਇਸ ਨਾਲ ਜਥੇਦਾਰ ਕੋਲਿਆਂਵਾਲੀ ਦੇ ਪੁੱਤਰ ਪਰਮਿੰਦਰ ਸਿੰਘ ਕੋਲਿਆਂਵਾਲੀ ਸਮੇਤ 76 ਕਿਸਾਨਾਂ ਦਾ 83.14 ਹੈਕਟੇਅਰ ਰਕਬਾ ਸਿੰਜਿਆ ਜਾਣਾ ਹੈ। ਮਾਮਲਾ ਭਖ਼ਣ 'ਤੇ ਭੂਮੀ ਅਤੇ ਜਲ ਸੰਭਾਲ ਵਿਭਾਗ ਨੇ ਹਾਲ ਦੀ ਘੜੀ ਇੱਕ ਵਾਰ ਤਾਂ 'ਪ੍ਰਾਜੈਕਟ' ਨੂੰ ਬਰੇਕਾਂ ਲਾ ਦਿੱਤੀਆਂ ਹਨ। ਜੰਗਲਾਤ ਵਿਭਾਗ ਮਲੋਟ ਰੇਂਜ ਦੇ ਅਫ਼ਸਰ ਬਲਜੀਤ ਸਿੰਘ ਕੰਗ ਨੇ ਕਿਹਾ ਕਿ ਵਿਭਾਗ ਕੋਲ ਪਰਮਿੰਦਰ ਸਿੰਘ ਤੇ ਹੋਰ ਕਿਸੇ ਵੀ ਕਿਸਾਨ ਵੱਲੋਂ ਮਨਜ਼ੂਰੀ ਲਈ ਕੋਈ ਦਰਖ਼ਾਸਤ ਨਹੀਂ ਆਈ। ਭੂਮੀ ਅਤੇ ਜਲ ਸੰਭਾਲ ਵਿਭਾਗ ਦੇ ਐਸਡੀਓ ਇੰਦਰਜੀਤ ਸਿੰਘ ਨੇ ਕਿਹਾ ਕਿ ਇਹ ਪ੍ਰਾਜੈਕਟ ਕਿਸਾਨ ਦੇ ਨਾਂ 'ਤੇ ਪਾਸ ਹੁੰਦਾ ਹੈ। 90 ਫ਼ੀਸਦੀ ਹਿੱਸਾ ਸਰਕਾਰ ਅਤੇ 10 ਫ਼ੀਸਦੀ ਕਿਸਾਨ ਅਦਾ ਕਰਦੇ ਹਨ। ਜੰਗਲਾਤ ਅਤੇ ਸੜਕ ਪੁਟਾਈ ਸਬੰਧੀ ਮਨਜ਼ੂਰੀ ਕਿਸਾਨ ਨੇ ਲੈਣੀ ਹੁੰਦੀ ਹੈ। ਪਰਮਿੰਦਰ ਸਿੰਘ ਕੋਲਿਆਂਵਾਲੀ ਨੇ ਲਗਭਗ ਡੇਢ ਲੱਖ ਰੁਪਏ ਭਰੇ ਹਨ।



**ਕੋਲਿਆਂਵਾਲੀ ਪਿਓ-ਪੁੱਤਰ ਦੀ ਸਫ਼ਾਈ :**
ਪਰਮਿੰਦਰ ਸਿੰਘ ਕੋਲਿਆਂਵਾਲੀ ਨੇ ਆਖਿਆ ਸਰਕਾਰੀ ਮਨਜ਼ੂਰੀ ਨਾਲ ਪਾਈਪਾਂ ਦਾ ਕੰਮ ਤਾਂ ਚੱਲ ਰਿਹਾ ਹੈ ਪਰ ਮਨਜ਼ੂਰੀ ਬਾਰੇ ਉਸ ਨੂੰ ਕੁਝ ਨਹੀਂ ਪਤਾ, ਇਹ ਤਾਂ ਮਹਿਕਮੇ ਦਾ ਕੰਮ ਹੈ। ਬਾਅਦ ਵਿੱਚ ਜਥੇਦਾਰ ਦਿਆਲ ਸਿੰਘ ਕੋਲਿਆਂਵਾਲੀ ਨੇ ਕਿਹਾ ਕਿ ਇਹ ਪਾਈਪਾਂ ਗ਼ਲਤੀ ਨਾਲ ਜੰਗਲਾਤ ਜ਼ਮੀਨ ਵਿੱਚੋਂ ਲੰਘ ਗਈਆਂ। ਇਨ੍ਹਾਂ ਨੂੰ ਪੁਟਵਾ ਕੇ ਕਿਸਾਨਾਂ ਦੇ ਖੇਤਾਂ ਵਿਚੋਂ ਲੰਘਾਇਆ ਜਾਵੇਗਾ।

HYDERABAD PAVILION

# VEGETABLES

## FRESHLY MADE EVERYDAY!

39030 Argonaut Way, Fremont, CA 94538



BHINDI MASALA



PALAK PANEER



PANEER MAKHANI



MALAI KOFTA



DAL MAKHANI



ALOO GOBI

THALI • BIRYANI • TANDOORI

ਅੰਮ੍ਰਿਤਸਰੀ ਕੁਲਚੇ ਦਾ ਅਸਲੀ ਜ਼ਾਇਕਾ ਸਿਰਫ਼
ਹੈਦਰਾਬਾਦ ਪੰਜਾਬੀ ਢਾਬੇ 'ਤੇ ਹੀ ਮਿਲਦਾ ਹੈ
ਅਸੀਂ ਕੇਟਰਿੰਗ ਵੀ ਕਰਦੇ ਹਾਂ।



ORDER AHEAD & PICKUP, CALL:

510.713.0183

# ਜੀਐਸਟੀ : ਸਿੱਖਿਆ ਤੇ ਸਿਹਤ ਸੇਵਾਵਾਂ ਪਹਿਲਾਂ ਵਾਂਗ ਟੈਕਸ ਮੁਕਤ ਹੋਣਗੀਆਂ

## ਜ਼ਿਆਦਾਤਰ ਸੇਵਾਵਾਂ ਮਹਿੰਗੀਆਂ ਹੋਣਗੀਆਂ; ਏ. ਸੀ. ਰੇਲ ਟਿਕਟ 'ਤੇ 5% ਟੈਕਸ, ਰੇਸਤਰਾਂ 'ਚ ਖਾਣਾ 17% ਮਹਿੰਗਾ ਹੋਵੇਗਾ

- ਇਕਾਨਮੀ ਹਵਾਈ ਸਫ਼ਰ ਹੋਵੇਗਾ ਰਤਾ ਕੁ ਸਸਤਾ
- ਮੈਟਰੋ, ਲੋਕਲ ਰੇਲ, ਹੱਜ ਸਣੇ ਸਾਰੀਆਂ ਧਾਰਮਿਕ ਯਾਤਰਾਵਾਂ ਨੂੰ ਟੈਕਸ ਛੋਟ ਜਾਰੀ



**ਸ੍ਰੀਨਗਰ/ਬਿਊਰੋ ਨਿਊਜ਼ :**
ਭਾਰਤ ਵਿੱਚ ਨਵੇਂ ਲਾਗੂ ਹੋ ਰਹੇ ਕਰ ਢਾਂਚੇ ਜੀਐਸਟੀ (ਵਸਤਾਂ ਤੇ ਸੇਵਾਵਾਂ ਕਰ) ਵਿੱਚ ਸਿੱਖਿਆ ਤੇ ਸਿਹਤ ਨੂੰ ਕਰ ਛੋਟ ਜਾਰੀ ਰਹੇਗੀ। ਇਸ ਵਿੱਚ ਵਸਤਾਂ ਤੇ ਸੇਵਾਵਾਂ ਲਈ ਟੈਕਸ ਦੀਆਂ ਚਾਰ ਵੱਖ-ਵੱਖ ਦਰਾਂ 5, 12, 18 ਤੇ 28 ਫ਼ੀਸਦੀ ਤੈਅ ਕੀਤੀਆਂ ਗਈਆਂ ਹਨ। ਸਭ ਤੋਂ ਘੱਟ ਦਰ 5 ਫ਼ੀਸਦੀ ਵਿੱਚ ਰੱਖੀਆਂ ਗਈਆਂ ਸੇਵਾਵਾਂ ਵਿੱਚ ਇਕਾਨਮੀ ਵਰਗ ਦੀ ਹਵਾਈ ਯਾਤਰਾ ਸਮੇਤ ਟਰਾਂਸਪੋਰਟ ਵੀ ਸ਼ਾਮਲ ਹੈ। ਜਦੋਂਕਿ ਬਿਜ਼ਨਸ ਕਲਾਸ ਹਵਾਈ ਸੇਵਾ ਸਣੇ ਟੈਲੀਕਾਮ, ਬੀਮਾ ਅਤੇ ਅਖ਼ਬਾਰੀ ਇਸ਼ਤਿਹਾਰਾਂ ਲਈ ਵੱਧ ਟੈਕਸ ਦੇਣਾ ਪਵੇਗਾ। ਆਗਾਮੀ ਪਹਿਲੀ ਜੁਲਾਈ ਤੋਂ ਅਮਲ ਵਿੱਚ ਆ ਰਹੇ ਇਸ ਕਰ ਨਿਜ਼ਾਮ ਲਈ ਤਾਕਤਵਰ ਜੀਐਸਟੀ ਕੌਂਸਲ ਨੇ ਹੁਣ ਤੱਕ ਕਰੀਬ ਸਾਰੀਆਂ ਵਸਤਾਂ ਤੇ ਸੇਵਾਵਾਂ ਲਈ ਕਰ ਦਰਾਂ ਨੂੰ ਅੰਤਿਮ ਰੂਪ ਦੇ ਦਿੱਤਾ ਹੈ ਤੇ ਸੋਨੇ ਸਮੇਤ ਕੁਝ ਗਿਣੀਆਂ-ਚੁਣੀਆਂ ਵਸਤਾਂ ਦੀ ਦਰ ਹੀ ਤੈਅ ਹੋਣੀ ਬਾਕੀ ਹੈ। ਇਥੇ ਜੀਐਸਟੀ ਕੌਂਸਲ ਦੀ ਦੋ-ਰੋਜ਼ਾ ਮੀਟਿੰਗ ਦੀ ਸਮਾਪਤੀ ਤੋਂ ਬਾਅਦ ਮੀਡੀਆ ਨੂੰ ਸੰਬੋਧਨ ਕਰਦਿਆਂ ਕੌਂਸਲ ਦੇ ਮੁਖੀ ਤੇ ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਦੱਸਿਆ ਕਿ ਟੈਲੀਕਾਮ ਤੇ ਵਿੱਤੀ ਸੇਵਾਵਾਂ 'ਤੇ ਇਕਸਾਰ ਮਿਆਰੀ ਦਰ 18 ਫ਼ੀਸਦੀ 'ਤੇ ਕਰ ਵਸੂਲਿਆ ਜਾਵੇਗਾ। ਸੇਵਾਵਾਂ ਲਈ ਤੈਅ ਕੀਤੀਆਂ ਦਰਾਂ ਬੀਤੇ ਦਿਨ ਵਸਤਾਂ ਲਈ ਮਿਥੀਆਂ ਦਰਾਂ ਦੀ ਸੇਧ ਵਿੱਚ ਹੀ ਹਨ।

ਟਰਾਂਸਪੋਰਟ ਸੇਵਾਵਾਂ ਉਤੇ ਪੰਜ ਫ਼ੀਸਦੀ ਕਰ ਲੱਗੇਗਾ। ਇਹ ਦਰ ਓਲਾ ਤੇ ਊਬਰ ਵਰਗੀਆਂ ਟੈਕਸੀ ਸੇਵਾਵਾਂ ਸਣੇ ਇਸ ਵਕਤ ਛੇ ਫ਼ੀਸਦੀ ਟੈਕਸ ਵਾਲੀਆਂ ਸੇਵਾਵਾਂ (ਜਿਵੇਂ ਇਕਾਨਮੀ ਹਵਾਈ ਸਫ਼ਰ) ਉਤੇ ਵੀ ਲਾਗੂ ਹੋਵੇਗੀ। ਗ਼ੈਰ ਏਸੀ ਰੇਲ ਸੇਵਾ ਨੂੰ ਕਰ ਤੋਂ ਛੋਟ ਹੋਵੇਗੀ ਪਰ ਏਸੀ ਰੇਲ ਟਿਕਟਾਂ ਉਤੇ ਪੰਜ ਫ਼ੀਸਦੀ ਕਰ ਦੇਣਾ ਪਵੇਗਾ। ਮਾਲ ਸਕੱਤਰ ਹਸਮੁਖ ਅਧੀਆ ਨੇ ਕਿਹਾ ਕਿ ਮੈਟਰੋ, ਲੋਕਲ ਰੇਲ ਸੇਵਾਵਾਂ ਅਤੇ ਹੱਜ ਸਣੇ ਧਾਰਮਿਕ ਯਾਤਰਾਵਾਂ ਨੂੰ ਵੀ ਜੀਐਸਟੀ ਤੋਂ ਛੋਟ ਹੋਵੇਗੀ। ਇਕਾਨਮੀ ਹਵਾਈ ਯਾਤਰਾ 'ਤੇ ਪੰਜ ਫ਼ੀਸਦੀ ਤੇ ਬਿਜ਼ਨਸ ਕਲਾਸ 'ਤੇ 12 ਫ਼ੀਸਦੀ ਟੈਕਸ ਲੱਗੇਗਾ। ਸ੍ਰੀ ਜੇਤਲੀ ਨੇ ਕਿਹਾ ਕਿ ਗ਼ੈਰ ਏਸੀ ਰੈਸਟੋਰੈਂਟਾਂ ਦੇ ਖਾਣੇ ਦੇ ਬਿਲ ਉਤੇ 12 ਫ਼ੀਸਦੀ, ਏਸੀ ਰੈਸਟੋਰੈਂਟਾਂ ਸਣੇ ਸ਼ਰਾਬ ਵਰਤਾਉਣ ਵਾਲੇ ਰੈਸਟੋਰੈਂਟਾਂ ਉਤੇ 18 ਫ਼ੀਸਦੀ ਅਤੇ ਪੰਜ-ਤਾਰਾ ਹੋਟਲਾਂ ਉਤੇ 28 ਫ਼ੀਸਦੀ ਟੈਕਸ ਦਰ ਹੋਵੇਗੀ। ਜਿਨ੍ਹਾਂ ਰੈਸਟੋਰੈਂਟਾਂ ਦਾ ਸਾਲਾਨਾ ਕਾਰੋਬਾਰ 50 ਲੱਖ ਰੁਪਏ ਜਾਂ ਘੱਟ ਹੋਵੇਗਾ, ਉਹ ਪੰਜ ਫ਼ੀਸਦੀ ਕਰ ਘੇਰੇ ਵਿੱਚ ਆਉਣਗੇ। ਕੰਧਾਂ ਨੂੰ ਸਫ਼ੈਦੀ ਕਰਨ ਵਰਗੇ ਕੰਮ ਦੇ ਠੇਕੇ 12 ਫ਼ੀਸਦੀ ਦੇ ਘੇਰੇ ਵਿਚ ਆਉਣਗੇ। ਰੋਜ਼ਾਨਾ 1000 ਰੁਪਏ ਤੱਕ ਕਿਰਾਇਆ ਵਸੂਲਣ ਵਾਲੇ ਹੋਟਲ ਤੇ ਲਾਜ ਕਰ ਮੁਕਤ ਰਹਿਣਗੇ ਪਰ 1000 ਤੋਂ 2000 ਰੁਪਏ ਤੱਕ ਕਿਰਾਏ ਉਤੇ 12 ਫ਼ੀਸਦੀ, ਜਦੋਂਕਿ 2500 ਤੋਂ 5000 ਤੱਕ ਲਈ 18 ਫ਼ੀਸਦੀ ਤੇ 5000 ਤੋਂ ਵੱਧ ਲਈ 28 ਫ਼ੀਸਦੀ ਕਰ ਲੱਗੇਗਾ।

ਮਨੋਰੰਜਨ ਕਰ ਵੀ ਜੀਐਸਟੀ ਵਿੱਚ ਮਿਲ ਜਾਵੇਗਾ ਅਤੇ ਸਿਨਮਾ ਸੇਵਾਵਾਂ ਉਤੇ 28 ਫ਼ੀਸਦੀ ਕਰ ਲੱਗੇਗਾ। ਇਹੋ ਦਰ ਰੇਸ ਕੋਰਸ ਵਿੱਚ ਜੂਏਬਾਜ਼ੀ ਤੇ ਸੱਟੇਬਾਜ਼ੀ ਉਤੇ ਵੀ ਲਾਗੂ ਹੋਵੇਗੀ। ਸਿਨਮੇ ਲਈ ਤਜਵੀਜ਼ਤ ਦਰਾਂ ਭਾਵੇਂ ਇਸ ਸਮੇਂ ਜਾਰੀ 40 ਤੋਂ 55 ਫ਼ੀਸਦੀ ਮਨੋਰੰਜਣ ਟੈਕਸ ਤੋਂ ਘੱਟ ਹੋਣਗੀਆਂ, ਪਰ ਇਸ ਦੇ ਬਾਵਜੂਦ ਸਿਨਮਾ ਟਿਕਟਾਂ ਸਸਤੀਆਂ ਹੋਣ ਦੇ ਆਸਾਰ ਨਹੀਂ ਹਨ, ਕਿਉਂਕਿ ਰਾਜਾਂ ਨੂੰ ਸਿਨਮੇ ਉਤੇ ਸਥਾਨਕ ਕਰ ਲਾਉਣ ਦਾ ਅਖ਼ਤਿਆਰ ਹੈ। ਲਾਟਰੀ ਉਤੇ ਕੋਈ ਟੈਕਸ ਨਹੀਂ ਲੱਗੇਗਾ। ਸ੍ਰੀ ਜੇਤਲੀ ਨੇ ਦੱਸਿਆ ਕਿ ਸੋਨੇ ਸਣੇ ਹੋਰ ਕੀਮਤੀ ਧਾਤਾਂ ਲਈ ਕਰ ਦਰਾਂ ਜੀਐਸਟੀ ਕੌਂਸਲ ਦੀ ਆਗਾਮੀ 3 ਜੂਨ ਨੂੰ ਹੋਣ ਵਾਲੀ ਅਗਲੀ ਮੀਟਿੰਗ ਵਿੱਚ ਤੈਅ ਕੀਤੀਆਂ ਜਾਣਗੀਆਂ। ਦੱਸਣਯੋਗ ਹੈ ਕਿ ਮੀਟਿੰਗ ਦੌਰਾਨ ਮੁੱਖ ਤੌਰ 'ਤੇ ਸੇਵਾਵਾਂ ਦੀਆਂ ਟੈਕਸ ਦਰਾਂ ਉਤੇ ਵਿਚਾਰ ਕੀਤੀ ਗਈ। ਸ੍ਰੀ ਜੇਤਲੀ ਨੇ ਕਿਹਾ ਕਿ ਜੀਐਸਟੀ ਕਾਰਨ ਕੁੱਲ ਮਿਲਾ ਕੇ ਮਹਿੰਗਾਈ ਨਹੀਂ ਵਧੇਗੀ। ਈ-ਕਾਮਰਸ ਕੰਪਨੀਆਂ ਜਿਵੇਂ ਫਲਿਪਕਾਰਟ ਤੇ ਸਨੈਪਡੀਲ ਆਦਿ ਨੂੰ ਸਪਲਾਇਰਾਂ ਨੂੰ ਅਦਾਇਗੀ ਕਰਦੇ ਸਮੇਂ ਇਕ ਫ਼ੀਸਦੀ ਟੀਸੀਐਸ (ਟੈਕਸ ਕੁਲੈਕਟਿਡ ਐਟ ਸੋਰਸ) ਕੱਟਣਾ ਹੋਵੇਗਾ।

# ਜੇਠਮਲਾਨੀ ਦੀਆਂ ਜੇਤਲੀ ਖ਼ਿਲਾਫ਼ ਟਿੱਪਣੀਆਂ ਅਦਾਲਤ ਵਲੋਂ ਅਪਮਾਨਜਨਕ ਕਰਾਰ

### *ਕੇਜਰੀਵਾਲ ਨੂੰ ਖੁਦ ਪੇਸ਼ ਹੋ ਕੇ ਬਿਆਨ ਦੇਣ ਲਈ ਕਿਹਾ*

**ਨਵੀਂ ਦਿੱਲੀ/ਬਿਊਰੋ ਨਿਊਜ਼ :**
ਦਿੱਲੀ ਹਾਈ ਕੋਰਟ ਨੇ ਅਰਵਿੰਦ ਕੇਜਰੀਵਾਲ ਦੇ ਵਕੀਲ ਰਾਮ ਜੇਠਮਲਾਨੀ ਵੱਲੋਂ ਅਰੁਣ ਜੇਤਲੀ ਖ਼ਿਲਾਫ਼ ਕੀਤੀਆਂ ਗਈਆਂ ਟਿੱਪਣੀਆਂ ਨੂੰ ਅਪਮਾਨਜਨਕ ਕਰਾਰ ਦਿੱਤਾ ਹੈ। ਜਸਟਿਸ ਮਨਮੋਹਨ ਨੇ ਕਿਹਾ ਕਿ ਜੇਕਰ ਕੇਜਰੀਵਾਲ ਦੀਆਂ ਹਦਾਇਤਾਂ 'ਤੇ ਟਿੱਪਣੀਆਂ ਕੀਤੀਆਂ ਗਈਆਂ ਹਨ ਤਾਂ ਉਨ੍ਹਾਂ ਨੂੰ ਖੁਦ ਕਟਹਿਰੇ ਵਿਚ ਆਉਣਾ ਚਾਹੀਦਾ ਹੈ ਅਤੇ ਜੇਤਲੀ ਨਾਲ ਜਿਰ੍ਹਾ ਦੀ ਬਜਾਏ ਆਪਣੇ ਦੋਸ਼ਾਂ ਨੂੰ ਸਾਬਿਤ ਕਰਨਾ ਚਾਹੀਦਾ ਹੈ। ਜਸਟਿਸ ਮਨਮੋਹਨ ਨੇ ਕਿਹਾ, "ਜੇਕਰ ਅਜਿਹੇ ਦੋਸ਼ ਕੇਜਰੀਵਾਲ ਦੇ ਨਿਰਦੇਸ਼ਾਂ 'ਤੇ ਲਾਏ ਗਏ ਹਨ ਤਾਂ ਸ੍ਰੀ ਜੇਤਲੀ ਨਾਲ ਜਿਰ੍ਹਾ ਕਰਨ ਦੀ ਕੋਈ ਤੁੱਕ ਨਹੀਂ ਹੈ। ਕੇਜਰੀਵਾਲ ਨੂੰ ਦੋਸ਼ ਲਾਉਣ ਦਿਓ। ਉਨ੍ਹਾਂ ਨੂੰ ਕਟਹਿਰੇ ਵਿਚ ਆਉਣ ਦਿਓ।" ਜੇਤਲੀ ਦੇ ਸੀਨੀਅਰ ਵਕੀਲਾਂ ਰਾਜੀਵ ਨਈਅਰ ਅਤੇ ਸੰਦੀਪ ਸੇਠੀ ਨੇ ਅਦਾਲਤ ਮੂਹਰੇ ਇਹ ਮੁੱਦਾ ਉਠਾਉਂਦਿਆਂ ਕਿਹਾ ਸੀ ਕਿ ਉਹ ਸਪਸ਼ਟੀਕਰਨ ਚਾਹੁੰਦੇ ਹਨ ਕਿ ਟਿੱਪਣੀਆਂ ਉਨ੍ਹਾਂ (ਕੇਜਰੀਵਾਲ) ਦੇ ਨਿਰਦੇਸ਼ਾਂ 'ਤੇ ਕੀਤੀਆਂ ਗਈਆਂ ਸਨ ਜਾਂ ਜੇਠਮਲਾਨੀ ਨੇ ਆਪਣੇ ਬੂਤੇ 'ਤੇ ਗੱਲਾਂ ਆਖੀਆਂ। ਸ੍ਰੀ ਨਈਅਰ ਨੇ ਕਿਹਾ ਕਿ ਜੇਕਰ ਕੇਜਰੀਵਾਲ ਨੇ ਸੀਨੀਅਰ ਵਕੀਲ ਨੂੰ ਵਿਵਾਦਤ ਟਿੱਪਣੀਆਂ ਕਰਨ ਦੇ ਨਿਰਦੇਸ਼ ਦਿੱਤੇ ਸਨ ਤਾਂ ਉਹ ਉਨ੍ਹਾਂ (ਕੇਜਰੀਵਾਲ) ਤੋਂ 10 ਕਰੋੜ ਰੁਪਏ ਤੋਂ ਵੱਧ ਹਰਜਾਨੇ ਦੀ ਮੰਗ ਕਰਨਗੇ। ਉਨ੍ਹਾਂ ਕਿਹਾ ਕਿ ਜੇਕਰ ਜੇਠਮਲਾਨੀ ਨੇ ਆਪਣੇ ਆਪ ਟਿੱਪਣੀ ਕੀਤੀ ਹੈ ਤਾਂ ਇਹ ਬਾਰ ਕੌਂਸਿਲ ਆਫ਼ ਇੰਡੀਆ ਦੇ ਨਿਯਮਾਂ ਦਾ ਉਲੰਘਣ ਹੋਏਗਾ। ਵਿਵਾਦਤ ਟਿੱਪਣੀਆਂ ਸ੍ਰੀ ਜੇਠਮਲਾਨੀ ਵੱਲੋਂ ਜਾਇੰਟ ਰਜਿਸਟਰਾਰ ਦੀਪਾਲੀ ਸ਼ਰਮਾ ਮੂਹਰੇ ਕੀਤੀਆਂ ਗਈਆਂ ਸਨ ਜਦੋਂ ਸ੍ਰੀ ਜੇਤਲੀ ਨਾਲ 10 ਕਰੋੜ ਦੇ ਮਾਣਹਾਨੀ ਮਾਮਲੇ ਵਿਚ ਜਿਰ੍ਹਾ ਕੀਤੀ ਜਾ ਰਹੀ ਸੀ। ਸ੍ਰੀ ਜੇਤਲੀ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ 'ਆਪ' ਦੇ ਪੰਜ ਹੋਰ ਆਗੂਆਂ ਖ਼ਿਲਾਫ਼ ਮਾਣਹਾਨੀ ਦਾ ਕੇਸ ਕੀਤਾ ਹੋਇਆ ਹੈ। ਇਨ੍ਹਾਂ ਵਿਚ ਰਾਘਵ ਚੱਢਾ, ਕੁਮਾਰ ਵਿਸ਼ਵਾਸ, ਆਸ਼ੂਤੋਸ਼, ਸੰਜੇ ਸਿੰਘ ਅਤੇ ਦੀਪਕ ਬਾਜਪੇਈ ਸ਼ਾਮਲ ਹਨ। ਇਨ੍ਹਾਂ ਆਗੂਆਂ ਨੇ ਦੋਸ਼ ਲਾਏ ਸਨ ਕਿ ਡੀਡੀਸੀਏ ਦਾ 2000 ਤੋਂ 2013 ਤੱਕ ਪ੍ਰਧਾਨ ਰਹਿੰਦਿਆਂ ਸ੍ਰੀ ਜੇਤਲੀ ਨੇ ਵਿੱਤੀ ਬੇਨਿਯਮੀਆਂ ਕੀਤੀਆਂ ਸਨ। ਇਹ ਮੁੱਦਾ ਜਸਟਿਸ ਮਨਮੋਹਨ ਅੱਗੇ ਉਸ ਸਮੇਂ ਆਇਆ ਜਦੋਂ ਉਹ ਰਾਘਵ ਚੱਢਾ ਵੱਲੋਂ ਸੋਧ ਦੀ ਪਾਈ ਅਰਜ਼ੀ 'ਤੇ ਸੁਣਵਾਈ ਕਰ ਰਹੇ ਸਨ।

# ਅਰੁਣ ਜੇਤਲੀ ਨੇ ਕੇਜਰੀਵਾਲ 'ਤੇ ਠੋਕਿਆ ਇਕ ਹੋਰ ਮਾਣਹਾਨੀ ਦਾਅਵਾ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਕੇਂਦਰੀ ਵਿੱਤ ਮੰਤਰੀ ਅਰੁਣ ਜੇਤਲੀ ਨੇ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ 'ਤੇ 10 ਕਰੋੜ ਰੁਪਏ ਮਾਨਹਾਨੀ ਦਾ ਇੱਕ ਹੋਰ ਦਾਅਵਾ ਕੀਤਾ ਹੈ। ਕੇਜਰੀਵਾਲ ਦੇ ਵਕੀਲ ਵੱਲੋਂ ਅਦਾਲਤ ਵਿੱਚ ਅਰੁਣ ਜੇਤਲੀ ਖ਼ਿਲਾਫ਼ ਇਤਰਾਜ਼ਯੋਗ ਸ਼ਬਦ ਬੋਲਣ 'ਤੇ ਦਿੱਲੀ ਹਾਈ ਕੋਰਟ ਵਿੱਚ ਕੇਂਦਰੀ ਵਿੱਤ ਮੰਤਰੀ ਦੇ ਵਕੀਲਾਂ ਨੇ ਇਹ ਨਵਾਂ ਕੇਸ ਦਾਖ਼ਲ ਕੀਤਾ ਹੈ। ਪਹਿਲਾਂ ਹੀ ਅਰਵਿੰਦ ਕੇਜਰੀਵਾਲ ਤੇ 5 ਹੋਰਨਾਂ 'ਆਪ' ਆਗੂਆਂ ਖ਼ਿਲਾਫ਼ ਇੱਜ਼ਤ-ਹੱਤਕ ਦਾ ਮਾਮਲਾ ਹਾਈ ਕੋਰਟ ਵਿੱਚ ਚੱਲ ਰਿਹਾ ਹੈ।

ਪਿਛਲੀ 15 ਤੇ 17 ਮਈ ਦੀ ਸੁਣਵਾਈ ਵਿੱਚ ਦੋਵਾਂ ਧਿਰਾਂ ਦੇ ਵਕੀਲਾਂ ਦੀ ਬਹਿਸ ਦੌਰਾਨ ਅਰਵਿੰਦ ਕੇਜਰੀਵਾਲ ਵੱਲੋਂ ਕੇਸ ਲੜ ਰਹੇ ਰਾਮ ਜੇਠਮਨਾਲੀ ਨੇ ਇਤਰਾਜ਼ਯੋਗ ਸ਼ਬਦ ਬੋਲਿਆ ਸੀ। ਸ੍ਰੀ ਜੇਤਲੀ ਦੇ ਵਕੀਲ ਮਾਨਿਕ ਡੋਗਰਾ ਨੇ ਕਿਹਾ ਕਿ ਕੇਜਰੀਵਾਲ ਖ਼ਿਲਾਫ਼ ਇੱਕ ਹੋਰ ਨਵਾਂ ਮਾਨਹਾਨੀ ਦਾ ਮੁਕੱਦਮਾ ਦਾਇਰ ਕੀਤਾ ਗਿਆ ਹੈ, ਜਿਸ ਵਿੱਚ ਉਨ੍ਹਾਂ ਵੱਲੋਂ ਆਪਣੇ ਵਕੀਲ ਰਾਹੀਂ ਖੁੱਲ੍ਹੀ ਅਦਾਲਤ ਵਿੱਚ ਉਨ੍ਹਾਂ ਦੇ ਮੁਵੱਕਲ (ਸ੍ਰੀ ਜੇਤਲੀ) ਬਾਰੇ ਅਪਸ਼ਬਦ ਬੋਲੇ ਗਏ ਸਨ। ਸ੍ਰੀ ਜੇਤਲੀ ਵੱਲੋਂ ਅਰਵਿੰਦ ਕੇਜਰੀਵਾਲ ਤੇ ਸਾਥੀ ਆਗੂਆਂ ਸੰਜੇ ਸਿੰਘ, ਰਾਘਵ ਚੱਢਾ, ਕੁਮਾਰ ਵਿਸ਼ਵਾਸ, ਆਸ਼ੂਤੋਸ਼ ਤੇ ਦੀਪਕ ਬਾਜਪਾਈ 'ਤੇ 10 ਕਰੋੜ ਦਾ ਮੁਕੱਦਮਾ ਦਿੱਲੀ ਹਾਈ ਕੋਰਟ ਵਿੱਚ ਪਾਇਆ ਗਿਆ। 'ਆਪ' ਦੇ ਇਨ੍ਹਾਂ ਆਗੂਆਂ ਨੇ ਦਿੱਲੀ ਜ਼ਿਲ੍ਹਾ ਕ੍ਰਿਕਟ ਕਲੱਬ (ਡੀਡੀਸੀਏ) ਵਿੱਚ ਬੇਨਿਯਮੀਆਂ ਸਬੰਧੀ 2000 ਤੋਂ 2003 ਤੱਕ ਤਤਕਾਲੀ ਡੀਡੀਸੀਏ ਮੁਖੀ ਰਹੇ ਅਰੁਣ ਜੇਤਲੀ 'ਤੇ ਗੰਭੀਰ ਦੋਸ਼ ਲਾਏ ਗਏ ਸਨ। ਜਦੋਂ ਕਿ ਕੇਂਦਰੀ ਵਿੱਤ ਮੰਤਰੀ ਤੇ ਰੱਖਿਆ ਮੰਤਰੀ ਨੇ ਇਨ੍ਹਾਂ ਦੋਸ਼ਾਂ ਨੂੰ ਰੱਦ ਕਰਦਿਆਂ ਕੇਜਰੀਵਾਲ ਤੇ ਸਾਥੀਆਂ ਖ਼ਿਲਾਫ਼ ਮਾਮਲੇ ਦਾਇਰ ਕੀਤੇ ਸਨ ਕਿ 'ਆਪ' ਆਗੂਆਂ ਨੇ ਉਨ੍ਹਾਂ ਦੀ ਸਾਖ਼ ਨੂੰ ਢਾਹ ਲਾਈ ਹੈ। ਇਸੇ ਦੌਰਾਨ 'ਆਪ' ਬੁਲਾਰੇ ਆਸ਼ੂਤੋਸ਼ ਨੇ ਕਿਹਾ ਕਿ ਇਹ ਅਦਾਲਤ ਦੇ ਅੰਦਰ ਦਾ ਮਾਮਲਾ ਹੈ ਤੇ ਬਾਹਰ ਕੋਈ ਟਿੱਪਣੀ ਕਰਨ ਦੀ ਥਾਂ ਅਦਾਲਤ ਵਿੱਚ ਹੀ ਇਸ ਦਾ ਜਵਾਬ ਦਿੱਤਾ ਜਾਵੇਗਾ।

## ਗੁਰਮੇਹਰ ਕੌਰ ਦੀ ਕਿਤਾਬ 'ਮੂਵਮੈਂਟ ਆਫ਼ ਫ਼ਰੀਡਮ' ਆਏਗੀ ਅਗਲੇ ਵਰ੍ਹੇ

**ਨਵੀਂ ਦਿੱਲੀ/ਬਿਊਰੋ ਨਿਊਜ਼ :** ਦਿੱਲੀ ਦੇ ਰਾਮਜਨ ਕਾਲਜ ਦੌਰਾਨ ਸੋਸ਼ਲ ਮੀਡੀਆ ਰਾਹੀਂ ਵਿਵਾਦਿਤ ਸੁਰਖੀਆਂ ਵਿਚ ਆਈ ਗੁਰਮੇਹਰ ਕੌਰ ਹੁਣ ਕਿਤਾਬ ਰਾਹੀਂ ਲੋਕਾਂ ਨੂੰ ਹਕੀਕਤ ਤੋਂ ਜਾਣੂ ਕਰਵਾਏਗੀ। ਸੋਸ਼ਲ ਮੀਡੀਆ 'ਤੇ ਇਕ ਵੀਡੀਓ ਰਾਹੀਂ ਬੋਲਣ ਦੀ ਆਜ਼ਾਦੀ ਦਾ ਹੱਕ ਮੰਗਣ ਕਾਰਨ ਸੁਰਖੀਆਂ ਵਿਚ ਆਈ ਗੁਰਮੇਹਰ ਕੌਰ ਦੀ ਕਿਤਾਬ ਵਿਚ 1947 ਤੋਂ 2017 ਤੱਕ ਦੇ ਸਮੇਂ ਦਾ ਜ਼ਿਕਰ ਹੋਵੇਗਾ, ਜਿਸ ਵਿਚ ਉਸ ਦੀ ਦਾਦੀ ਦੇ ਲਾਹੌਰ ਤੋਂ ਭਾਰਤ ਆਉਣ ਤੱਕ, ਫਿਰ ਮਾਂ-ਬਾਪ ਅਤੇ ਗੁਰਮੇਹਰ ਦੇ ਵਿਦਿਆਰਥੀ ਜੀਵਨ ਦਾ ਜ਼ਿਕਰ ਹੋਵੇਗਾ। 'ਸਮਾਲ ਐਕਟਸ ਆਫ਼ ਫ਼ਰੀਡਮ' ਨਾਂਅ ਦੀ ਇਹ ਕਿਤਾਬ ਜਨਵਰੀ 2018 ਤੱਕ ਆਉਣ ਦੀ ਉਮੀਦ ਹੈ।

*ਬਾਕੀ*

## ਗੱਲਬਾਤ ਨਾਲ ਸੁਲਝ ਸਕਦਾ ਹੈ ਜਾਧਵ ਦਾ ਮਾਮਲਾ

ਉੱਥੇ ਮੌਜੂਦ ਕੁੱਝ ਬੁੱਧੀਜੀਵੀਆਂ ਨੇ ਕਿਹਾ ਕਿ ਜਾਧਵ ਦੇ ਵਿਰੁੱਧ ਪਾਕਿਸਤਾਨੀ ਪੱਖ ਕਮਜ਼ੋਰ ਹੈ।

ਪਾਕਿਸਤਾਨ ਦੀ ਸਭ ਤੋਂ ਵੱਡੀ ਕਮਜ਼ੋਰੀ ਤਾਂ ਉਹ ਖ਼ੁਦ ਹੀ ਹੈ। ਜੇ ਪਾਕਿਸਤਾਨ ਜਾਧਵ ਦੇ ਮਾਮਲੇ 'ਚ ਕੌਮਾਂਤਰੀ ਅਦਾਲਤ ਦੇ ਖੇਤਰੀਧਿਕਾਰ ਨੂੰ ਨਹੀਂ ਮੰਨਦਾ ਤਾਂ ਉਹ ਅਦਾਲਤ 'ਚ ਗਿਆ ਹੀ ਕਿਉਂ? ਇਸ ਦਾ ਮਤਲਬ ਤਾਂ ਇਹੀ ਹੈ ਕਿ ਉਹ ਉਸ ਅਦਾਲਤ ਨੂੰ ਮਾਨਤਾ ਦਿੰਦਾ ਹੈ। ਮੀਆਂ ਸਾਹਿਬ ਸਾਫ਼ ਲੁਕਦੇ ਵੀ ਨਹੀਂ ਅਤੇ ਸਾਹਮਣੇ ਆਉਂਦੇ ਵੀ ਨਹੀਂ। ਇੱਧਰ ਪਰਦਾ ਖਿੱਚਿਆ ਜਾ ਰਿਹਾ ਹੈ ਅਤੇ ਉਧਰ ਪਾਕਿਸਤਾਨੀ ਵਿਦੇਸ਼ ਮੰਤਰਾਲਾ ਹੰਝੂ ਵਹਾਉਂਦਿਆਂ ਕਹਿ ਰਿਹਾ ਹੈ ਕਿ ਹੁਣ ਅਸੀਂ ਇਹ ਮੁਕੱਦਮਾ ਚੰਗੀ ਤਰ੍ਹਾਂ ਲੜਾਂਗੇ। ਜੇ ਦੋਵੇਂ ਦੇਸ਼ ਲੜਨਗੇ ਤਾਂ ਕੀ ਇਹ ਕਾਨੂੰਨੀ ਲੜਾਈ 1 ਅਗਸਤ ਤਕ ਪੂਰੀ ਹੋ ਜਾਵੇਗੀ? ਉਦੋਂ ਤਕ ਅਦਾਲਤ ਨੇ ਜਾਧਵ ਦੀ ਸਜ਼ਾ 'ਤੇ ਰੋਕ ਲਗਾਈ ਹੈ। ਜੇ ਹੇਗ ਦੀ ਕੌਮਾਂਤਰੀ ਅਦਾਲਤ 'ਚ ਇਹ ਮਾਮਲਾ ਬਕਾਇਦਾ ਚੱਲਿਆ ਤਾਂ ਪਾਕਿਸਤਾਨ ਨੇ ਇਸ ਮਾਮਲੇ 'ਤੇ ਅਦਾਲਤ ਦਾ ਜਿਹੜਾ ਪੱਲਾ ਫੜਿਆ ਹੋਇਆ ਹੈ, ਉਹ ਉੱਖੜ ਜਾਵੇਗਾ। ਭਾਰਤ ਇਹ ਕਹਿ ਰਿਹਾ ਹੈ ਕਿ ਜਾਧਵ 'ਤੇ ਮਾਮਲਾ ਚਲਾਉਣਾ ਹੈ ਤਾਂ ਆਪਣੀ ਸਿਵਲ ਅਦਾਲਤਾਂ 'ਚ ਖੁੱਲ੍ਹੇਆਮ ਕਿਉਂ ਨਹੀਂ ਚਲਾਉਂਦੇ? ਭਾਰਤ ਨੇ ਅਜਮਲ ਕਸਾਬ 'ਤੇ ਵੀ ਖੁੱਲ੍ਹੀ ਅਦਾਲਤ 'ਚ ਮੁਕੱਦਮਾ ਚਲਾਇਆ ਸੀ ਜਾਂ ਨਹੀਂ? ਕੀ ਜਾਧਵ, ਕਸਾਬ ਤੋਂ ਵੀ ਵੱਧ ਖ਼ਤਰਨਾਕ ਮੁਲਜ਼ਮ ਹੈ? ਜੇ ਜਾਧਵ ਨੇ ਕੋਈ ਗੈਰ-ਕਾਨੂੰਨੀ ਕੰਮ ਕੀਤਾ ਹੈ ਤਾਂ ਪਾਕਿਸਤਾਨ ਉਸ ਨੂੰ ਕੰਬਲ 'ਚ ਲਪੇਟ ਕੇ ਕਿਉਂ ਗੁਪਚੁਪ ਦਫ਼ਨਾਉਣਾ ਚਾਹੁੰਦੀ ਹੈ?

ਇਹ ਵੀ ਸੰਭਵ ਹੈ ਕਿ ਪਾਕਿਸਤਾਨ ਕੌਮਾਂਤਰੀ ਅਦਾਲਤ ਦੀ ਉਲੰਘਣਾ ਕਰੇ ਅਤੇ ਜਾਧਵ ਨੂੰ ਮੌਤ ਦੀ ਸਜ਼ਾ ਦੇ ਦੇਵੇ। ਪਰ, ਪਾਕਿਸਤਾਨ ਨੂੰ ਇਹ ਨਹੀਂ ਭੁੱਲਣਾ ਚਾਹੀਦਾ ਕਿ ਉਹ ਸੰਯੁਕਤ ਰਾਸ਼ਟਰ ਦਾ ਮੈਂਬਰ ਹੈ ਅਤੇ ਇਹ ਅਦਾਲਤ ਉਸ ਦੀ ਇਕਾਈ ਹੈ। ਹਾਲਾਂਕਿ ਇਸ ਅਦਾਲਤ ਕੋਲ ਆਪਣਾ ਫ਼ੈਸਲਾ ਲਾਗੂ ਕਰਨ ਦੀ ਕੋਈ ਤਾਕਤ ਨਹੀਂ ਹੈ, ਪਰ ਦੁਨੀਆ ਭਰ 'ਚ ਉਸ ਦਾ ਨੈਤਿਕ ਵਜ਼ਨ ਇੰਨਾ ਜ਼ਿਆਦਾ ਹੈ ਕਿ ਪਾਕਿਸਤਾਨ ਨੂੰ ਇਹ ਸੋਚਣਾ ਪਵੇਗਾ ਕਿ ਉਸ ਦਾ ਉਲੰਘਣ ਕਰਨਾ ਉਸ ਲਈ ਕਿੰਨਾ ਨੁਕਸਾਨਦਾਇਕ ਹੋਵੇਗਾ? ਕੋਈ ਇਹ ਤਰਕ ਦੇ ਸਕਦਾ ਹੈ ਕਿ ਜਿਵੇਂ ਅਮਰੀਕਾ ਨੇ ਹੇਗ ਦੀ ਅਦਾਲਤ ਦਾ ਉਲੰਘਣ ਕਰਦਿਆਂ 1992 'ਚ ਜਰਮਨ ਨਾਗਰਿਕ, 1998 'ਚ ਪੈਰਾਗਵੇ ਦੇ ਬੇਅਰਡ ਅਤੇ 2003 'ਚ ਮੈਕਸੀਕੋ ਦੇ ਕੁੱਝ ਨਾਗਰਿਕਾਂ ਨੂੰ ਲਟਕਾ ਦਿੱਤਾ ਸੀ, ਕੀ ਪਾਕਿਸਤਾਨ ਅਜਿਹਾ ਨਹੀਂ ਕਰ ਸਕਦਾ? ਪਹਿਲੀ ਗੱਲ, ਪਾਕਿਸਤਾਨ, ਪਾਕਿਸਤਾਨ ਹੈ, ਅਮਰੀਕਾ ਨਹੀਂ। ਦੂਜੀ ਗੱਲ, ਇਨ੍ਹਾਂ ਤਿੰਨ ਮਾਮਲਿਆਂ 'ਤੇ ਜੋ ਫ਼ੈਸਲਾ ਆਇਆ ਸੀ, ਉਹ ਕਿਸੇ ਰਹੱਸਮਈ ਫ਼ੌਜੀ ਅਦਾਲਤ ਤੋਂ ਨਹੀਂ ਆਇਆ ਸੀ। ਅਮਰੀਕਾ ਦੀ ਸੁਪਰੀਮ ਕੋਰਟ ਤੋਂ ਆਇਆ ਸੀ। ਤੀਜੀ ਗੱਲ, ਇਹ ਦੋਸ਼ੀ ਵਿਅਕਤੀਗਤ ਅਪਰਾਧ ਕਰਦਿਆਂ ਰੰਗੇ ਹੱਥੀਂ ਫੜੇ ਗਏ ਸਨ। ਜੇ ਪਾਕਿਸਤਾਨ ਦੀ ਫ਼ੌਜ ਅਤੇ ਨੇਤਾਵਾਂ ਨੂੰ ਕੌਮਾਂਤਰੀ ਅਕਸ ਦੀ ਥੋੜ੍ਹੀ ਜਿਹੀ ਵੀ ਪ੍ਰਵਾਹ ਹੈ, ਤਾਂ ਉਹ ਜਾਧਵ ਨੂੰ ਸੁਣਾਈ ਗਈ ਸਜ਼ਾ ਅਮਲ 'ਚ ਨਹੀਂ ਲਿਆਉਣਗੇ। ਉਹ ਉਸ 'ਤੇ ਮੁਕੱਦਮਾ ਚਲਾਉਣਗੇ ਅਤੇ ਭਾਰਤ ਦਾ ਅਕਸ ਖ਼ਰਾਬ ਕਰਨ ਦੀ ਕੋਸ਼ਿਸ਼ ਕਰਨਗੇ। ਪਰ ਪਾਕਿਸਤਾਨ ਨੂੰ ਇਹ ਪਤਾ ਹੈ ਕਿ ਜੇ ਉਸ ਨੇ ਹੇਗ ਦੀ ਅਦਾਲਤ ਦੇ ਆਦੇਸ਼ ਦਾ ਉਲੰਘਣ ਕਰ ਦਿੱਤਾ ਤਾਂ ਭਾਰਤ ਸੁਰੱਖਿਆ ਪ੍ਰੀਸ਼ਦ ਜਾਵੇਗਾ। ਭਾਰਤ ਦੇ ਪ੍ਰਸਤਾਵ 'ਤੇ ਚੀਨ ਭਾਵੇਂ ਵੀਟੋ ਕਰ ਦੇਵੇ, ਪਰ ਬਾਕੀ ਦੇਸ਼ਾਂ 'ਚ ਪਾਕਿਸਤਾਨ ਦਾ ਅਕਸ ਮਾੜਾ ਹੋ ਜਾਵੇਗਾ। ਇਹ ਸਾਰਾ ਮਾਮਲਾ ਇੰਨਾ ਵੱਡਾ ਬਣ ਜਾਵੇਗਾ ਕਿ ਸਬੰਧਾਂ 'ਚ ਸੁਧਾਰ ਲਿਆਉਣ ਵਿਚ ਕਈ ਸਾਲ ਲੱਗ ਜਾਣਗੇ। ਉਂਜ ਵੀ ਕਈ ਦੇਸ਼ ਪਾਕਿਸਤਾਨ ਨੂੰ ਅਤਿਵਾਦ ਦਾ ਗੜ੍ਹ ਮੰਨਦੇ ਹਨ।

ਇਹ ਵੇਖਣ ਲਾਇਕ ਹੈ ਕਿ ਜਾਧਵ ਮਾਮਲੇ 'ਚ ਪਾਕਿਸਤਾਨੀ ਰਾਜਨੀਤੀ 'ਚ ਖਿੱਚੋਤਾਣ ਸ਼ੁਰੂ ਹੋ ਗਈ ਹੈ, ਪਰ ਇਹ ਸੋਚਣ ਦਾ ਵਿਸ਼ਾ ਹੈ ਕਿ ਭਾਰਤ 'ਚ ਪੱਖ ਤੇ ਵਿਰੋਧੀ ਧਿਰ ਇਕਜੁੱਟ ਹੈ। ਭਾਰਤ ਸਰਕਾਰ, ਖ਼ਾਸ ਤੌਰ 'ਤੇ ਵਿਦੇਸ਼ ਮੰਤਰੀ ਸੁਸ਼ਮਾ ਸਵਰਾਜ ਵਧਾਈ ਦੇ ਕਾਬਲ ਹਨ, ਜਿਨ੍ਹਾਂ ਨੇ ਜਾਧਵ ਦੇ ਮਾਮਲੇ 'ਚ ਇੰਨੀ ਦ੍ਰਿੜ੍ਹਤਾ ਅਤੇ ਤੇਜ਼ੀ ਵਿਖਾਈ, ਪਰ ਹੁਣ ਖ਼ੁਸ਼ੀ 'ਚ ਜ਼ਿਆਦਾ ਝੂਮਣ ਦੀ ਲੋੜ ਨਹੀਂ ਹੈ। ਪਾਕਿਸਤਾਨ 'ਤੇ ਦਬਾਅ ਬਣਾਈ ਰੱਖਣਾ ਜ਼ਰੂਰੀ ਹੈ। ਸਾਰੇ ਦੇਸ਼ਾਂ, ਇਸਲਾਮੀ ਰਾਸ਼ਟਰਾਂ ਅਤੇ ਮਹਾ ਸ਼ਕਤੀਆਂ ਤੋਂ ਫ਼ੋਨ ਕਰਵਾਏ ਜਾਣ ਅਤੇ ਸੰਯੁਕਤ ਰਾਸ਼ਟਰ ਦੇ ਨਵੇਂ ਮਹਾ ਸਕੱਤਰ ਅੰਤਾਨਿਓ ਗੁਤਰਸ ਵੀ ਗੱਲਬਾਤ ਕਰਨ ਤਾਂ ਚੰਗਾ ਹੋਵੇਗਾ। ਇਹੀ ਚੰਗਾ ਹੋਵੇਗਾ ਕਿ ਦੋਵੇਂ ਗੁਆਂਢੀ ਦੇਸ਼ ਹੇਗ ਦੇ ਅਖਾੜੇ 'ਚ ਭਿੜਨ ਦੀ ਥਾਂ ਮੁਕੱਦਮਾ ਵਾਪਸ ਲੈ ਲੈਣ ਅਤੇ ਆਪਸ 'ਚ ਗੱਲਬਾਤ ਰਾਹੀਂ ਮਾਮਲਾ ਸੁਲਝਾਉਣ। ਕਿੰਨੀ ਹੈਰਾਨੀ ਵਾਲੀ ਗੱਲ ਹੈ ਕਿ ਦੋਨਾਂ ਦੇਸ਼ਾਂ ਦੇ ਨੇਤਾ ਆਮ ਮੁੱਦਿਆਂ 'ਤੇ ਇਕ-ਦੂਜੇ ਨਾਲ ਫ਼ੋਨ 'ਤੇ ਗੱਲਬਾਤ ਕਰਦੇ ਰਹਿੰਦੇ ਹਨ, ਪਰ ਇਸ ਨਾਜ਼ੁਕ ਸਵਾਲ 'ਤੇ ਉਨ੍ਹਾਂ ਵਿਚਕਾਰ ਕੋਈ ਗੱਲਬਾਤ ਨਹੀਂ ਹੈ। ਇਹ ਮਾਮਲਾ ਇੰਨਾ ਉਲਝਿਆ ਹੋਇਆ ਵੀ ਨਹੀਂ ਹੈ ਕਿ ਗੱਲਬਾਤ ਨਾਲ ਹੱਲ ਨਾ ਹੋ ਸਕੇ।

# ਕੰਨ੍ਹੇੜੀ ਚੜ੍ਹੇ ਵਰ੍ਹੇ

**ਸਵੈ ਜੀਵਨੀ 'ਕੰਨ੍ਹੇੜੀ ਚੜ੍ਹੇ ਵਰ੍ਹੇ' ਰਜਿੰਦਰ ਕੌਰ ਦੀ ਜ਼ਿੰਦਗੀ ਨਾਲ ਰੂ-ਬ-ਰੂ ਕਰਵਾਉਂਦੀ ਹੈ। ਰਾਜਿੰਦਰ ਕੌਰ ਉਨ੍ਹਾਂ ਲੇਖਕਾਵਾਂ ਵਿਚੋਂ ਹੈ, ਜਿਨ੍ਹਾਂ ਨੇ ਜੀਵਨ ਆਪਣੀਆਂ ਸ਼ਰਤਾਂ 'ਤੇ ਜੀਵਿਆ ਹੈ। ਰਾਸ਼ਟਰਪਤੀ ਪੁਰਸਕਾਰ ਸਰਵੋਤਮ ਅਧਿਆਪਕਾ, ਸਟੇਟ ਐਵਾਰਡੀ, ਸਰਵੋਤਮ ਬਾਲ ਸਾਹਿਤ ਲੇਖਕਾ ਵਰਗੇ ਇਨਾਮ-ਸਨਮਾਨ ਰਜਿੰਦਰ ਕੌਰ ਦੀ ਝੋਲੀ ਪਏ ਹਨ ਪਰ ਉਨ੍ਹਾਂ ਨੇ ਇਹ ਬਾਲ ਮਨ ਦੇ ਸੁੱਚੇ ਸੁਪਨਿਆਂ ਨੂੰ ਸ਼ਬਦਾਂ ਵਿਚ ਪਰੋਅ ਕੇ ਪਾਠਕਾਂ ਦੀ ਝੋਲੀ ਖ਼ੂਬਸੂਰਤ ਬਚਪਨ ਪਾਇਆ ਹੈ। ਪੁਸਤਕ ਪੜ੍ਹਦਿਆਂ ਪਾਠਕਾਂ ਨੂੰ ਇਉਂ ਮਹਿਸੂਸ ਹੁੰਦਾ ਹੈ ਜਿਵੇਂ ਉਹ ਚੰਨ, ਸੂਰਜ, ਤਾਰਿਆਂ ਦੀ ਕੰਨ੍ਹੇੜੀ ਚੜ੍ਹ ਮੁੜ ਆਪਣਾ ਬਚਪਨ ਤੱਕ ਰਹੇ ਹੋਣ। ਮਾਂ ਦੀਆਂ ਮਿੱਠੀਆਂ ਝਿੜਕਾਂ, ਨਾਨੀ-ਦਾਦੀ ਦੇ ਲਾਡ ਨਾਲ ਭਿੱਜੀ ਇਸ ਪੁਸਤਕ ਦਾ ਆਨੰਦ ਤੁਸੀਂ ਵੀ ਮਾਣੋ। । ਇਹ ਕਿਤਾਬ ਕਿਉਂ ਲਿਖੀ, ਇਸ ਬਾਰੇ ਰਜਿੰਦਰ ਕੌਰ ਦੇ ਹੀ ਲਫ਼ਜ਼ਾਂ ਨੂੰ ਵੀ ਫੜਦੇ ਹਾਂ।**



**ਰਜਿੰਦਰ ਕੌਰ**
ਫ਼ੋਨ: 98889-02339, 84271-12339

**(ਭਾਗ ਪੰਜਵਾਂ)**

... ਵਰਾਂਡੇ ਦੀ ਦੂਜੀ ਵੱਡੀ ਨੁੱਕਰ ਐਧਰ ਪੌੜੀਆ ਵਾਲੇ ਪਾਸੇ – ਵੇਲੇ ਕਵੇਲੇ ਲਈ ਐਧਰ ਵੀ ਇਕ ਚੁੱਲ੍ਹਾ ਬਣਿਆ ਪਿਆ ਹੈ – 'ਚੱਕਵਾਂ ਚੁੱਲਾ' – ਜੋ ਵਰਤੋਂ ਵਿਚ ਘੱਟ ਹੀ ਆਉਂਦਾ ਹੈ – ਉਂਜ ਕਦੀ ਕਦੀ ਮੀਂਹ-ਕਣੀ ਵਿਚ ਜਾਂ ਜਿੱਦਣ ਕਦੀ ਮਾਮਾ ਜੀ ਹੋਰਾਂ ਨੇ 'ਮਹਾ-ਪਰਸ਼ਾਦ' ਬਣਾਉਣਾ ਹੁੰਦਾ ਹੈ-ਤਾਂ ਇਸ ਚੁੱਲ੍ਹੇ ਦੇ ਭਾਗ ਜਾਗਦੇ ਹਨ – ਪਰ ਕਦੇ, ਕਦਾਈਂ ਹੀ।

ਉਂਜ ਐਧਰ ਅਨਾਜ ਦੀਆਂ ਬੋਰੀਆਂ, ਅਧੀਏ, ਸੁੱਕੀਆਂ ਛੱਲੀਆਂ, ਛੱਜ, ਛਾਨਣੇ, ਛਾਨਣੀਆਂ ਪਏ ਰਹਿੰਦੇ ਹਨ – ਇਕ ਅੱਧ ਮੰਜੇ ਸਣੇ।

ਬਾਹਰ ਪੱਕੀ ਪੌੜੀ ਹੇਠਾਂ ਵੀ ਕਾਫ਼ੀ ਥਾਂ ਹੈ। ਇੱਥੋਂ ਰੋਜ਼ ਦੀ ਵਰਤੋਂ ਵਾਲੇ ਸੰਦ ਪਏ ਰਹਿੰਦੇ ਹਨ ਹਲ਼, ਪੰਜਾਲੀ, ਸੁਹਾਗੀ, ਟੋਕਰੇ, ਟੋਕਰੀਆਂ ਤੇ ਇੰਨੂੰ – 'ਇੰਨੂੰ' – ਇਹ ਵੀ ਘਰ ਵਿਚ ਦੋ ਤਰ੍ਹਾਂ ਦੇ ਹੁੰਦੇ ਹਨ – ਥੋੜ੍ਹੇ ਵਧੀਆ, ਰੱਸੀਆਂ ਦੇ ਗੁੰਦੇ ਹੋਏ – ਵਿਚ ਵਿਚ ਫੁੰਮਣਾਂ ਵਾਲੇ – ਖਾਸ ਕਰ ਇਹ ਪਾਣੀ ਦੇ ਘੜਿਆਂ ਹੇਠ ਹੀ ਵਰਤੇ ਜਾਂਦੇ ਹਨ ਤੇ ਦੂਜੇ ਆਮ ਲੀਰਾਂ ਤੇ ਰੱਸੀਆਂ ਦੇ ਬਣੇ ਹੋਏ ਥੋੜ੍ਹੇ ਵੱਡੇ ਵੀ, ਜੋ ਟੋਕਰਿਆਂ ਹੇਠ ਵਰਤੇ ਜਾਂਦੇ – ਗੋਹੇ ਕੂੜੇ ਵੇਲੇ ਜਾਂ ਆਮ ਵੀ।

ਇੱਧਰ ਪੌੜੀ ਦੀ ਕੰਧ ਵਿਚ ਇਕ ਆਲ਼ਾ ਹੈ ਥੋੜ੍ਹਾ ਵੱਡਾ, ਜਿਸ ਵਿਚ ਇਕ ਥਾਲੀ ਤੇ ਇਕ ਗਿਲਾਸ ਪਿਆ ਰਹਿੰਦਾ ਹੈ। ਇਹ ਇੱਥੇ ਕਾਹਦੇ ਲਈ ਹੈ ਤੇ ਕਿਉਂ ਰੱਖਿਆ ਹੋਇਆ ਹੈ, ਬਹੁਤ ਕੁਝ ਮੈਂ ਨਹੀਂ ਜਾਣਦੀ ਹਾਂ। ਪਰ ਮਾੜਾ ਮਾੜਾ ਯਾਦ ਆਉਂਦਾ ਹੈ, ਕਦੀ ਕਦੀ ਸਾਡੇ ਘਰ ਇਕ 'ਗੂੰਗਾ' ਆਉਂਦਾ ਹੈ – ਗੋਰਾ ਨਿਛੋਹ – ਮੋਟੀਆਂ, ਮੋਟੀਆਂ ਅੱਖਾਂ ਤੇ ਹਸੂੰ ਹਸੂੰ ਕਰਦੇ ਚਿਹਰੇ ਵਾਲਾ। ਮੂੰਹ ਨਾਲੋਂ ਉਹਦੀਆਂ ਅੱਖਾਂ ਵੱਧ ਹੱਸਦੀਆਂ ਲਗਦੀਆਂ ਹਨ। ਉਹਦਾ ਨਾਉਂ ਵੀ 'ਗੂੰਗਾ' ਹੀ ਹੋਵੇਗਾ ਸ਼ਾਇਦ ਜਾਂ ਕੁਝ ਹੋਰ ਪਰ ਸਭ ਉਸ ਨੂੰ ਇਸੇ ਨਾਉਂ ਨਾਲ ਬੁਲਾਉਂਦੇ ਹਨ। ਉਮਰ ਵੀ ਬਹੁਤੀ ਨਹੀਂ ਹੈ। ਇਹੋ ਪੱਚੀ ਤੀਹ ਸਾਲਾਂ ਦਾ – ਮਾਮੇ ਜੀ ਹੋਰਾਂ ਵਰਗਾ ਹੀ ਲਗਦਾ ਹੈ। ਜਦ ਉਹ ਗੱਲ ਕਰਦਾ ਹੈ ਬਹੁਤੀ ਸਮਝ ਵਿਚ ਨਹੀਂ ਆਉਂਦੀ ਹੈ। ਇੰਜ ਲਗਦਾ ਹੈ ਬਹੁਤੀਆਂ ਗੱਲਾਂ ਤਾਂ ਉਹ ਅੱਖਾਂ ਨਾਲ ਹੀ ਕਰਕੇ ਸਮਝਾਉਣ ਦੀ ਕੋਸ਼ਿਸ਼ ਕਰਦਾ ਹੈ, ਹੱਸ ਹੱਸ ਕੇ – ਤੇ ਮਾਮੀ ਹੋਣੀ ਉਹਦੀ ਗੱਲ ਸਮਝਣ ਦੀ ਕੋਸ਼ਿਸ਼ ਕਰਦੀਆਂ ਹਨ – ਨਾਲ ਨਾਲ ਅੰਤਾਂ ਦਾ ਹੱਸਦੀਆਂ ਵੀ ਹਨ, ਖਾਸ ਕਰ ਪ੍ਰੇਮ ਕੁਰ ਮਾਮੀ – ਨਾਲ – ਨਾਲ ਹੱਸੀ ਜਾਂਦੀ ਹੈ ਨਾਲੇ 'ਕੋਹੜੀ-ਨਮਾਣਾ' ਕਹਿੰਦੀ ਕਹਿੰਦੀ ਉਹਨੂੰ ਰੋਟੀ ਪਾ ਕੇ ਦਿੰਦੀ ਹੈ ਖਾਣ ਲਈ – ਇਨ੍ਹਾਂ ਭਾਂਡਿਆਂ ਵਿਚ। ਫੇਰ ਉਹ ਹਸੂੰ ਹਸੂੰ ਕਰਦਾ ਆਸੇ ਪਾਸੇ ਝਾਕਦਾ ਰਹਿੰਦਾ ਹੈ ਨਾਲੇ ਖਾਂਦਾ ਰਹਿੰਦਾ ਹੈ ਤੇ ਮੁੜ ਭਾਂਡੇ ਮਾਂਜ ਸੁਆਰ ਕੇ ਉੱਥੇ ਹੀ ਰੱਖ ਦਿੰਦਾ ਹੈ – ਉਸੇ ਆਲੇ ਵਿਚ – ਕੰਧ ਨਾਲ ਥਾਲੀ ਖੜ੍ਹੀ ਕਰ ਗਲਾਸ ਮੂਧਾ ਮਾਰ ਕੇ – ਬੱਸ ਮੈਂ ਤਾਂ ਐਨਾ ਕੁ ਹੀ ਜਾਣਦੀ ਹਾਂ।

ਐਧਰ ਡੰਗਰਾਂ ਵਾਲੇ ਪਾਸੇ ਕੰਧ ਨਾਲ ਸ਼ਹਿਤੂਤ ਹੇਠਾਂ ਇਕ ਹਾਰਾ ਪਿਆ ਹੈ – ਦੁੱਧ ਕਾੜ੍ਹਨੀ ਸਣੇ – ਜੀਹਦਾ ਢੱਕਣ ਮੋਰੀਆਂ ਵਾਲਾ ਹੈ ਤੇ ਆਲੇ ਵਿਚ ਪਈਆਂ ਹਨ ਕੁਝ ਸਿੱਪੀਆਂ – ਦੁੱਧ ਚਿੱਟੀਆਂ – ਲੋਹੇ ਦੀਆਂ ਵੀ ਤੇ ਅਸਲੀ ਸਿੱਪ ਦੀ ਵੀ।

ਇਹ ਕੋਨਾ 'ਧੁਆਂਖ' ਨਾਲ ਭਰਿਆ ਪਿਆ ਹੈ – ਹੇਠਾਂ ਨੂੰ ਲਮਕਦੀ ਚਮਕਦੀ ਧੁਆਂਖ – ਜਿਵੇਂ ਕਿਸੇ ਕਲਾਕਾਰ ਨੇ ਆਪਣੀ ਕਲਾ ਦਾ ਜੌਹਰ ਦਿਖਾਇਆ ਹੋਵੇ। ਇੱਥੇ ਹਾਰੇ ਦੇ ਨਾਲ ਇਕ ਪਾਥੀਆਂ ਦਾ ਢੇਰ ਲੱਗਾ ਹੋਇਆ ਹੈ। ਦਿਨ ਭਰ ਹਾਰੇ ਵਿਚੋਂ ਨਿਕਲਦਾ ਨਿੱਕਾ ਨਿੱਕਾ ਧੂੰਆਂ ਨਿਰੰਤਰ ਅੰਬਰ ਨੂੰ ਛੂੰਹਦਾ ਘਰ ਵਿਚ ਸਾਰੇ ਜੀਆਂ ਦੀ ਹਾਜ਼ਰੀ ਲਾ ਰਿਹਾ ਹੁੰਦਾ ਹੈ – ਉਦੋਂ ਵੀ ਜਦੋਂ ਸਭ ਖੇਤਾਂ ਵਿਚ ਜਾਂ ਅੰਦਰ ਬਾਹਰ ਕੰਮਾਂ ਕਾਰਾਂ 'ਤੇ ਗਏ ਹੁੰਦੇ ਹਨ। ਜੀਊਣ ਦੇ ਪਲਾਂ ਦਾ ਜ਼ਿੰਦਗੀ ਦਾ ਅਹਿਸਾਸ ਕਰਾ ਰਿਹਾ ਹੁੰਦਾ ਹੈ।

ਚਲੋ ਹੁਣ ਕੋਠੇ 'ਤੇ ਚਲਦੇ ਹਾਂ ਐਧਰ – ਪੱਕੀ ਪੌੜੀ ਥਾਣੀ – ਪੌੜੀ ਦੇ ਨਾਲ ਐਧਰ ਖੇਤ ਹਨ – ਦੂਰ ਦੂਰ ਤੱਕ – ਪਰਾਂ ਦੂਜੇ ਘਰਾਂ ਦੇ ਵਾੜੇ ਵਾੜਿਆਂ ਨਾਲ ਇਕ ਗੋਹਰ ਹੈ ਜੋ ਨਹਿਰ ਵੱਲ ਨੂੰ ਜਾਂਦੀ ਹੈ – ਗੋਹਰ ਦੇ ਆਸੇ ਪਾਸੇ ਢੇਰ ਤੇ ਢੇਰਾਂ ਨਾਲ ਗੁਹਾਰੇ ਹਨ, ਜਿੱਧਰ ਸਾਡੇ ਇਧਰਲੇ ਘਰਾਂ ਦੀਆਂ ਤੀਵੀਆਂ ਸਵੇਰੇ ਸਵੇਰੇ ਨਾਲੇ ਢੇਰਾਂ 'ਤੇ ਕੂੜਾ ਸੁੱਟ ਕੇ ਆਉਂਦੀਆਂ ਹਨ, ਨਾਲੇ ਉੱਧਰ ਨਹਿਰ ਵਾਲੇ ਪਾਸੇ ਪਾਥੀਆਂ ਪੱਥ ਕੇ – ਪਾਥੀਆਂ ਵੀ ਤਾਂ ਨਿਆਣਿਆਂ ਦੇ ਘਰ ਬਣਾਉਣ ਵਾਂਗ ਆਪਣੇ ਆਪਣੇ ਜਿਵੇਂ



ਸ. ਕਰਤਾਰ ਸਿੰਘ, ਸ. ਪਿਆਰਾ ਸਿੰਘ, ਹਰਬੰਸ ਕੌਰ, ਸ. ਰਤਨ ਸਿੰਘ, ਸਿੰਦਰ ਮੋਹਣ ਰਾਜਿੰਦਰ (ਆਪਣੇ ਘਰ) 24-11-1946, ਲਾਹੌਰ

ਘਰ ਹੀ ਬਣਾਏ ਹੋਏ ਹੋਣ ਸਾਰਿਆਂ ਦੇ – ਪਾਥੀਆਂ ਚਿਣ ਚਿਣ ਕੰਧਾਂ ਬਣਾ ਬਣਾ ਤੇ ਵਿਚ ਵਿਚ ਗੁਹਾਰੇ ਜਿਨ੍ਹਾਂ ਵਿਚ ਮੀਂਹ ਕਣੀ ਜੋਗੀਆਂ ਪਾਥੀਆਂ ਸੁਕਾ-ਸੁਕਾ ਸਾਂਭੀਆਂ ਹੋਈਆਂ ਹੁੰਦੀਆਂ ਹਨ – ਗਰਮੀਆਂ ਵਿਚ ਤਾਂ ਇਨ੍ਹਾਂ ਗੁਹਾਰਿਆਂ 'ਤੇ 'ਰਾਮ ਤੋਰੀ' ਘੀਏ ਦੀਆਂ ਵੇਲਾਂ ਪੀਲੇ ਪੀਲੇ ਤੇ ਚਿੱਟੇ ਚਿੱਟੇ ਫੁੱਲਾਂ ਲੱਦੀਆਂ – ਨਿਰੋਲ ਘਰ ਦੀ ਲੋੜ ਦੀਆਂ ਤੇ ਸਹੁਜ ਦੀਆਂ ਪ੍ਰਤੀਕ ਬਣੀਆਂ ਖੜੀਆਂ ਚੜ੍ਹੀਆਂ ਲਗਦੀਆਂ ਹਨ।



ਉਪਰ ਪਿਛਲੀਆਂ ਦੋਨਾਂ ਕੋਠੜੀਆਂ 'ਤੇ ਦੋ ਚੁਬਾਰੇ ਹਨ – ਅੱਗੇ ਇਕ ਵੱਡਾ ਸਾਂਝਾ ਵਰਾਂਡਾ।

ਸੱਜੇ ਹੱਥ ਵਾਲਾ ਚੁਬਾਰਾ 'ਬਾਈ' (ਨਾਨਾ ਜੀ) ਦਾ ਹੈ – ਇਕ ਵੱਡੇ ਤਖਤਪੋਸ਼ 'ਤੇ 'ਮਹਾਰਾਜ' ਦਾ ਪ੍ਰਕਾਸ਼ ਹੈ, ਨਾਲ ਇਕ ਪਾਸੇ ਦਿਬ ਦੀ ਚਟਾਈ ਵਿਛੀ ਹੋਈ ਹੈ –

ਆਲੇ ਵਿਚ ਦੀਵਾ ਪਿਆ ਹੈ – ਤੇ ਐਧਰ ਅਲਮਾਰੀ ਵਿਚ ਕੁਝ ਰੁਮਾਲੇ ਰੁਮਾਲਿਆਂ ਵਿਚ ਕੁਝ ਹੋਰ ਗ੍ਰੰਥ – ਇਹ ਕਾਹਦੇ ਕਾਹਦੇ ਹਨ ਮੈਂ ਨਹੀਂ ਜਾਣਦੀ ਪਰ ਉਂਜ ਚਾਰੇ ਵੇਦਾਂ ਦੇ ਨਾਂ (ਰਿਗ ਵੇਦ, ਸ਼ਾਮ ਵੇਦ, ਯਜੁਰ ਵੇਦ ਤੇ ਅਥਰਵ ਵੇਦ) ਮੈਨੂੰ ਬਹੁਤ ਨਿੱਕੀ ਹੁੰਦੀ ਨੂੰ ਬਾਈ ਨੇ ਹੀ ਸਿਖਾਏ ਸਨ।

ਸਾਹਮਣੇ ਕਿੱਲੇ 'ਤੇ ਮੋਰਾਂ ਦੇ ਫੰਗਾਂ (ਖੰਭ) ਦੀ ਇਕ ਚੌਰ ਪਈ ਹੈ ਤੇ ਇਕ ਲੱਕੜੀ ਦੀ ਹੱਥੀ ਵਾਲੀ ਦੁੱਧ ਚਿੱਟੀ ਬੀੜ ਸਾਹਿਬ ਕੋਲ 'ਮੰਜੀ' 'ਤੇ ਪਈ ਹੈ।

ਐਧਰ ਪਾਸੇ ਵਾਲੀ ਕੰਧ 'ਤੇ ਮੇਰੀ ਹੱਥ ਦੀ ਬਣਾਈ ਇਕ ਗੱਤੇ 'ਤੇ 'ਕਾਰਬਨ' ਕੀਤੀ ਗੁਰੂ ਤੇਗ ਬਹਾਦਰ ਜੀ ਦੀ ਤਸਵੀਰ ਲਮਕ ਰਹੀ ਹੈ ਜੋ ਮੈਂ ਕਿਸੀ ਤਸਵੀਰ ਤੋਂ ਉਤਾਰ ਕੇ ਬਣਾਈ ਹੈ ਜੀਹਨੂੰ ਦੇਖ ਕੇ ਬਾਈ ਅੰਤਾਂ ਦਾ ਖੁਸ਼ ਹੁੰਦਾ ਹੈ ਤੇ ਇਹ ਦੇਖ ਕੇ ਹੀ ਤਾਂ ਬਾਈ ਨੇ ਮੈਨੂੰ ਇਹ ਵੀ ਦੱਸਿਆ ਸੀ ਕਿ ਅਰਦਾਸ ਵਿਚ ਹੋਰ ਗੁਰੂ ਸਾਹਿਬਾਨਾਂ ਦੇ ਨਾਵਾਂ ਨਾਲ ਸ੍ਰੀ ਗੁਰੂ ਸ਼ਬਦ ਵਰਤੇ ਜਾਂਦੇ ਹਨ ਪਰ ਗੁਰੂ ਤੇਗ ਬਹਾਦਰ ਜੀ ਲਈ 'ਤੇਗ ਬਹਾਦਰ ਸਿਮਰੀਏ ਹੀ ਕਿਹਾ ਜਾਂਦਾ ਹੈ – ਕਿਉਂ ਇਹ ਜ਼ਰੂਰ ਉਦੋਂ ਮੈਨੂੰ ਉਨ੍ਹਾਂ ਨੇ ਸਮਝਾਇਆ ਵੀ ਹੋਵੇਗਾ ਪਰ ਉਦੋਂ ਸ਼ਾਇਦ ਮੈਂ ਇਹ ਸਭ ਕੁਝ ਸਮਝਣ ਜਾਂ ਜਾਨਣ ਦੇ ਅਸਮਰਥ ਹੋਵਾਂਗੀ ਜਿਹਾ ਮੈਂ ਸੋਚਦੀ ਹਾਂ।

ਐ ਦੇਖੋ ਇਧਰ ਬਾਹਰ ਕਿੱਲੇ ਨਾਲ ਇਕ ਕਾਂਸੀ ਦਾ ਵੱਡਾ ਘੜਿਆਲ ਲਮਕ ਰਿਹਾ ਹੈ ਜੋ ਵਜਾਉਣਾ ਵੀ ਕੀਹਨੇ ਹੁੰਦਾ ਹੈ – ਉਹ ਵੀ ਤਾਂ ਸਾਰੇ ਮੈਨੂੰ ਹੀ ਕਹਿੰਦੇ ਹਨ 'ਜਾਹ ਮੁੰਨੀ ਘੰਟੀ ਕਰ ਆ-ਰਹਿਰਾਸ ਦਾ ਜੁੰਨ ਹੋ ਗਿਆ' ਤੇ ਮੈਂ ਚਾਂਈ ਚਾਂਈ ਜਾਂਦੀ ਹਾਂ ਜਿਵੇਂ ਸਾਰੇ ਸੁੱਤਿਆਂ ਨੂੰ ਜਗਾਉਣਾ ਹੋਵੇ – ਜਾਂ ਉਨ੍ਹਾਂ ਦੇ ਕਿਸੇ ਪੱਖ ਨੂੰ ਸੁਚੇਤ ਕਰਨਾ ਹੋਵੇ। ਪਰ ਮੇਰੇ ਲਈ ਇਹ ਵੀ ਇਕ ਮਨੋਰੰਜਨ ਦੇ ਸਾਧਨ ਤੋਂ ਬਿਨਾਂ ਕੁਝ ਵੀ ਨਹੀਂ ਹੈ – ਉਂਜ ਜਦੋਂ ਵੀ ਪਿੰਡ ਵਿਚ ਕਿਸੇ ਦੇ ਘਰ 'ਬੀੜ ਸਾਹਿਬ' ਨੂੰ ਲਿਜਾਣਾ ਹੁੰਦਾ ਹੈ ਤਾਂ ਵੀ ਤਾਂ ਮੂਹਰੇ ਮੂਹਰੇ ਇਹੋ ਘੰਟੀ ਵਜਾਈ ਜਾਂਦੀ ਹੈ – ਲਕੜੀ ਦੀ ਨਿੱਕੀ ਜਿਹੀ ਹਥੌੜੀ ਨਾਲ – ਅੱਗੇ ਅੱਗੇ ਪਾਣੀ ਦਾ ਛਿੜਕਾਓ, ਪਿੱਛੇ ਪਿੱਛੇ ਟਨ – ਟਨ... 'ਸਾਵਧਾਨ – ਸਾਵਧਾਨ'।

ਚੁਬਾਰੇ ਦੇ ਖੱਬੇ ਹੱਥ ਇਕ ਹੋਰ ਚੁਬਾਰਾ ਹੈ ਜਾਂ ਨਾਲ ਲਗਦਾ ਦੂਜਾ ਕਮਰਾ ਕਹਿ ਲਓ – ਇਸ ਕਮਰੇ ਵਿਚ ਇਕ ਕੁਰਸੀ – ਮੇਜ਼ ਇਕ ਮੰਜਾ ਪਿਆ ਹੈ – ਸਾਫ਼ ਸੁਥਰੀ ਦਰੀ ਚਾਦਰ ਤੇ ਕਢਾਈ ਵਾਲੇ ਸਿਰਾਣੇ ਸਮੇਤ – ਇਹ ਕਮਰਾ 'ਆਏ-ਗਏ' ਲਈ ਹੈ।

ਬਾਹਰ ਵਰਾਂਡੇ ਵਿਚ ਨਿੱਕੇ ਵੱਡੇ ਦੋ-ਤਿੰਨ ਮੰਜੇ ਮੰਜੀਆਂ ਪਏ ਹਨ। ਬਾਈ ਦੇ ਸੂਤ ਦੇ ਮੰਜੇ ਸਣੇ – ਇੱਧਰ ਹੀ ਨੁਕਰ ਵਿਚ ਦੋ ਚਾਟੀਆਂ ਪਈਆਂ ਹਨ – ਇਕ ਵਿਚ ਅੰਬ ਦਾ ਅਚਾਰ ਹੈ ਇਕ ਵਿਚ ਗਲਗਲ, ਅਦਰਕ, ਮਿਰਚਾਂ ਦਾ – ਜੋ ਮਾਮੀ ਜੀ ਹੋਣੀ ਆਪ ਹੀ ਪਾ ਲੈਂਦੀਆਂ ਹਨ ਘਰੇ।

ਪਰਾਂ ਔਹ ਰਸੋਈ ਵਾਲੀ ਛੱਤ ਦੇ ਇਕ ਲੋਹੇ ਦਾ ਟੁੱਟਿਆ ਹੋਇਆ ਟਰੰਕ ਪਿਆ ਹੈ ਬਿਨਾਂ ਢੱਕਣ ਦੇ – ਜੀਹਦੇ ਵਿਚ ਧਣੀਆ, ਪੁਦੀਨਾ ਤੇ ਭੂਕਾਂ ਵਾਲੇ ਪਿਆਜ਼ ਲੱਗੇ ਹੋਏ ਹਨ – ਉੜਦੇ ਥੁੜਦੇ ਨੂੰ – ਤੁੜਕੇ ਵਿਚ ਪਾਉਣ ਲਈ ਜਾਂ ਚਟਣੀ ਲਈ –ਐਧਰ ਇਹ ਟੁੱਟੇ ਹੋਏ ਚਾਟੀ ਦੇ ਥਲੇ ਵਿਚ ਮਿੱਟੀ ਪਾ – ਘੀ ਕੁਆਰ (ਕੁਆਰ ਗੰਧਲ) ਵੀ ਲਾ ਰੱਖੀ ਹੈ ਘਰ ਵਿਚ ਵਰਤੀ ਜਾਣ ਵਾਲੀ ਇਕ ਦੇਸੀ-ਦਵਾਈ।

ਅਜੇਹੀ ਹਰਿਆਲੀ – ਦੂਰ ਦੁਰਾਡੇ ਹੋਰ ਘਰਾਂ ਦੀਆਂ ਛੱਤਾਂ 'ਤੇ ਵੀ ਦੇਖਣ ਨੂੰ ਮਿਲਦੀ ਹੈ ਉਂਜ ਇਨ੍ਹਾਂ ਸਭਨਾ ਵਿਚ ਕਮੰਡਲ ਲੈ, ਪਾਣੀ ਪਾਉਣ ਦੀ ਜ਼ਿੰਮੇਵਾਰੀ ਵੀ ਮੇਰੀ ਹੀ ਹੈ ਤੇ ਸ਼ੌਕ ਵੀ।

ਐਧਰ ਕੋਠਿਆਂ 'ਤੇ ਇਹ ਮੋਘੇ ਢਕਣ ਦਾ ਸਮਾਨ ਪਿਆ ਹੈ (ਘੜੇ ਝੱਕਰੇ-ਪੁਰਾਣੇ) ਹੋਰ ਕੁਝ ਖਾਸ ਨਹੀਂ – ਪਰਲੇ ਕੋਠੇ 'ਤੇ ਤੂਤ ਦੀਆਂ ਕੁਝ ਛਿਟੀਆਂ ਵੀ ਪਈਆਂ ਹਨ।

ਉਂਜ ਗਰਮੀਆਂ ਵਿਚ ਰਾਤਾਂ ਨੂੰ ਕੋਠਿਆਂ ਦੀ ਰੌਣਕ ਤਾਂ ਦੇਖਿਆਂ ਹੀ ਬਣਦੀ ਹੈ ਆਪਣੇ ਆਪਣੇ ਕੋਠਿਆਂ 'ਤੇ ਮੰਜੀਆਂ ਡਾਹੀ ਖਾਂਦੇ ਪੀਂਦੇ ਪੱਖੀਆਂ ਝਲਦੇ – ਰੌਲਾ ਰੱਪਾ ਪਾਉਂਦੇ – ਵੱਡੇ ਛੋਟੇ ਤੇ ਨਿਆਣੇ ਵੀ।

ਉਂਜ ਕਦੇ ਕਦੇ ਸਾਥੋਂ ਇਕ ਘਰ ਛੱਡ ਕੇ – ਜਿੱਥੇ ਬਾਬੂ ਸਿੰਘ ਰਹਿੰਦਾ ਹੈ – ਬੀਜੀ ਦਾ ਚਾਚਾ – ਰਾਤ ਨੂੰ ਸੁੱਤੇ ਪਏ ਪਏ – ਪਤਾ ਨਹੀਂ ਕਿਹੜੇ ਜੱਗ ਜਹਾਨ ਦੀਆਂ ਕਥਾ ਕਹਾਣੀਆ ਕਰਦਾ ਰਹਿੰਦਾ ਹੈ – ਸਾਧੂ ਸੰਤਾਂ ਦੇ ਬਚਨ – ਬਿਲਾਸ – ਫੇਰ ਉਸ ਦੇ ਆਸੇ ਪਾਸੇ ਲੱਗ ਜਾਂਦਾ ਸੁਣਨ ਵਾਲਿਆਂ ਦਾ ਤੰਤਾਂ – ਹਰ ਦੂਜੇ ਚੌਥੇ ਦਿਨ ਇਵੇਂ ਹੁੰਦਾ – ਪਰ ਕਹਿਣ ਵਾਲੇ ਕਹਿੰਦੇ – ਸਵੇਰੇ ਉੱਠ ਕੇ ਪੁੱਛੋ ਉਹੋ ਗੱਲਾਂ – ਤਾਂ ਉਹ ਮੁੱਕਰ ਜਾਂਦਾ – ਕਿ ਉਹ ਤਾਂ ਕੁਝ ਵੀ ਨਹੀਂ ਜਾਣਦਾ – ਇੰਜ ਹੀ ਇਕ ਦਿਨ ਅੰਮ੍ਰਿਤਸਰ ਗਿਆ – ਰਾਤ ਨੂੰ ਪ੍ਰਕਰਮਾ ਵਿਚ ਸੁੱਤਾ ਪਿਆ ਵੀ ਇਸੇ ਤਰ੍ਹਾਂ ਕਰਨ ਲੱਗ ਪਿਆ ਗੋਸ਼ਟੀਆਂ, ਸਵੇਰੇ ਸਭ ਨੇ ਬੇਨਤੀਆਂ ਕੀਤੀਆਂ – ਤਾਂ ਆਖੇ – ਮੈਂ ਨਹੀਂ ਜਾਣਦਾ – ਮੈਂ ਕੁਝ ਨਹੀਂ ਕਰਦਾ – ਮੈਨੂੰ ਨਹੀਂ ਪਤਾ – ਮੁੱਕਰ ਗਿਆ – ਪਰ ਅੱਜ ਵੀ ਕਹਿੰਦੇ ਹਨ ਲੋਕ – ਉਹ ਮਰਦੇ ਦਮ ਤੱਕ ਇਸ ਕ੍ਰਿਆ ਵਿਚ ਲੀਨ ਰਹਿੰਦਾ ਰਿਹਾ ਹੈ।

ਪਰ ਮੈਂ ਤਾਂ ਡਰਦੇ ਮਾਰੇ ਕਦੇ ਵੀ ਸੁਣਨ ਨਹੀਂ ਸਾਂ ਜਾਂਦੀ – ਇਸ ਅਣਹੋਣੀ ਜਿਹੀ ਘਟਨਾ ਤੋਂ ਸਦਾ ਮੈਨੂੰ ਡਰ ਲਗਦਾ ਰਹਿੰਦਾ।

ਉਂਜ ਕੋਠੀਓਂ-ਕੋਠੀ ਤਾਂ ਅੱਧਾ-ਪਿੰਡ ਘੁੰਮਿਆ ਜਾ ਸਕਦਾ ਹੈ – ਖਾਸ ਕਰ ਵਿਆਹਾਂ ਵੇਲੇ – ਜਦ ਕੁੜੀਆਂ ਚਿੜੀਆਂ – ਗਲੀਆਂ ਨਾਲ ਲਗਦੇ ਕੋਠਿਆਂ 'ਤੇ ਚੜ੍ਹ ਚੜ੍ਹ – ਜਿੱਧਰ ਜਿੱਧਰ ਨੂੰ ਜੰਨ ਜਾਂਦੀ-ਆਉਂਦੀ-ਦਗੜ ਦਗੜ ਨੱਠਦੀਆਂ – ਹੁੱਲੜ ਮਚਾਉਂਦੀਆਂ – ਦੇਖਦੀਆਂ ਗਾਉਂਦੀਆਂ – ਨਹੀਂ ਥੱਕਦੀਆਂ ਹਨ, ਭਾਵੇਂ ਵਿਆਹ ਪਿੰਡ ਵਿਚ ਕਿਸੇ ਦਾ ਵੀ ਹੋਵੇ – ਫੇਰ ਭਾਵੇਂ – ਕਿਸੇ ਮਾੜੇ ਕੋਠੇ ਦੀ ਮਾੜੀ ਛੱਤ ਦਾ ਕੋਈ ਮਾੜਾ ਬਾਲਾ ਟੁੱਟ ਕੇ ਹੇਠਾਂ ਹੀ ਕਿਉਂ ਨਾ ਜਾ ਪਏ – ਉਨ੍ਹਾਂ ਨੂੰ ਕੀ – ਇਹ ਤਾਂ ਦਿਨ ਹੀ ਅਜੇਹੇ ਹੁੰਦੇ ਹਨ – ਅਲਗਰਜ਼ – ਬੇਪਰਵਾਹ, ਮਨ ਦੀ ਮੌਜ ਕਰਨ ਦੇ – ਕਿਹੜੀ ਕਿਸੇ ਟੁੰਡੀ-ਲਾਟ ਦੀ ਪ੍ਰਵਾਹ ਹੁੰਦੀ ਹੈ, ਕਿਸੇ ਨੂੰ।

**(ਬਾਕੀ ਅਗਲੇ ਅੰਕ 'ਚ)**



ਚੰਨੋ ਮਾਸੀ ਬੀਜੀ - ਨਾਨਕਾ-ਘਰ, ਸ਼ਿਮਲੇ ਜਾਣ ਤੋਂ ਪਹਿਲਾਂ

# Sir Speedy Tustin
*Printers to the Community*

## Outdoor 3'x11' Promo Flag
SUBWAY eat fresh. · OPEN 24 HOURS 7 ELEVEN · DRY CLEANER · LIQUOR · PIZZA

**Only $29/-**

Pole & Spike $55/-

## Outdoor 3'x6' Durable Banner
GURU NANAK SIKH TEMPLE FAIRFIELD Visit Our Website: www.FairfieldGurudwara.com

All weather, durable to sunlight, rain and wear & tear. Text only.

**Only $69/-**

## Receipt Books
ਬਾਲਟੀਮੋਰ ਸਿੱਖ ਸੁਸਾਇਟੀ Baltimore Sikh Society Inc. № 1001

Customized with your information and design. 2 part carbonless with numbering and perforation.

**Call for Price**

## Retractable 33"x 80" Banner
Love · Cartier

Includes stand and carry bag. Hi-res imaging, durable and Brilliant colors!

**Only $225/-**

## All Weather 18"x24" Yard Signs
7 ELEVEN OPEN 24 HOURS · OPEN HOUSE! Welcome Century 21 Call Toll Free: 855 360-HOME

Includes H-stakes. Single sided, durable to sunlight and rain. Reusable!

**$49/- for 4**

## 11" Printed Balloons
ਲੱਖ ਲੱਖ ਵਧਾਈ

Printed with your logo and info. One color, one location. Min. qty 1000

**19¢ each**

## Your Printed T-Shirts
YOUR LOGO OR MESSAGE PRINTED HERE

White T-Shirts, 1 color screen printing in 1 position. Min Qty. 100

**Only $4.99**

## Your Printed Caps
YOUR LOGO HERE

1 color in 1 position. Min Qty. 100

**Only $4.99**

## Trip Envelopes Qty 1000
DAILY TRIP ENVELOPE

**Only $199/-**

**What we can do for you today?**

- Printing & Copying
- Creative Services
- Mailing Services
- Mailing List Aquisition
- Signs Posters & Banners
- Promotional Producst
- Website design and development

1045 East Main Street, Tustin, CA 92780

**Call 562-881-7430**

Fax: 714-731-8931

E-mail: sirspeedy_tustin@yahoo.com

www.sirspeedy.com/tustin

Jagjit Singh Bains

**CUSTOMIZED SWEET BOXES**

Thank You

*South Asian Wedding Cards*

CALL NOW

# ਫੱਸ ਗਏ ਟਰੰਪ : ਹੁਣ ਰਾਬਰਟ ਮਿਊਲਰ ਕਰਨਗੇ ਟਰੰਪ-ਰੂਸ ਰਿਸ਼ਤਿਆਂ ਦੀ ਜਾਂਚ

## ਐਫ.ਬੀ.ਆਈ. ਦੇ ਸਾਬਕਾ ਡਾਇਰੈਕਟਰ ਹਨ ਮਿਊਲਰ, ਬੁਸ਼ ਨੇ ਕੀਤਾ ਸੀ ਨਿਯੁਕਤ

**ਵਾਸ਼ਿੰਗਟਨ/ਬਿਊਰੋ ਨਿਊਜ਼ :** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਰੂਸ ਨਾਲ ਉਨ੍ਹਾਂ ਰਿਸ਼ਤਿਆਂ ਦੀ ਜਾਂਚ ਕਰ ਰਹੇ ਜੇਮਸ ਕੋਮੀ ਨੂੰ ਹਟਾ ਦਿੱਤਾ ਸੀ। ਪਰ ਹੁਣ ਇਸ ਮਾਮਲੇ ਦੀ ਜਾਂਚ ਕਰਨ ਲਈ ਐਫ.ਬੀ.ਆਈ. ਦੇ ਸਾਬਕਾ ਡਾਇਰੈਕਟਰ ਰਾਬਰਟ ਮਿਊਲਰ ਨੂੰ ਨਿਯੁਕਤ ਕੀਤਾ ਗਿਆ ਹੈ। ਇਹ ਨਿਯੁਕਤੀ ਡਿਪਟੀ ਅਟਾਰਨੀ ਜਨਰਲ ਰੋਡ ਰੋਸੈਂਸਟੀਨ ਨੇ ਕੀਤੀ ਹੈ। ਮਿਊਲਰ 72 ਸਾਲ ਦੇ ਹਨ ਅਤੇ ਜੋਰਜ ਡਬਲਿਊ ਬੁਸ਼ ਅਤੇ ਬਰਾਕ ਉਬਾਮਾ ਦੇ ਰਾਸ਼ਟਰਪਤੀ ਸ਼ਾਸਨ 'ਚ 2001 ਤੋਂ 2013 ਤੱਕ ਐਫ.ਬੀ.ਆਈ. ਦੇ ਨਿਦਰੇਸ਼ਕ ਸਨ। ਰੋਸੈਂਸਟੀਨ ਨੇ ਵੀਰਵਾਰ ਨੂੰ ਕਿਹਾ ਕਿ ਉਨ੍ਹਾਂ ਨੇ ਇਹ ਫੈਸਲਾ 2016 ਦੇ ਰਾਸ਼ਟਰਪਤੀ ਚੋਣ ਸਮੇਂ ਰੂਸੀ ਸਰਕਾਰ ਦੇ ਦਖਲ ਦੀਆਂ ਕੋਸ਼ਿਸ਼ਾਂ ਦੀ ਡੂੰਘਾਈ ਨਾਲ ਜਾਂਚ ਲਈ ਕੀਤਾ ਗਿਆ ਹੈ। ਇਸ 'ਚ ਉਸ ਦੌਰਾਨ ਰੂਸੀ ਸਰਕਾਰ ਅਤੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਚੋਣ ਮੁਹਿੰਮ 'ਚ ਸ਼ਾਮਲ ਕਿਸੇ ਵੀ ਵਿਅਕਤੀ ਦੇ ਸੰਪਰਕਾਂ ਦੀ ਜਾਂਚ ਵੀ ਸ਼ਾਮਲ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ 'ਚ ਸਪੈਸ਼ਲ ਕੌਂਸਲ ਜ਼ਰੂਰੀ ਹੈ, ਤਾਂ ਕਿ ਅਮਰੀਕੀ ਲੋਕਾਂ ਦਾ ਭਰੋਸਾ ਨਿਆਂ ਪ੍ਰੀਕਿਰਿਆ 'ਤੇ ਬਣਿਆ ਰਹੇ। ਮਿਊਲਰ, ਕੂਮੀ ਤੋਂ ਪਹਿਲਾਂ ਐਫ.ਬੀ.ਆਈ. ਦੇ ਨਿਦੇਸ਼ਕ ਸਨ। ਏ.ਬੀ.ਸੀ. ਨਿਊਜ਼ ਨੇ ਦੱਸਿਆ ਸੀ ਕਿ ਟਰੰਪ ਨੇ ਕੋਮੀ ਨੂੰ ਫਰਵਰੀ 'ਚ ਕਿਹਾ ਸੀ ਕਿ ਉਹ ਰਾਸ਼ਟਰੀ ਸੁੱਰਖਿਆ ਸਲਾਕਹਾਰ ਮਾਈਕਲ ਫਲਿਨ ਦੇ ਵਿਰੁੱਧ ਰੂਸੀ ਸੰਪਰਕਾਂ ਦੀ ਜਾਂਚ ਰੋਕ ਦੇਣ, ਪਰ ਕੋਮੀ ਨਹੀਂ ਮੰਨੇ। ਫਲਿਨ ਨੂੰ ਅਹੁਦਾ ਛੱਡਣਾ ਪਿਆ। ਬਾਅਦ 'ਚ ਟਰੰਪ ਨੇ ਕੂਮੀ ਨੂੰ ਬਰਖ਼ਾਸਤ ਕਰ ਦਿੱਤਾ।



*ਮੈਂ ਚਾਹੁੰਦਾ ਹਾਂ ਕਿ ਪੂਰੇ ਮਾਮਲੇ ਦੀ ਜਾਂਚ ਹੋਵੇ, ਕਿਉਂਕਿ ਜਿੰਨੀ ਮਰਜ਼ੀ ਜਾਂਚ ਕਰਵਾ ਲਓ, ਨਤੀਜਾ ਉਹੀ ਸਾਹਮਣੇ ਆਵੇਗਾ ਜੋ ਸਾਰੇ ਜਾਣਦੇ ਹਨ ਕਿ ਮੇਰੀ ਚੋਣ ਮੁਹਿੰਮ 'ਚ ਕੋਈ ਵਿਅਕਤੀ ਰੂਸੀ ਸਰਕਾਰ ਦੇ ਸੰਪਰਕ 'ਚ ਨਹੀਂ ਸੀ।*
***ਡੋਨਲਡ ਟਰੰਪ, ਰਾਸ਼ਟਰਪਤੀ ਅਮਰੀਕਾ***

### 2004 'ਚ ਕੋਮੀ ਅਤੇ ਮਿਊਲਰ ਨੇ ਬੁਸ਼ ਨੂੰ ਰੋਕਿਆ ਸੀ :

ਉਸ ਸਮੇਂ ਮਿਊਲਰ ਐਫ.ਬੀ.ਆਈ. ਦੇ ਨਿਦੇਸ਼ਕ ਸਨ ਅਤੇ ਕੋਮੀ ਡਿਪਟੀ ਅਟਾਰਨੀ ਜਨਰਲ। ਰਾਸ਼ਟਰਪਤੀ ਬੁਸ਼ ਚਾਹੁੰਦੇ ਸਨ ਕਿ ਗੁਪਤ ਤਰੀਕੇ ਨਾਲ ਸਰਕਾਰੀ ਨਿਗਰਾਨੀ ਪ੍ਰੋਗਰਾਮ ਨੂੰ ਫਿਰ ਤੋਂ ਲਾਗੂ ਕਰ ਦਿੱਤਾ ਜਾਵੇ। ਦੋਨਾਂ ਨੇ ਮਿਲ ਕੇ ਉਸ ਕੋਸ਼ਿਸ਼ ਨੂੰ ਰੋਕ ਦਿੱਤਾ। ਉਨ੍ਹਾਂ ਦੇ ਨਾਂ ਅਤੇ ਅਸਤੀਫੇ ਦੇਣ ਦੀ ਧਮਕੀ ਨੇ ਉਸ ਸਮੇਂ ਐਫ.ਬੀ.ਆਈ. ਅਤੇ ਨਿਆਂ ਵਿਭਾਗ ਨੂੰ ਹੋਰ ਮਜ਼ਬੂਤੀ ਦਿੱਤੀ ਸੀ।

# ਵਿਪਸਾਅ ਦੀ ਮਾਸਿਕ ਮੀਟਿੰਗ 'ਚ ਸਾਹਿਤਕ ਵਿਚਾਰਾਂ



**ਫਰੀਮਾਂਟ/ਬਿਊਰੋ ਨਿਊਜ਼:** ਵਿਸ਼ਵ ਪੰਜਾਬੀ ਸਾਹਿਤ ਅਕਾਦਮੀ (ਵਿਪਸਾਅ) ਬੇ ਏਰੀਆ ਦੀ ਮਾਸਿਕ ਸਾਹਿਤਕ ਮਿਲਣੀ ਫਰੀਮਾਂਟ ਵਿਖੇ ਹੋਈ। ਜਿਸ ਦੀ ਸੁਖਵਿੰਦਰ ਕੰਬੋਜ, ਸੁਰਿੰਦਰ ਸੀਰਤ ਅਤੇ ਕਮਲ ਦੇਵ ਪਾਲ ਪ੍ਰਧਾਨਗੀ ਹੇਠ ਹੋਈ ਇਸ ਮੀਟਿੰਗ 'ਚ ਸਭ ਤੋਂ ਪਹਿਲਾਂ ਵਿਪਸਾਅ ਬੇ ਏਰੀਆ ਇਕਾਈ ਦੇ ਸੰਵਿਧਾਨ ਉੱਤੇ ਵਿਚਾਰ ਚਰਚਾ ਕੀਤੀ ਗਈ। ਜਨਰਲ ਸਕੱਤਰ ਕੁਲਵਿੰਦਰ ਨੇ ਸੰਵਿਧਾਨ ਦੀਆਂ ਸਾਰੀਆਂ ਧਾਰਨਾਵਾਂ ਪੜ੍ਹ ਕੇ ਸੁਣਾਈਆਂ ਜਿਸ ਉੱਤੇ ਸਾਰੇ ਮੈਂਬਰਾਂ ਨੇ ਆਪਣੀ ਸਲਾਹ ਦਿੱਤੀ। ਮੀਟਿੰਗ ਵਿਚ ਇਹ ਫੈਸਲਾ ਲਿਆ ਗਿਆ ਕਿ ਸਮੇਂ ਸਮੇਂ ਤੇ ਚੋਣਵੇਂ ਲੇਖਕਾਂ ਦੀਆਂ ਰਚਨਾਵਾਂ ਨੂੰ ਲੈ ਕੇ ਕਿਤਾਬ ਸੰਪਾਦਿਤ ਕੀਤੀ ਜਾਵੇਗੀ। ਇਸ ਵਾਸਤੇ ਇਕ ਸੰਪਾਦਕੀ ਮੰਡਲ ਸਥਾਪਿਤ ਕੀਤਾ ਜਾਵੇਗਾ।

ਲੇਖਕਾਂ ਨਾਲ ਰੂਬਰੂ ਦਾ ਸਿਲਸਿਲਾ ਦੁਬਾਰਾ ਆਰੰਭ ਕੀਤਾ ਜਾਵੇਗਾ। ਨਵੇਂ ਮੈਂਬਰਾਂ ਨੂੰ ਸ਼ਾਮਿਲ ਕਰਨ ਵਾਸਤੇ ਕਾਰਜਕਾਰਨੀ ਦੀ ਮਨਜ਼ੂਰੀ ਲੈਣੀ ਜ਼ਰੂਰੀ ਹੋਵੇਗੀ। ਸੋਮੀਡੀਆ ਦਾ ਇੰਚਾਰਜ ਪੰਕਜ ਪ੍ਰੀਤ ਸਿੰਘ ਨੂੰ ਨਿਯੁਕਤ ਕੀਤਾ। ਸੰਗੀਤਕਾਰ ਦੋਸਤਾਂ ਨੂੰ ਵਿਸ਼ੇਸ਼ ਅਹਿਮੀਅਤ ਦਿੱਤੀ ਜਾਵੇਗੀ। ਨੀਲਮ ਸੈਣੀ ਦੀ ਕਹਾਣੀ ਬੈਸਟ ਮਦਰਜ਼ ਡੇ 'ਉਪਰ ਵਿਚਾਰ ਚਰਚਾ ਕੀਤੀ ਗਈ ਜਿਸ ਵਿਚ ਸੁਰਿੰਦਰ ਸਿੰਘ ਸੀਰਤ, ਕਮਲ ਦੇਵ ਪਾਲ ਅਤੇ ਸੁਖਵਿੰਦਰ ਕੰਬੋਜ ਨੇ ਆਪਣੇ ਸੁਝਾਅ ਦਿੱਤੇ। ਅਗਲੀ ਮੀਟਿੰਗ ਵਿਚ ਸੁਰਿੰਦਰ ਸੀਰਤ ਸੀ ਕਹਾਣੀ ਉਪਰ ਚਰਚਾ ਕੀਤੀ ਜਾਵੇਗੀ।

ਸਭ ਤੋਂ ਅਖੀਰ ਵਿਚ ਕਵੀ ਦਰਬਾਰ ਹੋਇਆ ਜਿਸ ਵਿਚ ਕ੍ਰਮਬਾਰ ਰੇਸ਼ਮ ਸਿੱਧੂ, ਪੰਕਜ ਪ੍ਰੀਤ ਸਿੰਘ, ਕੁੰਦਨ ਲਾਲ, ਕੁਲਵਿੰਦਰ, ਕਮਲ ਦੇਵ ਪਾਲ, ਸੁਰਿੰਦਰ ਸੀਰਤ, ਸੁਖਦੇਵ ਸਾਹਿਲ ਅਤੇ ਸੁਖਵਿੰਦਰ ਕੰਬੋਜ ਨੇ ਆਪੋ ਆਪਣੀਆਂ ਰਚਨਾਵਾਂ ਸੁਣਾਈਆਂ। ਸਟੇਜ ਦੀ ਕਾਰਵਾਈ ਕੁਲਵਿੰਦਰ ਨੇ ਹਮੇਸ਼ਾਂ ਵਾਂਗ ਬਾਖੂਬ ਨਿਭਾਈ। ਅਖੀਰ ਵਿਚ ਸਭ ਦੇ ਪ੍ਰਧਾਨ ਸੁਖਵਿੰਦਰ ਕੰਬੋਜ ਨੇ ਮੀਟਿੰਗ ਵਿਚ ਸ਼ਮਾਲ ਸਾਰੇ ਲੇਖਕਾਂ ਦਾ ਧੰਨਵਾਦ ਕੀਤਾ।

# ਪੰਜਾਬੀ ਸਾਹਿਤ ਸਭਾ ਦੀ 18ਵੀਂ ਕਾਨਫ਼ਰੰਸ 'ਚ ਔਰਤਾਂ ਦੀ ਸਮਾਜਿਕ ਸਥਿਤੀ ਤੇ ਸਿਰਜਣਾਤਮਿਕ ਸਰੋਕਾਰਾਂ 'ਤੇ ਜ਼ੋਰ

**ਸੈਕਰਾਮੈਂਟੋ/ਹੁਸਨ ਲੜੋਆ ਬੰਗਾ :** ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਦੀ 18ਵੀਂ ਕਾਨਫ਼ਰੰਸ ਫੋਰ ਪੁਆਇੰਟ ਸ਼ੈਰਟਨ ਸੈਕਰਾਮੈਂਟੋ ਵਿਖੇ ਹੋਈ। ਇਸ ਕਾਨਫ਼ਰੰਸ ਵਿੱਚ 300 ਤੋਂ ਵੱਧ ਸਾਹਿਤ ਪ੍ਰੇਮੀਆਂ ਨੇ ਹਿੱਸਾ ਲਿਆ। ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਨੂੰ ਸਮਰਪਿਤ ਇਸ ਕਾਨਫ਼ਰੰਸ ਵਿੱਚ ਔਰਤ ਦੀ ਸਮਾਜਿਕ ਸਥਿਤੀ ਅਤੇ ਸਿਰਜਣਾਤਮਿਕ ਸਰੋਕਾਰਾਂ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ। ਇਸ ਕਾਨਫ਼ਰੰਸ ਵਿੱਚ ਉਚੇਚੇ ਤੌਰ 'ਤੇ ਪੰਜਾਬੀ ਯੂਨੀਵਰਸਿਟੀ, ਪਟਿਆਲਾ ਤੋਂ ਡਾ. ਮੋਹਨ ਤਿਆਗੀ, ਐਚ.ਐਮ.ਵੀ. ਕਾਲਜ, ਜਲੰਧਰ ਤੋਂ ਪ੍ਰੋਫ਼ੈਸਰ ਨਵਰੂਪ ਕੌਰ, ਸਿਆਟਲ ਤੋਂ ਉਸਤਾਦ ਗ਼ਜ਼ਲਗੋ ਸ੍ਰੀ ਹਰਭਜਨ ਸਿੰਘ ਬੈਂਸ ਅਤੇ ਮਨਜੀਤ ਗਿੱਲ ਨੇ ਸ਼ਿਰਕਤ ਕੀਤੀ। ਇਸ ਕਾਨਫ਼ਰੰਸ ਵਿੱਚ ਸਮਕਾਲੀ ਦੌਰ ਵਿੱਚ ਪੰਜਾਬੀ ਸਮਾਜ ਨੂੰ ਦਰਪੇਸ਼ ਵੰਗਾਰਾਂ ਅਤੇ ਚੁਣੌਤੀਆਂ 'ਤੇ ਵੀ ਭਰਪੂਰ ਚਰਚਾ ਕੀਤੀ ਗਈ। ਇਸ ਕਾਨਫ਼ਰੰਸ ਦੇ ਪਹਿਲੇ ਸ਼ੈਸਨ ਵਿੱਚ ਪ੍ਰਧਾਨਗੀ ਮੰਡਲ ਵਿੱਚ ਡਾ. ਮੋਹਨ ਤਿਆਗੀ, ਪ੍ਰੋਫ਼ੈਸਰ ਨਵਰੂਪ ਕੌਰ, ਉਸਤਾਦ ਸ਼ਇਰ ਹਰਭਜਨ ਬੈਂਸ, ਮਨਜੀਤ ਕੌਰ ਅਤੇ ਸਭਾ ਦੇ ਪ੍ਰਧਾਨ ਦਲਵੀਰ 'ਦਿਲ' ਨਿੱਜਰ ਸ਼ੁਸੋਭਿਤ ਹੋਏ। ਕਾਨਫ਼ਰੰਸ ਦਾ ਆਰੰਭ ਸ਼ਬਦ ਗਾਇਨ ਨਾਲ ਕੀਤਾ ਗਿਆ। ਇਸ ਉਪਰੰਤ ਬੱਚਿਆਂ ਨੇ ਆਪਣੀਆਂ ਕਵਿਤਾਵਾਂ ਅਤੇ ਗੀਤ ਪੇਸ਼ ਕੀਤੇ ਅਤੇ ਸਭਾ ਦੇ ਪ੍ਰਧਾਨ ਨੇ ਆਏ ਮਹਿਮਾਨਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਜੀ ਆਇਆਂ ਕਿਹਾ। ਇਸ ਕਾਨਫ਼ਰੰਸ ਵਿੱਚ ਜਿੱਥੇ ਔਰਤ ਦੀ ਸਮਕਾਲੀ ਸਥਿਤੀ 'ਤੇ ਭਰਵੀਂ ਵਿਚਾਰ ਚਰਚਾ ਹੋਈ, ਉਸ ਦੇ ਨਾਲ ਹੀ ਵਿਦੇਸ਼ਾਂ ਵਿੱਚ ਨਾਰੀ ਸਾਹਿਤ ਸਿਰਜਣਾ 'ਤੇ ਵੀ ਵਿਸ਼ੇਸ ਧਿਆਨ ਦਿੱਤਾ ਗਿਆ। ਇਸ ਸ਼ੈਸ਼ਨ ਵਿੱਚ ਪੰਜਾਬੀ ਸਾਹਿਤ ਸਭਾ, ਕੈਲੇਫੋਰਨੀਆ ਦਾ ਸੋਵੀਨਰ 2017, 'ਦਿਲ' ਨਿੱਜਰ ਦੀ ਕਾਵਿ ਪੁਸਤਕ 'ਦਿਲ ਦਰਿਆ ਦੇ ਵਹਿਣ', ਤੇ ਹਰਪੀਤ ਕੌਰ ਦੀ ਕਾਵਿ ਪੁਸਤਕ 'ਦਹਿਲੀਜ਼ ਦੇ ਆਰ ਪਾਰ' ਅਤੇ ਜਨਮੇਜਾ ਜੌਹਲ ਦੀ ਪੰਜਾਬੀ ਫੌਂਟਾਂ ਬਾਰੇ ਤਿਆਰ ਕੀਤੀ ਸੀ.ਡੀ. ਰਿਲੀਜ਼ ਕੀਤੀ ਗਈ। ਇਸ ਸ਼ੈਸਨ ਵਿੱਚ ਪ੍ਰਧਾਨਗੀ ਮੰਡਲ ਵਿੱਚ ਬੈਠੇ ਵਿਦਵਾਨਾਂ ਵਲੋਂ ਵਿਦੇਸ਼ਾਂ ਵਿੱਚ ਪੰਜਾਬੀ ਭਾਸ਼ਾ, ਸਾਹਿਤ ਅਤੇ ਸਭਿਆਚਾਰ ਦੀ ਸਥਿਤੀ ਬਾਰੇ ਮੁੱਲਵਾਨ ਵਿਚਾਰ ਸਾਂਝੇ ਕੀਤੇ ਗਏ। ਇਸ ਤੋਂ ਬਾਅਦ ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਵੱਲੋਂ ਆਏ ਮਹਿਮਾਨਾਂ ਦਾ ਸਨਮਾਨ ਕੀਤਾ ਗਿਆ। ਕਾਨਫ਼ਰੰਸ ਦੇ ਦੂਸਰੇ ਸ਼ੈਸਨ ਵਿੱਚ ਕਵੀ ਦਰਬਾਰ ਹੋਇਆ ਜਿਸ ਵਿੱਚ ਲਗਭਗ 50 ਤੋਂ ਵੱਧ ਕਵੀਆਂ ਨੇ ਹਿੱਸਾ ਲਿਆ। ਮਹਿਮਾਨਾਂ ਤੇ ਡੈਲੀਗੇਟਾਂ ਦੀ ਭਰਵੀਂ ਆਮਦ ਕਰਕੇ ਇਹ ਕਾਨਫ਼ਰੰਸ ਯਾਦਗਾਰੀ ਹੋ ਨਿਬੜੀ। ਸਟੇਜ ਦੀ ਸੇਵਾ ਜੋਤੀ ਸਿੰਘ ਅਤੇ ਇੰਦਰਜੀਤ ਗਰੇਵਾਲ ਨੇ ਬਹੁਤ ਹੀ ਜ਼ਿੰਮੇਵਾਰੀ ਨਾਲ ਨਿਭਾਈ। ਪੰਜਾਬੀ ਸਾਹਿਤ ਸਭਾ ਕੈਲੇਫੋਰਨੀਆ ਵਲੋਂ ਚਰਨਜੀਤ ਪੰਨੂ ਅਤੇ ਕਮਲ ਬੰਗਾ ਦਾ ਸਾਹਿਤ ਵਿੱਚ ਪਾਏ ਉੱਘੇ ਯੋਗਦਾਨ ਨੂੰ ਮੁੱਖ ਰੱਖਦੇ ਹੋਏ ਸਨਮਾਨ ਕੀਤਾ। ਇਸ ਮੌਕੇ ਬੌਬੀ ਗੋਸਲ ਦਾ ਵਿਸ਼ੇਸ ਧੰਨਵਾਦ ਕੀਤਾ ਗਿਆ। ਇਸ ਦੇ ਨਾਲ ਹੀ ਪੰਜਾਬੀ ਰਸੋਈ, ਪੰਜਾਬੀ ਰਾਇਲ ਕਲੱਬ, ਸੀਨੀਅਰ ਸਿਟੀਜਨ ਸੰਸਥਾ, ਇੰਦੂ ਵੈਲੀ, ਰੋਜ਼ਵਿਲ ਗੁਰੂ ਘਰ ਅਤੇ ਰਿਓ ਲੀਂਡਾ ਗੁਰੂ ਘਰ ਦੀ ਕਮੇਟੀ, ਨਟੋਮਸ ਤੀਆਂ ਸੰਸਥਾ, ਗਦਰੀ ਮੈਮੋਰੀਅਲ ਅਤੇ ਇਸ ਕਾਨਫ਼ਰੰਸ ਨੂੰ ਸਫ਼ਲ ਬਣਾਉਣ ਵਾਲੇ ਸਾਰੇ ਦੋਸਤਾਂ-ਮਿੱਤਰਾਂ ਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ ਤੇ ਕੁਝ ਮਹਿਮਾਨਾਂ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ।



# ਪੰਜਾਬੀ ਲੇਖਕ ਮੰਚ ਨੇ ਮਨਾਇਆ ਮਾਂ ਦਿਵਸ



**ਵੈਨਕੂਵਰ/ਬਿਊਰੋ ਨਿਊਜ਼:** ਪੰਜਾਬੀ ਲੇਖਕ ਮੰਚ ਦੀ ਮਈ ਮਹੀਨੇ ਦੀ ਇਕਤਰਤਾ ਵਿਚ ਕੇਕ ਕਟ ਕੇ ਮਾਂ ਦਿਵਸ ਮਨਾਇਆ ਗਿਆ। ਮੀਟਿੰਗ ਵਿਚ ਟੋਰੰਟੋ ਤੋਂ ਵੈਨਕੂਵਰ ਆਏ ਸ਼ਾਇਰ ਕੁਲਵਿੰਦਰ ਖਹਿਰਾ ਵਿਸ਼ੇਸ਼ ਤੌਰ ਤੇ ਸ਼ਾਮਲ ਹੋਏ। ਉਹਨਾਂ ਨੇ ਅਪਣੀ ਨਵੀਂ ਆ ਰਹੀ ਦੋ ਭਾਸ਼ੀ ਪੁਸਤਕ ਦੇ ਪ੍ਰਾਜੈਕਟ ਬਾਰੇ ਜਾਣਕਾਰੀ ਸਾਂਝੀ ਕੀਤੀ ਕਿ ਇਹ ਸਾਡੇ ਲੋਕਾਂ ਵਲੋਂ ਨਸਲਵਾਦ ਦਾ ਸਾਹਮਣਾ ਕਰਨ ਤੇ ਉਸਦੇ ਖਿਲਾਫ ਜਦੋ ਜਹਿਦ ਦਾ ਇਤਿਹਾਸ ਬਿਆਨ ਕਰੇਗੀ।ਇਸ ਸਬੰਧ ਵਿਚ ਉਹ ਪਹਿਲਾਂ ਆਏ ਪਰਵਾਸੀਆਂ ਨਾਲ ਇੰਟਰਵਿਊ ਕਰ ਕੇ ਜਾਣਕਾਰੀ ਹਾਸਲ ਕਰਨ ਲਈ ਵਿਸ਼ੇਸ਼ ਤੌਰ ਤੇ ਵੈਨਕੂਵਰ ਆਏ ਹਨ।ਉਹਨਾਂ ਨੇ ਟੋਰਾਂਟੋ ਏਰੀਏ ਵਿਚ ਚਲ ਰਹੀਆਂ ਪੰਜਾਬੀ ਨਾਲ ਸਬੰਧਿਤ ਸਾਹਿਤਕ ਸਰਗਰਮੀਆਂ ਬਾਰੇ ਵੀ ਗਲ ਬਾਤ ਸਾਂਝੀ ਕੀਤੀ ਤੇ ਚਿੰਤਾ ਪ੍ਰਗਟ ਕੀਤੀ ਕਿ ਨਿਜੀ ਹਉਮੈ ਤੇ ਧੜੇਬੰਦੀ ਦਾ ਰੁਝਾਨ ਚਿੰਤਾਜਨਕ ਹੈ। ਸਾਹਿਤਕ ਕਾਨਫਰੰਸਾਂ ਬਾਰੇ ਵੀ ਉਹਨਾਂ ਕਿਹਾ ਕਿ ਕੋਈ ਵਡੀ ਸਾਰਥਕ ਸਰਗਰਮੀ ਤੇ ਸਿਟੇ ਨਹੀਂ ਪ੍ਰਗਟ ਹੋ ਰਹੇ। ਮੰਚ ਵਲੋਂ ਮੰਚ ਦੇ ਮੈਂਬਰਾਂ ਦੀਆਂ ਰਚਨਾਵਾਂ ਦੀ ਪੁਸਤਕ ਮੰਚ ਰੰਗਾ ਰੰਗ' ਤੇ ਪੈਨ ਸ੍ਰੀ ਖਹਿਰਾ ਨੂੰ ਭੇਟ ਕੀਤੇ ਗਏ। ਕੋਆਰਡੀਨੇਟਰ ਜਰਨੈਲ ਸਿੰਘ ਆਰਟਿਸਟ ਨੇ ਮੰਚ ਦੇ ਮੈਂਬਰਾਂ ਦੀਆਂ ਰਚਨਾਵਾਂ ਦੀ ਨਵੀਂ ਛਪੀ ਪੁਸਤਕ ਮੰਚ ਰੰਗਾ ਰੰਗ' ਮੈਂਬਰਾਂ ਦੇ ਸਨਮੁਖ ਕੀਤੀ ਤੇ ਦਸਿਆ ਕਿ ਜੁਲਾਈ ਦੇ ਮਹੀਨੇ ਦੀ ਮੀਟਿੰਗ ਵਿਚ ਕੈਨੇਡਾ ਦਿਵਸ ਨੂੰ ਸਮਰਪਿਤ ਇਹ ਪੁਸਤਕ ਰੀਲੀਜ਼ ਕੀਤੀ ਜਾਵੇਗੀ। ਅਜਮੇਰ ਰੋਡੇ ਨੇ ਅਪਣੀ ਮਾਂਟਰੀਅਲ ਫੇਰੀ ਦਾ ਜ਼ਿਕਰ ਕਰਦਿਆਂ ਦਸਿਆ ਕਿ ਉਥੇ ਕਰੀਏਟਿਵ ਰਾਈਟਿੰਗ ਵਰਕਸ਼ਾਪ ਦਾ ਤਜਰਬਾ ਬਹੁਤ ਵਧੀਆ ਰਿਹਾ ਤੇ ਵਿਚਾਰ ਚਰਚਾ ਵੀ ਦਿਲਚਸਪ ਰਹੀ। ਉਹਨਾਂ ਐਕਸਟੇਸਿਸ ਐਡੀਸ਼ਨਜ਼ ਵਲੋਂ ਛਾਪੀ ਗਈ ਅਪਣੀ ਅੰਗਰੇਜ਼ੀ ਕਵਿਤਾਵਾਂ ਦੀ ਕਿਤਾਬ 'ਪੋਇਮਜ਼ ਅਟ ਮਾਈ ਡੋਰ' ਦਾ ਨਵਾਂ ਐਡੀਸ਼ਨ ਵੀ ਮੈਂਬਰਾਂ ਨਾਲ ਸਾਂਝਾ ਕੀਤਾ।ਰਚਨਾਵਾਂ ਦੇ ਦੌਰ ਵਿਚ ਰੁਪਿੰਦਰ ਰੁਪੀ, ਨਦੀਮ ਪਰਮਾਰ, ਸਾਧੂ ਬਿਨਿੰਗ, ਰਾਜਵੰਤ ਬਾਗੜੀ, ਅਮਰੀਕ ਪਲਾਹੀ ਤੇ ਗੁਰਦਰਸ਼ਨ ਬਾਦਕ ਨੇ ਹਾਜ਼ਰੀ ਲਵਾਈ। ਮੀਨੂ ਬਾਵਾ ਨੇ ਸੁਰੀਲੀ ਆਵਾਜ਼ ਵਿਚ ਰਾਜਵੰਤ ਦੀ ਗਜ਼ਲ ਪੇਸ਼ ਕੀਤੀ। ਮੀਟਿੰਗ ਦੇ ਸ਼ੁਰੂ ਵਿਚ ਵਿਛੜ ਚੁਕੇ ਸ਼ਾਇਰ ਹਰੀ ਸਿੰਘ ਦਿਲਬਰ ਨੂੰ ਮੌਨ ਰਖ ਕੇ ਸ਼ਰਧਾਂਜਲੀ ਪੇਸ਼ ਕੀਤੀ ਗਈ ।

# ਪਰਵਾਸੀ ਪੰਜਾਬੀ ਸਾਹਿਤਕ ਸੰਮੇਲਨ 20 ਅਗਸਤ ਨੂੰ

**ਸਟਾਕਟਨ/ਹਰਜਿੰਦਰ ਪੰਧੇਰ:** ਪੰਜਾਬੀ ਸਾਹਿਤ ਸਭਾ ਸਟਾਕਟਨ ਅਤੇ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਬੇ-ਏਰੀਆ) ਦੇ ਪ੍ਰਤੀਨਿਧਾਂ ਦੀ ਇਕ ਸਾਂਝੀ ਬੈਠਕ ਬੀਤੇ ਸ਼ਨਿਚਰਵਾਰ ਲੈਥਰੋਪ ਦੇ ਸੇਵਾ ਸਦਨ ਹਾਲ ਵਿਚ ਹੋਈ। ਇਸਦਾ ਮੁੱਖ ਮਨੋਰਥ 20 ਅਗਸਤ 2017 ਨੂੰ ਸਟਾਕਟਨ ਵਿਖੇ ਕਰਵਾਏ ਜਾ ਰਹੇ ਪਰਵਾਸੀ ਪੰਜਾਬੀ ਸਾਹਿਤਕ ਸੰਮੇਲਨ ਦੀ ਰੂਪ-ਰੇਖਾ ਤਿਆਰ ਕਰਨਾ ਸੀ। ਇਹ ਸੰਮੇਲਨ ਪੰਜਾਬੀ ਲੋਕ ਕਵੀਆਂ ਲਾਲ ਸਿੰਘ ਦਿਲ ਅਤੇ ਗੁਰਦਾਸ ਰਾਮ ਆਲਮ ਨੂੰ ਸਮਰਪਿਤ ਕੀਤਾ ਜਾ ਰਿਹਾ ਹੈ ਜਿਨ੍ਹਾਂ ਨੇ ਲੋਕ ਰਾਹਾਂ ਨੂੰ ਰੁਸ਼ਨਾਉਣ ਹਿੱਤ ਪੰਜਾਬੀ ਸਾਹਿਤ ਨੂੰ ਜੁਝਾਰੂ ਸ਼ਬਦ ਰਤਨਾਂ ਨਾਲ ਜ਼ਰਖੇਜ਼ ਕੀਤਾ। ਸੰਮੇਲਨ 20 ਅਗਸਤ, 20 17 ਐਤਵਾਰ) ਨੂੰ ਰਾਇਲ ਇੰਡੀਅਨ ਕੁਜ਼ੀਨ, (7610 ਪੈਸੇਫਿਕ ਐਵਨਿਊ, ਸਟਾਕਟਨ, ਕੈਲੇਫੋਰਨੀਆ - 95209) ਦੇ ਬੈਂਕੁਇਟ ਹਾਲ ਵਿਚ ਸਵੇਰੇ 10:00 ਵਜੇ ਸ਼ੁਰੂ ਹੋ ਕੇ ਸ਼ਾਮ ਦੇ 6:00 ਵਜੇ ਤੱਕ ਚਲੇਗਾ।

ਇਸ ਸਾਂਝੀ ਬੈਠਕ ਵਿਚ ਪੰਜਾਬੀ ਸਾਹਿਤ ਸਭਾ ਸਟਾਕਟਨ ਵਲੋਂ ਹਰਜਿੰਦਰ ਪੰਧੇਰ, ਪ੍ਰੋ. ਹਰਭਜਨ ਸਿੰਘ, ਮਨਦੀਪ ਗੋਰਾ, ਹਰਨੇਕ ਸਿੰਘ, ਤਾਰਾ ਸਾਗਰ, ਗੁਰਪ੍ਰੀਤ ਕੌਰ ਅਤੇ ਰੁਪਿੰਦਰ ਗਿਰੀ ਅਤੇ ਵਿਸ਼ਵ ਪੰਜਾਬੀ ਸਾਹਿਤ ਅਕੈਡਮੀ (ਬੇ-ਏਰੀਆ) ਵੱਲੋਂ ਸੁਖਵਿੰਦਰ ਕੰਬੋਜ਼ ਅਤੇ ਕੁਲਵਿੰਦਰ ਸ਼ਾਮਲ ਹੋਏ। ਪੰਜਾਬੀ ਗੀਤਕਾਰੀ ਮੰਚ, ਕੈਲੇਫੋਰਨੀਆ ਵੱਲੋਂ ਮੱਖਣ ਲੁਹਾਰ ਨੇ ਫੋਨ ਰਾਹੀਂ ਇਸ ਸੰਮੇਲਨ ਵਿਚ ਸ਼ਾਮੂਲੀਅਤ ਕਰਨ ਅਤੇ ਹਰ ਤਰ੍ਹਾਂ ਦਾ ਸਹਿਯੋਗ ਦੇਣ ਦੀ ਸਹਿਮਤੀ ਪ੍ਰਗਟਾਈ।



ਬੈਠਕ ਵਿਚ ਜੋ ਮਹੱਤਵਪੂਰਨ ਫੈਸਲੇ ਸਰਬਸੰਮਤੀ ਨਾਲ ਲਏ ਗਏ, ਉਨ੍ਹਾਂ ਵਿਚ ਦਰਸ਼ਨ ਬੁਲੰਦਵੀ, ਕੁਲਵੰਤ ਕੌਰ ਢਿੱਲੋਂ ਅਤੇ ਅਜ਼ੀਮ ਸ਼ੇਖਰ ਦੁਆਰਾ ਸੰਪਾਦਿਤ ਅਤੇ ਪ੍ਰਕਾਸ਼ਿਤ ਪਰਵਾਸੀ ਪੰਜਾਬੀ ਕਾਵਿ-ਸੰਗ੍ਰਹਿ : ਵਰਤਮਾਨ ਦੇ ਆਰ-ਪਾਰ; ਪ੍ਰੋ. ਹਰਭਜਨ ਸਿੰਘ ਦਾ ਕਹਾਣੀ-ਸੰਗ੍ਰਹਿ ਰੂਹ ਤੇ ਉਕਰੇ ਚਿੱਤਰ ਅਤੇ ਕੁਲਵਿੰਦਰ ਦੀ ਗ਼ਜ਼ਲ ਐਲਬਮ ਸੰਦਲੀ ਆਥਣ ਦੀ ਘੁੰਡ ਚੁਕਾਈ ਵੀ ਸ਼ਾਮਲ ਹੈ ।

ਇਸਤੋਂ ਇਲਾਵਾ ਡਾ. ਜਸਵਿੰਦਰ ਸਿੰਘ ਨੂੰ ਪਰਵਾਸੀ ਪੰਜਾਬੀ ਕਾਵਿ-ਸੰਗ੍ਰਹਿ: ਵਰਤਮਾਨ ਦੇ ਆਰ-ਪਾਰ ਬਾਰੇ ਆਪਣਾ ਖੋਜ ਪੇਪਰ ਪੇਸ਼ ਕਰਨ ਅਤੇ ਡਾ. ਧਨਵੰਤ ਕੌਰ ਨੂੰ ਰੂਹ ਤੇ ਉਕਰੇ ਚਿੱਤਰ ਕਹਾਣੀ-ਸੰਗ੍ਰਹਿ ਬਾਰੇ ਆਪਣਾ ਖੋਜ ਪੇਪਰ ਪੜ੍ਹਨ ਲਈ ਸੱਦੇ ਪੱਤਰ ਭੇਜਣ ਦਾ ਵੀ ਫੈਸਲਾ ਲਿਆ ਗਿਆ। ਇਨ੍ਹਾਂ ਫੈਸਲਿਆਂ ਵਿਚ ਇੰਗਲੈਂਡ ਤੋਂ ਦਰਸ਼ਨ ਬੁਲੰਦਵੀ ਨੂੰ ਵਿਸ਼ੇਸ਼ ਮਹਿਮਾਨ ਵਜੋਂ ਅਤੇ ਕੈਨੇਡਾ ਤੋਂ ਅਮਰਜੀਤ ਚਾਹਲ ਤੇ ਗੁਰਮੀਤ ਪਨਾਗ ਨੂੰ ਮਹਿਮਾਨ ਕਹਾਣੀਕਾਰਾਂ ਵਜੋਂ ਬੁਲਾਉਣਾ ਵੀ ਸ਼ਾਮਲ ਹੈ। ਇਸ ਤੋਂ ਇਲਾਵਾ, ਇਹ ਵੀ ਸਰਬਸੰਮਤੀ ਨਾਲ ਤੈਅ ਕੀਤਾ ਗਿਆ ਕਿ ਇਸ ਸੰਮੇਲਨ ਦੇ ਤਿੰਨ ਸੈਸ਼ਨ ਹੋਣਗੇ। ਪਹਿਲਾ ਸੈਸ਼ਨ: ਪੁਸਤਕ ਰੀਲੀਜ਼ ਤੇ ਪੇਪਰ ਰੀਡਿੰਗ: ਦੂਜਾ ਕਹਾਣੀ ਦਰਬਾਰ ਅਤੇ ਤੀਸਰੇ ਵਿਚ ਕਵੀ ਦਰਬਾਰ ਹੋਵੇਗਾ। ਦੂਜੇ ਅਤੇ ਤੀਜੇ ਸੈਸ਼ਨ ਵਿਚ ਹਾਜ਼ਰ ਕਹਾਣੀਕਾਰ ਅਤੇ ਸ਼ਾਇਰ ਆਪਣੀਆਂ ਅਣਛਪੀਆਂ ਰਚਨਾਵਾਂ ਦਾ ਪਾਠ ਕਰਨਗੇ। ਪ੍ਰੋ. ਹਰਭਜਨ ਸਿੰਘ ਵੱਲੋਂ ਨਵ-ਪ੍ਰਕਾਸ਼ਿਤ ਪੰਜਾਬੀ ਕਿਤਾਬਾਂ ਅਤੇ ਕੁਲਵਿੰਦਰ ਦੀ ਐਲਬਮ ਦੀ ਸੇਲ ਲਾਈ ਜਾਵੇਗੀ।

ਇਸ ਸੰਮੇਲਨ ਦੀ ਸਾਂਝੀ ਪ੍ਰਬੰਧਕ ਕਮੇਟੀ ਵਲੋਂ ਸਮੂਹ ਸਾਹਿਤਕਾਰਾਂ ਅਤੇ ਸਾਹਿਤ ਪ੍ਰੇਮੀਆਂ ਨੂੰ ਹਿੱਸਾ ਲੈਣ ਅਤੇ ਯੋਗਦਾਨ ਪਾਉਣ ਲਈ ਖੁੱਲ੍ਹਾ ਸਦਾ ਦਿਤਾ ਜਾਂਦਾ ਹੈ।

## ਮੈਨਚੈਸਟਰ 'ਚ ਸੰਗੀਤ ਪ੍ਰੋਗਰਾਮ ਦੌਰਾਨ ਦਹਿਸ਼ਤੀ ਹਮਲੇ 'ਚ 22 ਮੌਤਾਂ

ਜਦਕਿ 119 ਤੋਂ ਜ਼ਿਆਦਾ ਲੋਕ ਜ਼ਖ਼ਮੀ ਹੋ ਗਏ। ਮਰਨ ਵਾਲਿਆਂ ਵਿਚ ਜ਼ਿਆਦਾਤਰ ਬੱਚੇ ਅਤੇ ਨੌਜਵਾਨ ਹੀ ਹਨ। ਆਈ.ਐਸ. ਦਾ ਜੇਹਾਦੀ ਹਮਲਾਵਰ ਵੀ ਮੌਕੇ 'ਤੇ ਮਾਰਿਆ ਗਿਆ। ਆਈ.ਐਸ. ਨੇ ਕਿਹਾ, 'ਤੁਸੀਂ ਰੱਕਾ-ਮੋਸੂਲ ਵਿਚ ਸਾਡੇ ਬੱਚਿਆਂ 'ਤੇ ਬੰਬ ਸੁੱਟੇ, ਹੁਣ ਅਸੀਂ ਤੁਹਾਡੇ ਬੱਚੇ ਮਾਰੇ ਹਨ।' ਅਮਰੀਕੀ ਪੌਪ ਸਟਾਰ ਏਰੀਏਨਾ ਸੁਰੱਖਿਅਤ ਹੈ। ਮੈਨਚੈਸਟਰ ਵਿਚ ਕਾਫ਼ੀ ਗਿਣਤੀ ਵਿਚ ਦੱਖਣ ਏਸ਼ਿਆਈ ਲੋਕ ਰਹਿੰਦੇ ਹਨ। ਹਾਲੇ ਤਕ ਕਿਸੇ ਭਾਰਤੀ ਦੇ ਮਾਰੇ ਜਾਣ ਦੀ ਖ਼ਬਰ ਨਹੀਂ ਹੈ। ਖ਼ੁਫ਼ੀਆ ਸੂਤਰਾਂ ਅਨੁਸਾਰ ਹਾਲੇ ਹੋਰ ਦਹਿਸ਼ਤੀ ਹਮਲੇ ਦਾ ਖ਼ਦਸ਼ਾ ਹੈ। ਪ੍ਰਧਾਨ ਮੰਤਰੀ ਥੇਰੇਸਾ ਮੇ ਨੇ ਖ਼ਤਰੇ ਨੂੰ ਦੇਖਦਿਆਂ ਗੰਭੀਰ ਚਿਤਾਵਨੀ ਜਾਰੀ ਕੀਤੀ ਹੈ ਤੇ ਸੁਰੱਖਿਆ ਮਜ਼ਬੂਤ ਕਰਨ ਦੀਆਂ ਹਦਾਇਤਾਂ ਦਿੱਤੀਆਂ ਹਨ। ਪੂਰੇ ਦੇਸ਼ ਵਿਚ ਫ਼ੌਜ ਦੇ 5 ਹਜ਼ਾਰ ਜਵਾਨਾਂ ਨੂੰ ਤੈਨਾਤ ਕੀਤਾ ਗਿਆ ਹੈ। ਆਈ.ਐਸ. ਸੰਗਠਨ ਨੇ ਹੋਰ ਹਮਲਿਆਂ ਦੀ ਚਿਤਾਵਨੀ ਦਿੱਤੀ ਹੈ।

ਧਮਾਕੇ ਤੋਂ ਬਾਅਦ ਹਫੜਾ-ਦਫੜੀ ਫੈਲ ਗਈ ਅਤੇ ਲੋਕ ਆਪਣਿਆਂ ਦੀ ਭਾਲ ਵਿਚ ਜੁੱਟ ਗਏ। ਧਮਾਕੇ ਤੋਂ ਬਾਅਦ ਸਾਰੀਆਂ ਪਾਰਟੀਆਂ ਨੇ 8 ਜੂਨ ਨੂੰ ਹੋਣ ਵਾਲੀਆਂ ਚੋਣਾਂ ਦਾ ਪ੍ਰਚਾਰ ਮੁਲਤਵੀ ਕਰ ਦਿੱਤਾ ਹੈ। ਗਰੇਟਰ ਮਾਨਚੈਸਟਰ ਪੁਲੀਸ ਮੁਖੀ ਇਆਨ ਹੋਪਕਿਨਸ ਨੇ ਦੱਸਿਆ ਕਿ ਜ਼ਖ਼ਮੀ ਹੋਏ ਵਿਅਕਤੀਆਂ ਦਾ ਅੱਠ ਹਸਪਤਾਲਾਂ ਵਿਚ ਇਲਾਜ ਚਲ ਰਿਹਾ ਹੈ। ਪੁਲੀਸ ਨੇ ਦੱਖਣੀ ਮੈਨਚੈਸਟਰ ਦੇ ਚਾਰਲਟਨ ਤੋਂ 23 ਵਰ੍ਹਿਆਂ ਦੇ ਇਕ ਨੌਜਵਾਨ ਨੂੰ ਧਮਾਕੇ ਦੇ ਸਬੰਧ ਵਿਚ ਗ੍ਰਿਫ਼ਤਾਰ ਕੀਤਾ ਹੈ। ਪੁਲੀਸ ਨੇ ਤਸਦੀਕ ਕੀਤੀ ਹੈ ਕਿ ਹਮਲਾਵਰ ਐਰਿਨਾ ਵਿਚ ਹੀ ਮਾਰਿਆ ਗਿਆ। ਹਮਲੇ ਵਿਚ ਕਿਸੇ ਭਾਰਤੀ ਦੇ ਜ਼ਖ਼ਮੀ ਹੋਣ ਦੀ ਖ਼ਬਰ ਨਹੀਂ ਹੈ ਪਰ ਇਹਤਿਆਤ ਵਜੋਂ ਭਾਰਤੀ ਹਾਈ ਕਮਿਸ਼ਨ ਨੇ ਫੋਨ ਨੰਬਰ ਜਾਰੀ ਕੀਤੇ ਹਨ। ਪੌਪ ਗਾਇਕਾ ਸੁਰੱਖਿਅਤ ਹੈ ਅਤੇ ਉਸ ਨੇ ਹਮਲੇ ਦੀ ਨਿਖੇਧੀ ਕਰਦਿਆਂ ਆਪਣੇ ਟੂਰ ਦੇ ਸਾਰੇ ਪ੍ਰੋਗਰਾਮ ਰੱਦ ਕਰ ਦਿੱਤੇ ਹਨ। ਪ੍ਰਤੱਖਦਰਸ਼ੀਆਂ ਮੁਤਾਬਕ 21 ਹਜ਼ਾਰ ਸਮਰੱਥਾ ਵਾਲੇ ਐਰਿਨਾ ਵਿਚ ਇਕ ਧਮਾਕਾ ਉਸ ਸਮੇਂ ਸੁਣਿਆ ਗਿਆ ਜਦੋਂ ਪੌਪ ਗਾਇਕਾ ਦਾ ਸ਼ੋਅ ਖ਼ਤਮ ਹੋ ਗਿਆ ਸੀ। ਇੰਗਲੈਂਡ ਦੀ ਮਹਾਰਾਣੀ ਐਲਿਜ਼ਾਬੈੱਥ ਦੂਜੀ ਸਮੇਤ ਦੁਨੀਆ ਭਰ ਦੇ ਆਗੂਆਂ ਨੇ ਦਹਿਸ਼ਤੀ ਹਮਲੇ ਦੀ ਨੁਕਤਾਚੀਨੀ ਕੀਤੀ ਹੈ। ਮਹਾਰਾਣੀ ਨੇ ਹਮਲੇ ਨੂੰ ਜ਼ਾਲਮਾਨਾ ਕਾਰਵਾਈ ਕਰਾਰ ਦਿੱਤਾ ਹੈ। ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਹਮਲੇ ਨੂੰ ਕਾਇਰਾਨਾ ਦੱਸਦਿਆਂ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਹਮਦਰਦੀ ਜਤਾਈ ਹੈ। ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਬੈਥਲਹੈਮ ਵਿਚ ਆਪਣੇ ਗੁੱਸੇ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਸਾਰੇ ਮੁਲਕਾਂ ਨੂੰ ਦਹਿਸ਼ਤਗਰਦਾਂ ਤੋਂ ਲੋਕਾਂ ਦੀ ਰਾਖੀ ਲਈ ਹੱਥ ਮਿਲਾਉਣੇ ਚਾਹੀਦੇ ਹਨ। ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਇਸ ਨੂੰ ਗ਼ੈਰ ਮਨੁੱਖੀ ਕਾਰਾ ਕਰਾਰ ਦਿੱਤਾ। ਚੀਨ ਦੇ ਰਾਸ਼ਟਰਪਤੀ ਸ਼ੀ ਜਿਨਪਿੰਗ ਨੇ ਕਿਹਾ ਕਿ ਬ੍ਰਿਟਿਸ਼ ਲੋਕਾਂ ਦੀ ਮੁਸ਼ਕਲ ਘੜੀ 'ਚ ਚੀਨੀ ਲੋਕ ਉਨ੍ਹਾਂ ਨਾਲ ਖੜ੍ਹੇ ਹਨ। ਫਰਾਂਸ ਦੇ ਨਵੇਂ ਬਣੇ ਰਾਸ਼ਟਰਪਤੀ ਇਮੈਨੂਅਲ ਮੈਕਰੌਨ ਨੇ ਕਿਹਾ ਕਿ ਸਾਰੇ ਰਲ ਕੇ ਅਤਿਵਾਦ ਖ਼ਿਲਾਫ਼ ਲੜ ਰਹੇ ਹਨ ਅਤੇ ਉਨ੍ਹਾਂ ਦੀ ਪੈੜ ਨੱਪੀ ਜਾਣੀ ਚਾਹੀਦੀ ਹੈ। ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਕਿਹਾ ਕਿ ਕੈਨੇਡਾ ਦੇ ਲੋਕ ਦਰਦਨਾਕ ਖ਼ਬਰ ਸੁਣ ਕੇ ਸਦਮੇ ਵਿਚ ਹਨ।

## ਸਿੱਖ ਕੈਬ ਡਰਾਈਵਰ ਨੇ ਦਿੱਤੀ ਮੁਫ਼ਤ ਸਰਵਿਸ, ਗੁਰਦੁਆਰਿਆਂ ਨੇ ਦਿੱਤਾ ਆਸਰਾ

ਹੀ ਉਥੋਂ ਦੇ ਗੁਰਦੁਆਰਿਆਂ ਨੇ ਪੀੜਤਾਂ ਨੂੰ ਸ਼ਰਨ ਦੇਣ ਦਾ ਐਲਾਨ ਕੀਤਾ। 4 ਗੁਰਦੁਆਰਿਆਂ ਦਾ ਪਤਾ ਟਵੀਟ ਕਰਦਿਆਂ ਹਰਜਿੰਦਰ ਸਿੰਘ ਕੁਕਰੇਜਾ ਨੇ ਲਿਖਿਆ, 'ਗੁਰਦੁਆਰਿਆਂ ਵਿਚ ਖਾਣ ਅਤੇ ਰਹਿਣ ਦੀ ਵਿਵਸਥਾ ਹੈ ਤੇ ਇਸ ਦੇ ਦਰਵਾਜ਼ੇ ਸਾਰਿਆਂ ਲਈ ਖੁੱਲ੍ਹੇ ਹੋਏ ਹਨ।'

## 'ਦਿ ਬਲੈਕ ਪ੍ਰਿੰਸ' ਦਾ ਟਰੇਲਰ ਕਾਨ ਫਿਲਮ ਮੇਲੇ 'ਚ ਰਿਲੀਜ਼

ਸਿਨੇਮਾ ਘਰਾਂ ਵਿਚ 21 ਜੁਲਾਈ ਨੂੰ ਅੰਗਰੇਜ਼ੀ, ਪੰਜਾਬੀ ਤੇ ਹਿੰਦੀ ਵਿਚ ਰਿਲੀਜ਼ ਹੋਣ ਜਾ ਰਹੀ ਹੈ।

ਵਰਨਣਯੋਗ ਹੈ ਕਿ ਭਾਰਤ ਦੀ ਆਜ਼ਾਦੀ ਦੀ ਲੜਾਈ ਦੇ ਬੜੇ ਅਹਿਮ ਪਹਿਲੂਆਂ ਨੂੰ ਪਹਿਲੀ ਵਾਰ ਇਸ ਫਿਲਮ ਰਾਹੀਂ ਲੋਕਾਂ ਸਾਹਮਣੇ ਲਿਆਂਦਾ ਗਿਆ ਹੈ।

ਪੰਜਾਬੀ ਗਾਇਕੀ ਦੇ ਖੇਤਰ ਵਿੱਚ ਵਿਲੱਖਣ ਮੁਕਾਮ ਹਾਸਲ ਕਰ ਚੁੱਕੇ ਸੂਫ਼ੀ ਗਾਇਕ ਸਤਿੰਦਰ ਸਰਤਾਜ ਦੀ ਐਕਟਰ ਵਜੋਂ ਇਹ ਪਹਿਲੀ ਫਿਲਮ ਹੈ। ਦਿ ਬਲੈਕ ਪ੍ਰਿੰਸ ਨੂੰ ਸਿੱਖ ਰਾਜ ਬਾਰੇ ਪਹਿਲੀ ਫਿਲਮ ਹੋਣ ਦਾ ਮਾਣ ਹਾਸਿਲ ਹੈ। ਇਸਤੋਂ ਵੀ ਅਹਿਮ ਗੱਲ ਇਹ ਕਿ ਬੇਹਤਰੀਨ ਕਲਾਕਾਰ ਵਜੋਂ ਬਾਲੀਵੁੱਡ ਤੋਂ ਇਲਾਵਾ ਅੰਗਰੇਜੀ ਫਿਲਮਾਂ ਵਿੱਚ ਬੜਾ ਨਾਂਅ ਕਮਾ ਚੁੱਕੀ ਅਤੇ ਇੱਕ ਤੋਂ ਵੱਧ ਵਾਰ ਨੈਸ਼ਨਲ ਫਿਲਮ ਅਵਾਰਡ ਜੇਤੂ ਅਦਾਕਾਰਾ ਸ਼ਬਾਨਾ ਆਜ਼ਮੀ ਨੇ ਪਹਿਲੀ ਵਾਰ ਕਿਸੇ ਫਿਲਮ ਵਿੱਚ ਸਿੱਖ ਕਿਰਦਾਰ (ਮਹਾਰਾਣੀ




**ਮੈਨਚੈਸਟਰ ਹਮਲੇ ਤੋਂ ਬਾਅਦ ਇਕ ਸਿੱਖ ਕੈਬ ਡਰਾਈਵਰ ਨੇ ਇਨਸਾਨੀਅਤ ਦੀ ਮਿਸਾਲ ਕਾਇਮ ਕਰਦੇ ਹੋਏ ਆਪਣੀ ਕੈਬ ਰਾਹੀਂ ਜ਼ਖ਼ਮੀ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਪਹੁੰਚਾਉਣ ਵਿਚ ਜੁੱਟ ਗਿਆ। ਉਸ ਨੇ ਟੈਕਸੀ 'ਤੇ ਕਾਗਜ਼ ਚਿਪਕਾ ਦਿੱਤਾ, ਜਿਸ 'ਤੇ ਲਿਖਿਆ ਹੈ, 'ਫਰੀ ਟੈਕਸੀ ਇਫ ਨੀਡਡ'**

ਜਿੰਦਾਂ) ਨਿਭਾਉਂਦਿਆਂ ਪੰਜਾਬੀ ਬੋਲੀ ਹੈ।

ਚੰਡੀਗੜ੍ਹ ਤੋਂ ਛਪਦੇ ਰੋਜ਼ਾਨਾਂ ਦਿ ਟ੍ਰਿਬਿਊਨ ਦੀ ਰਿਪੋਰਟਰ ਜੈਸਮੀਨ ਸਿੰਘ ਅਪਣੀ ਰਿਪੋਰਟ ਵਿੱਚ ਉਨ੍ਹਾਂ ਪਲਾਂ ਨੂੰ ਇਉਂ ਬਿਆਨ ਕਰਦੀ ਹੈ : ਕਾਲੇ ਰੰਗ ਦਾ ਰਵਾਇਤੀ ਸੂਟ, ਕਾਲੀ ਪੱਗ ਤੇ ਕਿਸੇ ਰਾਜਕੁਮਾਰ ਵਾਲੀ ਮੜ੍ਹਕ। ਇਹ ਕੋਈ ਹੋਰ ਨਹੀਂ ਦਿ ਬਲੈਕ ਪ੍ਰਿੰਸ' ਦਾ ਨਾਇਕ ਪੰਜਾਬੀ ਸੂਫ਼ੀ ਗਾਇਕ ਸਤਿੰਦਰ ਸਰਤਾਜ ਹੈ, ਜਿਸ ਨੂੰ ਕਾਨ ਫ਼ਿਲਮ ਉਤਸਵ ਦੌਰਾਨ ਰੈੱਡ ਕਾਰਪਟ 'ਤੇ ਚੱਲਣ ਦਾ ਮਾਣ ਹਾਸਲ ਹੋਇਆ ਹੈ। ਇਸ ਮਾਣ-ਸਤਿਕਾਰ ਕਾਰਨ ਖ਼ੁਸ਼ੀ ਵਿਚ ਖੀਵੇ ਹੋਏ ਸਤਿੰਦਰ ਸਰਤਾਜ ਨੇ ਰੈੱਡ ਕਾਰਪਟ 'ਤੇ ਤੁਰਨ ਦੇ ਖ਼ਾਸ ਪਲਾਂ ਨੂੰ ਆਪਣੇ ਪ੍ਰਸ਼ੰਸਕਾਂ ਲਈ ਵੀਡੀਓ ਰਾਹੀਂ ਟਵਿੱਟਰ 'ਤੇ ਸਾਂਝਾ ਕੀਤਾ ਹੈ। ਉਹ ਲਿਖਦਾ ਹੈ-ਦਿ ਬਲੈਕ ਪ੍ਰਿੰਸ' ਕਾਨ 2017। ਫ਼ਿਲਮ ਜਗਤ ਦਾ ਭਰਵਾਂ ਹੁੰਗਾਰਾ ਮਿਲਿਆ ਹੈ। ਪਹਿਲੇ ਪੱਗੜੀਧਾਰੀ ਸਿੱਖ ਨੂੰ ਰੈੱਡ ਕਾਰਪਟ 'ਤੇ ਚੱਲਣ ਦਾ ਮਾਣ ਹਾਸਲ ਹੋਇਆ ਹੈ।

ਆਪਣੇ ਸੂਫ਼ੀ ਗੀਤਾਂ ਸਾਈਂ', ਜ਼ਿਕਰ ਤੇਰਾ', ਹਜ਼ਾਰੇ ਵਾਲਾ ਮੁੰਡਾ', ਪਰਲੋ ਹੈ' ਨਾਲ ਸਰੋਤਿਆਂ ਦੇ ਦਿਲਾਂ 'ਤੇ ਰਾਜ ਕਰਨ ਵਾਲੇ ਸਤਿੰਦਰ ਸਰਤਾਜ ਨੇ ਦਿ ਬਲੈਕ ਪ੍ਰਿੰਸ' ਰਾਹੀਂ ਆਪਣੇ ਫ਼ਿਲਮੀ ਸਫ਼ਰ ਦੀ ਸ਼ੁਰੂਆਤ ਕੀਤੀ ਹੈ। ਇਹ ਸਮੂਹ ਪੰਜਾਬੀਆਂ ਲਈ ਮਾਣ ਮਹਿਸੂਸ ਕਰਨ ਵਾਲੇ ਪਲ ਸਨ ਜਦੋਂ ਸਤਿੰਦਰ ਸਰਤਾਜ ਦੀ ਅਦਾਕਾਰੀ ਵਾਲੀ ਫਿਲਮ ਦੀ ਬਲੈਕ ਪ੍ਰਿੰਸ' ਦਾ ਟਰੇਲਰ 70ਵੇਂ ਕਾਨ ਫ਼ਿਲਮ ਫੈਸਟੀਵਲ ਮੌਕੇ ਦਿਖਾਇਆ ਗਿਆ।

ਕਾਨ ਫ਼ਿਲਮ ਉਤਸਵ ਦੇ ਭਾਰਤੀ ਪਵੇਲੀਅਨ 'ਤੇ ਟਰੇਲਰ ਦਿਖਾਏ ਜਾਣ ਤੋਂ ਪਹਿਲਾਂ ਸਤਿੰਦਰ ਸਰਤਾਜ ਮੀਡੀਆ ਨੂੰ ਸੰਬੋਧਨ ਕਰਦਿਆਂ ਇਸ ਫਿਲਮ ਸਬੰਧੀ ਗੱਲਬਾਤ ਕੀਤੀ। ਸਤਿੰਦਰ ਸਰਤਾਜ ਨੇ ਕਿਹਾ, ਫਿਲਮ ਨੂੰ ਇੰਨਾ ਵੱਡਾ ਹੁੰਗਾਰਾ ਮਿਲਣਾ ਬਹੁਤ ਹੀ ਉਤਸ਼ਾਹਜਨਕ ਅਤੇ ਦਿਲ ਤਸੱਲੀ ਦੇਣ ਵਾਲੀ ਗੱਲ ਹੈ। ਕਾਨ ਦੇ ਵਿਸ਼ਵ ਪ੍ਰਸਿੱਧ ਫਿਲਮ ਮੇਲੇ ਵਿੱਚ ਹੋਰਨਾਂ ਉੱਚ ਕੋਟੀ ਦੀਆਂ ਫਿਲਮਾਂ ਨਾਲ ਦ ਬਲੈਕ ਪ੍ਰਿੰਸ ਨੂੰ ਸਨਮਾਨ ਮਿਲਣਾ ਬਹੁਤ ਵੱਡੀ ਪ੍ਰਾਪਤੀ ਹੈ। ਮੈਨੂੰ ਆਸ ਹੈ ਕਿ ਅਜਿਹਾ ਹੋਣ ਨਾਲ ਸਿੱਖ ਕੌਮ ਦੇ ਆਖ਼ਰੀ ਮਹਾਰਾਜੇ ਦੀ ਜੀਵਨ ਕਹਾਣੀ ਦਾ ਦਰਦ, ਅੰਗਰੇਜ ਹਾਕਮਾਂ ਦੀ ਕੂਟਨੀਤੀ, ਸਿੱਖਾਂ ਦੇ ਚੂਰ ਚੂਰ ਹੋਏ ਸੁਪਨਿਆਂ ਦਾ ਸੱਚ ਵਿਸ਼ਵ ਦੇ ਲੋਕਾਂ ਦੇ ਸਾਹਮਣੇ ਉਜਾਗਰ ਹੋਵੇਗਾ।

ਫਿਲਮ ਦੇ ਐਗਜੈਕਟਿਵ ਪ੍ਰੋਡਿਊਸਰ ਜਸਜੀਤ ਸਿੰਘ ਦਾ ਕਹਿਣਾ ਹੈ ਕਿ ਸਾਡੇ ਲਈ ਇਹ ਫਿਲਮ ਬਹੁਤ ਵੱਡਾ ਕਾਰਜ ਸੀ। ਫਿਲਮ ਖੇਤਰ ਦੇ ਮਾਹਿਰਾਂ ਅਤੇ ਅਪਣੇ ਕੰਮ ਨੂੰ ਸਮਰਪਿਤ ਟੀਮ ਬਿਨ੍ਹਾਂ ਇਹ ਚੁਣੌਤੀਆਂ ਭਰਿਆ ਪ੍ਰਾਜੈਕਟ ਨੇਪਰੇ ਚੜ੍ਹਨਾ ਸੰਭਵ ਨਹੀਂ। ਮੈਂ ਇਸ ਸਫਲਤਾ ਲਈ ਸਾਰੀ ਪ੍ਰੋਡੱਕਸ਼ਨ ਟੀਮ ਖ਼ਾਸ ਕਰ ਕਵੀ ਰਾਜ਼, ਵਿਕਰਾਂਤ ਚੋਪੜਾ, ਨਟਾਲੀ ਓਕੋਨੋਰ, ਲਿੰਡਾ ਹੇਸਨ, ਸੈਂਡ ਓ ਬਰਾਇਨ, ਜੇਸਨ ਐਸ਼, ਚਰਨਜੀਤ ਚੱਡ ਅਤੇ ਉਨ੍ਹਾਂ ਦੀਆਂ ਟੀਮਾਂ ਦਾ ਧੰਨਵਾਦੀ ਹਾਂ। ਸਾਡੇ ਕੋਲ ਸ਼ਬਾਨਾ ਆਜ਼ਮੀ, ਜੇਸਨ ਫਲੇਮਨ, ਸਤਿੰਦਰ ਸਰਤਾਜ, ਅਮਾਂਡਾ ਰੂਟ, ਕੀਥ ਡੱਫੀ, ਡੇਵਿਡ ਈਸੈਕਸ, ਰੂਪ ਮਾਗੋਂ ਅਤੇ ਸੋਫ਼ੀ ਸਟੀਵਨਜ ਵਰਗੇ ਚੋਟੀ ਦੇ ਕਲਾਕਾਰ ਸਨ ਜਿੰਨ੍ਹਾਂ ਨੇ ਕਮਾਲ ਦੀ ਅਦਾਕਾਰੀ ਰਾਹੀਂ ਫਿਲਮ ਨੂੰ ਉਚਕੋਟੀ ਦੀ ਬਣਾਇਆ।

ਬਰਿਲਸਟਿਨ ਐਂਟਰਟੇਨਮੈਂਟ ਪਾਰਟਨਰਜ਼ ਵਲੋਂ ਨਿਰਮਤ ਇਸ ਫ਼ਿਲਮ ਦੇ ਡਾਇਰੈਕਟਰ ਕਵੀ ਰਾਜ਼ ਹਨ, ਜਿਨ੍ਹਾਂ ਨੇ ਪੂਰੀ ਲਗਨ ਤੇ ਮਿਹਨਤ ਨਾਲ ਇਸ ਵਿਚਲੇ ਭਾਵਨਾਤਮਕ ਰੂਪਾਂ ਨੂੰ ਛੋਹਿਆ ਹੈ। ਗਾਇਕ ਅਤੇ ਕਵੀ ਸਤਿੰਦਰ ਸਰਤਾਜ ਨੇ ਮਹਾਰਾਜਾ ਦਲੀਪ ਸਿੰਘ ਦਾ ਕਿਰਦਾਰ ਬਾਖ਼ੂਬੀ ਨਿਭਾਉਂਦਿਆਂ ਆਪਣੇ ਫ਼ਿਲਮੀ ਸਫ਼ਰ ਦੀ ਬਿਹਤਰੀਨ ਸ਼ੁਰੂਆਤ ਕੀਤੀ ਹੈ। ਇਸ ਵਿਚ ਮਹਾਰਾਜਾ ਦਲੀਪ ਸਿੰਘ ਦੀ ਮਾਂ ਮਹਾਰਾਣੀ ਜਿੰਦਾਂ ਦਾ ਰੋਲ ਬਾਲੀਵੁੱਡ ਦੀ ਉੱਘੀ ਅਦਾਕਾਰਾ ਸ਼ਬਾਨਾ ਆਜ਼ਮੀ ਨੇ ਨਿਭਾਇਆ ਹੈ ਜਦਕਿ ਜੈਸਨ ਫਲੇਮਿੰਗ, ਅਮਾਂਡਾ ਰੂਟ, ਕੀਥ ਡਫੀ, ਡੇਵਿਡ ਐਸੈਕਸ, ਕੈਨੇਡੀਅਨ ਅਦਾਕਾਰ ਰੂਪ ਮੈਗੋਨ ਤੇ ਸੋਫ਼ੀਆ ਸਟੀਵਨਜ਼ ਨੇ ਆਪਣੇ ਆਪਣੇ ਕਿਰਦਾਰ ਬਾਖ਼ੂਬੀ ਨਿਭਾਏ ਹਨ। ਵਰਲਡ ਵਾਈਡ ਰਿਲੀਜ਼ ਤੋਂ ਪਹਿਲਾਂ ਦਿ ਬਲੈਕ ਪ੍ਰਿੰਸ' ਨੇ ਬੈਸਟ ਡਰਾਮਾ ਫੀਚਰ (ਲਾਸ ਏਂਜਲਸ ਫ਼ਿਲਮ ਐਵਾਰਡਜ਼), ਸਪੈਸ਼ਲ ਜਿਊਰੀ ਰੈਮੀ ਐਵਾਰਡ (50ਵਾਂ ਸਾਲਾਨਾ ਵਰਲਡ ਫੈਸਟ ਇੰਟਰਨੈਸ਼ਨਲ ਫ਼ਿਲਮ ਫੈਸਟੀਵਲ, ਹਿਊਸਟਨ), ਸਤਿੰਦਰ ਸਰਤਾਜ ਲਈ ਬੈਸਟ ਮੇਲ ਡੈਬਿਊ ਐਵਾਰਡ (ਲੰਡਨ ਇੰਡੀਪੈਂਡੈਂਟ ਫ਼ਿਲਮ ਫੈਸਟੀਵਲ) ਸਮੇਤ ਕਈ ਐਵਾਰਡ ਜਿੱਤੇ ਹਨ। ਵੱਖ ਵੱਖ ਸ਼ਹਿਰਾਂ ਵਿਚ ਹੋਏ ਫ਼ਿਲਮ ਫੈਸਟੀਵਲਾਂ ਦੌਰਾਨ ਫ਼ਿਲਮ ਨੂੰ ਭਰਵਾਂ ਹੁੰਗਾਰਾ ਮਿਲਿਆ ਹੈ। ਅਮਰੀਕਾ, ਲੰਡਨ ਤੇ ਭਾਰਤ ਤੋਂ ਇਲਾਵਾ ਜਰਮਨ, ਸਿੰਗਾਪੁਰ, ਕੀਨੀਆ ਤੇ ਯੂ.ਏ.ਈ. ਨੇ ਦਿ ਬਲੈਕ ਪ੍ਰਿੰਸ' ਵਿਚ ਦਿਲਚਸਪੀ ਦਿਖਾਈ ਹੈ।

## ਪੰਜਾਬ 'ਚ ਕਿਸਾਨ ਕਰਜ਼ਾ ਮਾਫ਼ੀ ਵਾਅਦੇ ਨੂੰ ਬੂਰ ਪੈਂਦਾ ਨਹੀਂ ਦਿਸਦਾ

ਇਧਰ ਸਰਕਾਰ ਬਣਨ ਦੇ ਦੋ ਮਹੀਨਿਆਂ ਵਿਚ 45 ਤੋਂ ਵੱਧ ਕਿਸਾਨ ਕਰਜ਼ੇ ਤੋਂ ਪ੍ਰੇਸ਼ਾਨ ਹੋ ਕੇ ਖ਼ੁਦਕੁਸ਼ੀ ਕਰ ਚੁੱਕੇ ਹਨ। ਕਰਜ਼ਾ ਮਾਫ਼ੀ ਲਈ ਮਹੀਨਾ ਪਹਿਲਾਂ ਕਾਇਮ ਡਾ. ਟੀ. ਹਕ ਦੀ ਅਗਵਾਈ ਵਾਲੀ ਮਾਹਰ ਟੀਮ ਦੀ ਮੀਟਿੰਗ ਸਿਰਫ਼ ਇਕ ਵਾਰ ਹੀ ਹੋਈ ਹੈ। ਰਿਪੋਰਟ ਲਈ ਟੀਮ ਨੂੰ ਮਿਲੀ 60 ਦਿਨ ਦੀ ਮੋਹਲਤ ਤੋਂ ਪਹਿਲਾਂ ਰਿਪੋਰਟ ਦਾਖ਼ਲ ਹੁੰਦੀ ਹੈ ਤਾਂ ਬੱਜਟ ਸੈਸ਼ਨ ਵਿਚ ਕਿਸਾਨਾਂ 'ਤੇ ਕਰਜ਼ਾ ਦੇ ਕੁਝ ਬੋਝ ਘਟਾਏ ਜਾਣ ਦਾ ਐਲਾਨ ਹੋ ਸਕਦਾ ਹੈ। ਸੀਨੀਅਰ ਪੱਤਰਕਾਰ ਹਰਕਵਲਜੀਤ ਸਿੰਘ ਦੀ ਰਿਪੋਰਟ ਅਨੁਸਾਰ ਪੰਜਾਬ ਵਿਚਲੀ ਮੌਜੂਦਾ ਕਾਂਗਰਸ ਸਰਕਾਰ ਵੱਲੋਂ ਸੂਬੇ ਦੀ ਕਿਸਾਨੀ ਨੂੰ ਰਾਹਤ ਦੇਣ ਲਈ ਕਿਸਾਨਾਂ ਦੀ ਕਰਜ਼ਾ ਮਾਫ਼ੀ ਸਬੰਧੀ ਚੋਣਾਂ ਦੌਰਾਨ ਕੀਤੇ ਵਾਅਦੇ ਨੂੰ ਅਮਲ ਹੇਠ ਲਿਆਉਣ ਲਈ ਬਣਾਈ ਗਈ ਮਾਹਰਾਂ ਦੀ ਕਮੇਟੀ ਵੱਲੋਂ ਰਾਜ ਵਿਚਲੇ ਛੋਟੇ ਤੇ ਢਾਈ ਏਕੜ ਤੱਕ ਦੀ ਮਾਲਕੀ ਵਾਲੇ ਕਿਸਾਨਾਂ ਦੀ ਸਮੁੱਚੀ ਕਰਜ਼ਾ ਮੁਆਫ਼ੀ ਲਈ ਰਾਜ ਸਰਕਾਰ ਨੂੰ ਸਿਫ਼ਾਰਸ਼ ਕੀਤੀ ਜਾਣੀ ਸੰਭਵ ਹੈ ਜਦੋਂਕਿ ਢਾਈ ਤੋਂ 5 ਏਕੜ ਦੀ ਮਾਲਕੀ ਵਾਲੇ ਕਿਸਾਨਾਂ ਨੂੰ ਵੀ ਕਮੇਟੀ ਰਾਹਤ ਦੇਣਾ ਚਾਹੁੰਦੀ ਹੈ ਪਰ ਇਸ ਲਈ ਵਿੱਤੀ ਪ੍ਰਬੰਧ ਕਿਵੇਂ ਹੋਵੇਗਾ ਇਸ ਸਬੰਧੀ ਅਜੇ ਸਥਿਤੀ ਸਪਸ਼ਟ ਨਹੀਂ। ਸੂਤਰਾਂ ਅਨੁਸਾਰ ਪੰਜ ਏਕੜ ਤੱਕ ਦੀ ਮਾਲਕੀ ਵਾਲੇ ਕਿਸਾਨਾਂ ਨੂੰ ਜੇਕਰ ਰਾਜ ਸਰਕਾਰ 50 ਹਜ਼ਾਰ ਰੁਪਏ ਦੀ ਰਾਹਤ ਵੀ ਦਿੰਦੀ ਹੈ ਤਾਂ ਉਸ ਲਈ ਰਾਜ ਸਰਕਾਰ ਨੂੰ ਕੋਈ 11 ਹਜ਼ਾਰ ਕਰੋੜ ਰੁਪਏ ਲੋੜੀਂਦੇ ਹੋਣਗੇ। ਰਾਜ ਵਿਚ ਪੰਜ ਏਕੜ ਤੱਕ ਦੀ ਮਾਲਕੀ ਵਾਲੇ ਕੋਈ 17 ਲੱਖ ਕਿਸਾਨਾਂ ਵੱਲੋਂ 36600 ਕਰੋੜ ਦਾ ਕਰਜ਼ਾ ਲਿਆ ਹੋਇਆ ਹੈ। ਮਾਹਰਾਂ ਦੀ ਕਮੇਟੀ ਨੂੰ ਜੋ ਅੰਕੜੇ ਪ੍ਰਾਪਤ ਹੋਏ ਹਨ ਉਸ ਅਨੁਸਾਰ ਰਾਜ ਦੇ ਕੋਈ 32 ਲੱਖ ਕਿਸਾਨਾਂ 'ਤੇ 85300 ਕਰੋੜ ਦਾ ਕੁੱਲ ਕਰਜ਼ਾ ਹੈ। ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਹਾਲਾਂਕਿ ਕਿਸਾਨੀ ਦਾ ਸਮੁੱਚਾ ਕਰਜ਼ਾ ਸਰਕਾਰ ਜ਼ਿੰਮੇ ਲੈਣ ਦੀ ਗੱਲ ਕਰਦੇ ਰਹੇ ਹਨ ਪਰ ਸਰਕਾਰ ਲਈ ਢਾਈ ਏਕੜ ਦੀ ਮਾਲਕੀ ਵਾਲੇ ਕਿਸਾਨਾਂ ਦਾ ਹੀ ਸਮੁੱਚਾ ਕਰਜ਼ਾ ਆਪਣੇ ਸਿਰ ਲੈਣਾ ਕਾਫ਼ੀ ਮੁਸ਼ਕਲ ਕੰਮ ਹੋਵੇਗਾ, ਜਿਸ ਨੂੰ ਸਰਕਾਰ ਆਉਂਦੇ 7 ਸਾਲਾਂ ਦੌਰਾਨ ਸਰਕਾਰੀ ਖ਼ਜ਼ਾਨੇ ਰਾਹੀਂ ਉਤਾਰਨਾ ਚਾਹੁੰਦੀ ਹੈ।

ਹਾਲ ਦੀ ਘੜੀ ਰਾਜ ਸਰਕਾਰ ਵੱਲੋਂ ਮਾਹਰਾਂ ਦੀ ਕਮੇਟੀ ਨੂੰ ਇਸ ਸਬੰਧੀ ਵੀ ਪੂਰਾ ਡਾਟਾ ਨਹੀਂ ਦਿੱਤਾ ਜਾ ਸਕਿਆ ਕਿ ਢਾਈ ਏਕੜ ਦੀ ਮਾਲਕੀ ਵਾਲੇ ਕਿਸਾਨਾਂ ਦੀ ਕੁੱਲ ਗਿਣਤੀ ਅਤੇ ਕੁੱਲ ਕਰਜ਼ਾ ਕਿੰਨਾ ਹੈ। ਕੀ ਕੇਂਦਰ ਸਰਕਾਰ ਵੱਲੋਂ ਪੰਜਾਬ ਦੀ ਕਿਸਾਨੀ ਦੀ ਕਰਜ਼ਾ ਮੁਆਫ਼ੀ ਲਈ ਰਾਜ ਸਰਕਾਰ ਦੀ ਕੋਈ ਵਿੱਤੀ ਮਦਦ ਕੀਤੀ ਜਾਵੇਗੀ ? ਇਸ ਸਬੰਧੀ ਵੀ ਸਥਿਤੀ ਅਜੇ ਸਪਸ਼ਟ ਨਹੀਂ, ਕਿਉਂਕਿ ਕੇਂਦਰੀ ਵਿੱਤ ਮੰਤਰੀ ਵੱਲੋਂ ਰਾਜ ਸਰਕਾਰ ਦੀ ਇਸ ਮੰਗ ਸਬੰਧੀ ਹਾਲ ਦੀ ਘੜੀ ਕੋਈ ਹੁੰਗਾਰਾ ਨਹੀਂ ਭਰਿਆ ਗਿਆ। ਬੀਤੇ ਦਿਨਾਂ ਦੌਰਾਨ ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਵੱਲੋਂ ਰਾਜ ਦੇ ਕਿਸਾਨਾਂ ਨੂੰ ਕਰਜ਼ੇ ਵਿਚ ਦਿੱਤੀ ਗਈ ਰਾਹਤ ਲਈ ਵੀ ਕੇਂਦਰ ਸਰਕਾਰ ਵੱਲੋਂ ਕੋਈ ਮਦਦ ਨਹੀਂ ਐਲਾਨੀ ਗਈ।

### *ਪ੍ਰਵਾਸੀ ਪੰਜਾਬੀਆਂ ਨੂੰ ਵਿਆਜ ਮੁਕਤ ਬਾਂਡ*

*ਪੰਜਾਬ ਸਰਕਾਰ ਵੱਲੋਂ ਪ੍ਰਵਾਸੀ ਪੰਜਾਬੀਆਂ ਨੂੰ ਵਿਆਜ ਮੁਕਤ ਬਾਂਡ ਵੇਚ ਕੇ ਪੈਸਾ ਪ੍ਰਾਪਤ ਕਰਨ ਦੀ ਜੋ ਸਕੀਮ ਵਿਚਾਰੀ ਜਾ ਰਹੀ ਹੈ ਉਸ ਦੀ ਸਫਲਤਾ ਸਬੰਧੀ ਵੀ ਕਈ ਤਰ੍ਹਾਂ ਦੇ ਸਵਾਲੀਆ ਨਿਸ਼ਾਨ ਲਗਾਏ ਜਾ ਰਹੇ ਹਨ, ਕਿਉਂਕਿ ਕਾਂਗਰਸ ਸਰਕਾਰ ਲਈ ਕੌਮਾਂਤਰੀ ਪੱਧਰ 'ਤੇ ਮੌਜੂਦਾ ਵਿੱਤੀ ਸਥਿਤੀ ਦੌਰਾਨ ਪ੍ਰਵਾਸੀ ਪੰਜਾਬੀਆਂ ਤੋਂ ਉਕਤ ਕਰਜ਼ੇ ਦੀ ਅਦਾਇਗੀ ਲਈ ਕੋਈ ਰਾਸ਼ੀ ਇਕੱਠਾ ਕਰਨਾ ਆਸਾਨ ਕੰਮ ਨਹੀਂ ਹੋਵੇਗਾ। ਜਦੋਂਕਿ ਰਾਜ ਦੀ ਮੌਜੂਦਾ ਵਿੱਤੀ ਸਥਿਤੀ ਕਾਰਨ ਕਰਜ਼ਾ ਮੁਆਫ਼ੀ ਲਈ ਸਰਕਾਰੀ ਖ਼ਜ਼ਾਨੇ ਵਿਚੋਂ ਕੋਈ ਰਾਸ਼ੀ ਦਾ ਪ੍ਰਬੰਧ ਕਰਨਾ ਵੀ ਕਾਫ਼ੀ ਮੁਸ਼ਕਿਲ ਕੰਮ ਹੋਵੇਗਾ। ਸੂਚਨਾ ਅਨੁਸਾਰ ਸ੍ਰੀ ਟੀ. ਹੱਕ 'ਤੇ ਆਧਾਰਿਤ ਉਕਤ ਮਾਹਿਰਾਂ ਦੀ ਟੀਮ ਜਿਸ ਵਿਚ ਸ. ਬੀ.ਐਸ. ਢਿੱਲੋਂ ਅਤੇ ਸ. ਬੀ.ਐਸ. ਸਿੱਧੂ ਮੈਂਬਰ ਹਨ ਵੱਲੋਂ ਆਪਣੀ ਰਿਪੋਰਟ 30 ਮਈ ਤੱਕ ਦੇ ਦਿੱਤੇ ਜਾਣ ਦੀ ਸੰਭਾਵਨਾ ਹੈ, ਹਾਲਾਂਕਿ ਕਮੇਟੀ ਨੂੰ ਰਿਪੋਰਟ ਦੇਣ ਲਈ 6 ਜੂਨ ਤੱਕ ਦਾ ਸਮਾਂ ਮਿਲਿਆ ਹੋਇਆ ਹੈ। ਕਮੇਟੀ ਦੀ ਰਿਪੋਰਟ ਨੂੰ ਬਾਅਦ ਵਿਚ ਮੰਤਰੀ ਮੰਡਲ ਦੇ ਵਿਚਾਰ ਵਟਾਂਦਰੇ ਅਨੁਸਾਰ ਅਮਲੀ ਜਾਮਾ ਪਹਿਨਾਉਣ ਸਬੰਧੀ ਕੋਈ ਫ਼ੈਸਲਾ ਲਿਆ ਜਾਵੇਗਾ।*

## ਪੰਦਰਾਂ ਹਜ਼ਾਰ ਬਜ਼ੁਰਗ ਬੁਢਾਪਾ ਪੈਨਸ਼ਨ ਉਡੀਕਦੇ ਉਡੀਕਦੇ ਦੁਨੀਆ ਤੋਂ ਰੁਖ਼ਸਤ

ਦੱਸਿਆ ਕਿ ਛੇ ਮਹੀਨੇ ਮਗਰੋਂ ਹੁਣ ਨਵੀਂ ਪੈਨਸ਼ਨ ਰਿਲੀਜ਼ ਹੋਈ ਹੈ। ਇਵੇਂ ਪਿੰਡ ਕੋਟਬਖ਼ਤੂ ਦਾ 76 ਵਰ੍ਹਿਆਂ ਦਾ ਮੁਕੰਦ ਸਿੰਘ ਨਵੀਂ ਸਰਕਾਰ ਦੀ ਭੇਜੀ ਪੈਨਸ਼ਨ ਤੋਂ ਪਹਿਲਾਂ ਹੀ ਜਹਾਨੋਂ ਕੂਚ ਕਰ ਗਿਆ। ਸਰਪੰਚ ਕਮਲਾ ਦੇਵੀ ਨੇ ਦੱਸਿਆ ਕਿ ਪੰਜ ਛੇ ਬਜ਼ੁਰਗਾਂ ਦੀ ਮੌਤ ਹੋ ਚੁੱਕੀ ਹੈ। ਜਾਣਕਾਰੀ ਅਨੁਸਾਰ ਪਿਛਲੀ ਸਰਕਾਰ ਨੇ ਅਕਤੂਬਰ 2016 ਤੱਕ ਦੀ ਬੁਢਾਪਾ ਪੈਨਸ਼ਨ ਵੰਡੀ ਹੈ। ਚੋਣਾਂ ਤੋਂ ਐਨ ਪਹਿਲਾਂ ਵਾਲੇ ਤਿੰਨ ਮਹੀਨਿਆਂ ਵਿਚ ਪੁਰਾਣੀ ਸਰਕਾਰ ਨੇ 1.30 ਲੱਖ ਬਜ਼ੁਰਗਾਂ ਨੂੰ ਨਵੀਂ ਬੁਢਾਪਾ ਪੈਨਸ਼ਨ ਲਾਈ ਸੀ। ਕੈਪਟਨ ਸਰਕਾਰ ਨੇ ਹੁਣ ਨਵੰਬਰ ਅਤੇ ਦਸੰਬਰ 2016 ਦੀ ਪੈਨਸ਼ਨ ਜਾਰੀ ਕੀਤੀ ਹੈ ਜੋ ਕਰੀਬ 256 ਕਰੋੜ ਰੁਪਏ ਬਣਦੀ ਹੈ। ਨਵੀਂ ਸਰਕਾਰ ਵਲੋਂ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਵਿਚ ਪੈਨਸ਼ਨ ਪਾਈ ਜਾਣੀ ਹੈ, ਜਿਸ ਕਰ ਕੇ ਹਰ ਜ਼ਿਲ੍ਹੇ ਵਿਚ ਲਾਭਪਾਤਰੀਆਂ ਦੇ ਬੈਂਕ ਖਾਤਿਆਂ ਦੇ ਨੰਬਰ ਇਕੱਤਰ ਕਰਨ ਦੀ ਮੁਹਿੰਮ ਚੱਲ ਰਹੀ ਹੈ। ਬਠਿੰਡਾ ਜ਼ਿਲ੍ਹੇ ਵਿਚ ਕਰੀਬ 81 ਹਜ਼ਾਰ ਪੈਨਸ਼ਨ ਹੋਲਡਰ ਹਨ। ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਬਠਿੰਡਾ ਸ੍ਰੀ ਨਵੀਨ ਗਡਵਾਲ ਦਾ ਕਹਿਣਾ ਸੀ ਕਿ ਹੁਣ ਜੋ ਬੈਂਕ ਖਾਤਿਆਂ ਦੀ ਰਿਪੋਰਟ ਆ ਰਹੀ ਹੈ, ਉਸ ਅਨੁਸਾਰ ਹਰ ਪਿੰਡ ਵਿਚ ਔਸਤਨ ਦੋ ਤੋਂ ਚਾਰ ਪੈਨਸ਼ਨ ਹੋਲਡਰਾਂ ਦੀ ਮੌਤ ਹੋ ਚੁੱਕੀ ਹੈ। ਇਸ ਹਿਸਾਬ ਨਾਲ ਕਰੀਬ ਪੰਦਰਾਂ ਹਜ਼ਾਰ ਬਜ਼ੁਰਗਾਂ ਦੀ ਮੌਤ ਹੋਣ ਦਾ ਅੰਦਾਜ਼ਾ ਹੈ ਜਿਨ੍ਹਾਂ ਨੂੰ ਆਖ਼ਰੀ ਬੁਢਾਪਾ ਪੈਨਸ਼ਨ ਅਕਤੂਬਰ 2016 ਵਿਚ ਮਿਲੀ ਸੀ।

## ਅਟਲਾਂਟਾ ਹਵਾਈ ਅੱਡੇ 'ਤੇ ਹਿਰਾਸਤ ਦੌਰਾਨ ਭਾਰਤੀ ਦੀ ਮੌਤ

**ਨਿਊਯਾਰਕ/ਬਿਊਰੋ ਨਿਊਜ਼ :** ਅਮਰੀਕਾ ਵਿਚ ਗ਼ੈਰਕਾਨੂੰਨੀ ਤਰੀਕੇ ਨਾਲ ਦਾਖ਼ਲ ਹੋਣ ਵਾਲੇ ਅਤੁਲ ਕੁਮਾਰ ਬਾਬੂਭਾਈ ਪਟੇਲ ਦੀ ਅਮਰੀਕੀ ਇਮੀਗਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ (ਆਈਸੀਈ) ਦੀ ਹਿਰਾਸਤ ਵਿਚ ਮੌਤ ਹੋ ਗਈ। ਉਸ ਨੂੰ ਦੋ ਦਿਨਾਂ ਤੱਕ ਅਟਲਾਂਟਾ ਸਿਟੀ ਦੇ ਹਿਰਾਸਤੀ ਕੇਂਦਰ ਵਿਚ ਰੱਖਿਆ ਗਿਆ ਸੀ। ਅਧਿਕਾਰੀਆਂ ਦਾ ਕਹਿਣਾ ਹੈ ਕਿ ਤਕਲੀਫ਼ ਹੋਣ 'ਤੇ ਅਤੁਲ ਨੂੰ ਅਟਲਾਂਟਾ ਦੇ ਗਰੇਡੀ ਮੈਮੋਰੀਅਲ ਹਸਪਤਾਲ ਵਿਚ ਦਾਖ਼ਲ ਕਰਾਇਆ ਗਿਆ ਸੀ ਜਿਥੇ ਮੁੱਢਲੀ ਜਾਂਚ ਮੁਤਾਬਕ ਦਿਲ ਦਾ ਦੌਰਾ ਪੈਣ ਕਾਰਨ ਉਸ ਦੀ ਮੌਤ ਹੋ ਗਈ। ਉਸ ਨੂੰ ਹਾਈ ਬਲੱਡ ਪ੍ਰੈਸ਼ਰ ਅਤੇ ਸ਼ੂਗਰ ਦੀ ਸ਼ਿਕਾਇਤ ਸੀ। ਉਹ 10 ਮਈ ਨੂੰ ਇਕੁਆਡੋਰ ਤੋਂ ਅਟਲਾਂਟਾ ਹਵਾਈ ਅੱਡੇ 'ਤੇ ਪਹੁੰਚਿਆ ਸੀ ਅਧਿਕਾਰੀਆਂ ਵੱਲੋਂ ਜਾਰੀ ਬਿਆਨ ਵਿਚ ਕਿਹਾ ਗਿਆ ਹੈ ਕਿ ਪਟੇਲ ਕੋਲ ਲੋੜੀਂਦੇ ਇਮੀਗਰੇਸ਼ਨ ਦਸਤਾਵੇਜ਼ ਨਹੀਂ ਸਨ। ਪਟੇਲ ਦੂਜਾ ਵਿਅਕਤੀ ਹੈ ਜੋ ਇਸ ਹਫ਼ਤੇ ਇਮੀਗਰੇਸ਼ਨ ਦੀ ਹਿਰਾਸਤ ਵਿਚ ਮਾਰਿਆ ਗਿਆ ਹੈ। ਉਂਜ ਇਸ ਸਾਲ ਹੁਣ ਤੱਕ ਅੱਠ ਵਿਅਕਤੀ ਆਈਸੀਈ ਦੀ ਹਿਰਾਸਤ ਵਿਚ ਮਾਰੇ ਜਾ ਚੁੱਕੇ ਹਨ।

## ਨਿਵੇਸ਼ਕਾਂ ਨਾਲ 33 ਲੱਖ ਡਾਲਰ ਦੀ ਠੱਗੀ ਮਾਰਨ ਵਾਲੇ ਭਾਰਤੀ-ਅਮਰੀਕੀ ਨੂੰ 15 ਸਾਲਾਂ ਲਈ ਜੇਲ੍ਹ

**ਫਲੋਰੀਡਾ/ਬਿਊਰੋ ਨਿਊਜ਼ :** ਫਰਜ਼ੀ ਯੋਜਨਾਵਾਂ ਰਾਹੀਂ 100 ਤੋਂ ਵੱਧ ਨਿਵੇਸ਼ਕਾਂ ਨਾਲ 33 ਲੱਖ ਡਾਲਰ ਦੀ ਠੱਗੀ ਮਾਰਨ ਵਾਲੇ ਭਾਰਤੀ-ਅਮਰੀਕੀ ਨਵੀਨ ਸ਼ੰਕਰ ਸੁਬਰਾਮਨੀਅਮ ਜ਼ੇਵੀਅਰ (44) ਨੂੰ 15 ਸਾਲ ਜੇਲ੍ਹ ਦੀ ਸਜ਼ਾ ਸੁਣਾਈ ਗਈ ਹੈ। ਫਲੋਰੀਡਾ ਦਾ ਵਸਨੀਕ ਜ਼ੇਵੀਅਰ ਐਸੈਕਸ ਹੋਲਡਿੰਗਜ਼ ਦਾ ਸਾਬਕਾ ਮੁੱਖ ਕਾਰਜਕਾਰੀ ਅਧਿਕਾਰੀ ਸੀ ਅਤੇ ਇਸ ਰਾਹੀਂ ਉਸ ਨੇ ਦੋ ਫਰਜ਼ੀ ਯੋਜਨਾਵਾਂ ਕੱਢੀਆਂ ਸਨ। ਅਮਰੀਕੀ ਜ਼ਿਲ੍ਹਾ ਜੱਜ ਡੈਰਿਨ ਗੇਲਜ਼ ਨੇ ਮਿਆਮੀ ਵਿਚ ਕੱਲ ਉਸ ਨੂੰ 15 ਵਰ੍ਹਿਆਂ ਦੀ ਜੇਲ੍ਹ ਦੀ ਸਜ਼ਾ ਸੁਣਾਈ। ਪਹਿਲੀ ਯੋਜਨਾ ਵਿਚ ਕਰੀਬ 100 ਨਿਵੇਸ਼ਕ ਸ਼ਾਮਲ ਸਨ ਜਿਨ੍ਹਾਂ ਨੂੰ ਚਿੱਲੀ ਦੀ ਖਾਣ ਦੇ 30 ਲੱਖ ਡਾਲਰ ਦੇ ਸ਼ੇਅਰ ਵੇਚੇ ਗਏ। ਦੂਜੀ ਯੋਜਨਾ ਤਹਿਤ ਸਾਊਥ ਕੈਰੋਲਿਨਾ ਦੀ ਸਨਅਤੀ ਜਾਇਦਾਦ ਦੇ ਨਾਲ ਨਾਲ ਸਨਅਤੀ ਵਿਕਾਸ ਫੰਡਾਂ ਰਾਹੀਂ 12 ਲੱਖ ਡਾਲਰ ਇਕੱਠੇ ਕੀਤੇ ਗਏ। ਐਸੈਕਸ ਹੋਲਡਿੰਗਜ਼ ਵਿਚ 2010 ਤੋਂ 2014 ਦੌਰਾਨ ਕੰਮ ਕਰਦਿਆਂ ਉਸ ਨੇ ਫ਼ਰਜ਼ੀ ਵਿੱਤੀ ਦਸਤਾਵੇਜ਼ ਬਣਾਏ ਅਤੇ ਸਥਿਰ ਦਰਾਂ 'ਤੇ ਵਿਆਜ ਦੇਣ ਦਾ ਵਾਅਦਾ ਕਰਦਿਆਂ ਲੋਕਾਂ ਨੂੰ ਕੰਪਨੀ ਵਿਚ ਨਿਵੇਸ਼ ਕਰਨ ਲਈ ਉਕਸਾਇਆ। ਜ਼ੇਵੀਅਰ ਨੇ ਜ਼ਿਆਦਾਤਰ ਪੈਸਾ ਫ਼ਜ਼ੂਲਖ਼ਰਚੀ ਅਤੇ ਪਤਨੀ ਦੇ ਗਹਿਣਿਆਂ, ਵੱਡੀਆਂ ਗੱਡੀਆਂ, ਕਾਸਮੈਟਿਕ ਸਰਜਰੀ ਅਤੇ ਹੋਰ ਖ਼ਰਚਿਆਂ 'ਤੇ ਕੀਤਾ।

# Classified

## ਲੜਕੀ ਦੀ ਲੋੜ

ਸਿੱਖ ਰਾਮਗੜੀਆ ਲੜਕਾ, 30/5'9", ਭਾਰਤ ਤੋਂ ਇਲੈਕਟ੍ਰੋਨਿਕ ਐਂਡ ਕਮਿਊਨੀਕੇਸ਼ਨ ਇੰਜਨੀਅਰਿੰਗ ਵਿਚ ਬੀ.ਟੈਕ। ਕੈਨੇਡਾ ਵਿਚ ਕਾਨੂੰਨੀ ਤਾਲਾਕ।(ਸਿਰਫ਼ 5 ਦਿਨ ਇਕੱਠੇ ਰਹੇ)।ਮੌਜੂਦਾ ਸਮੇਂ ਵਰਕ ਪਰਮਿਟ 'ਤੇ। ਸਿਰਫ਼ ਕੈਨੇਡਾ ਤੇ ਅਮਰੀਕਾ ਦੀ ਲੜਕੀ ਨੂੰ ਤਰਜੀਹ ਦਿੱਤੀ ਜਾਵੇਗੀ।

ਸੰਪਰਕ : ਅਮਰੀਕਾ : 714-232-2482

ਵਟਸਐਪ : 97791-30287, saggu.gagan@gmail.com

ਸਹਾਰਨਪੁਰ ਦੇ ਚੰਗੇ ਸਰਦੇ ਪੁੱਜਦੇ ਭੁੱਲਰ ਪਰਿਵਾਰ ਦੇ ਐਲ. ਐਲ. ਬੀ., ਐਲ. ਐਮ. ਐਲ., ਬੀ.ਏ. ਪਾਸ ਜੱਟ ਸਿੱਖ ਲੜਕੇ 28 ਸਾਲ 5'10" ਲਈ ਪੜ੍ਹੀ ਲਿਖੀ ਤੇ ਚੰਗੇ ਪਰਿਵਾਰ ਨਾਲ ਸਬੰਧ ਰਖਦੀ ਲੜਕੀ ਦੀ ਲੋੜ ਹੈ। ਲੜਕਾ ਦਿੱਲੀ ਦੀਆਂ ਜਿਲ੍ਹਾ ਕਚਹਿਰੀਆਂ ਤੇ ਹਾਈਕੋਰਟ 'ਚ ਵਕਾਲਤ ਕਰਦਾ ਹੈ।ਸ਼ਰਾਬ ਜਾਂ ਕਿਸੇ ਨਸ਼ੇ ਨੂੰ ਮੂੰਹ ਨਹੀਂ ਲਾਉਂਦਾ।

ਖ਼ਾਨਦਾਨੀ ਪਿਛੋਕੜ ਵਾਲਾ ਭੁੱਲਰ ਪਰਿਵਾਰ ਬਹੁਤ ਹੀ ਸਤਿਕਾਰਤ ਤੇ ਸਲੀਕੇ ਵਾਲਾ, ਪੜ੍ਹਿਆ ਲਿਖਿਆ, ਇਲਾਕੇ 'ਚ ਸਤਿਕਾਰਤ ਤੇ ਮਾਣ ਇਜ਼ਤ ਵਾਲਾ ਹੈ।ਪਰਿਵਾਰ ਦਾ ਸਹਾਰਨਪੁਰ (ਯੂ.ਪੀ.) ਵਿੱਚ ਚੰਗਾ ਬਿਜਨਸ, ਜ਼ਮੀਨ ਜਾਇਦਾਦ ਤੋਂ ਇਲਾਵਾ ਪੰਜਾਬ 'ਚ ਮਲੋਟ ਨੇੜੇ ਵੀ ਜ਼ਮੀਨ ਹੈ।ਲੜਕੀ ਚੰਗੇ ਪਰਿਵਾਰ ਦੀ ਪੜ੍ਹੀ ਲਿਖੀ, ਖੁਲ੍ਹਦਿਲੇ ਵਿਚਾਰਾਂ ਵਾਲੀ, ਮਿਲਣਸਾਰ ਅਤੇ ਪਰਿਵਾਰਕ ਕਦਰਾਂ ਕੀਮਤਾਂ ਵਾਲੀ ਹੋਵੇ।

**ਹੋਰ ਜਾਣਕਾਰੀ ਲਈ ਫੋਨ: 09045898878**

**E-mail: navi_singh001@yahoo.com**

## Bride WANTED

Seeking a Matrimonial match in Canada & USA only, for a Sikh Ramgharia boy, 30/5'9" having B-Tech in Electronics & Communication Engineering from India. Legally divorced in Canada (together for 5 days only). Currently on work permit. Contact:

USA: 714-232-2482, WhatsApp: 9779130287,

Email : saggu.gagan@gmail.com

Jat Sikh Bhular boy 28 years old Height: 5' 10" Complexion, Non drinker/ Non smoker, Qualifications : L.L.M., L.L.B., B.A., Schooling from YPS (Mohali) and Saharanpur , Practicing as an Advocate at High court & District courts in New Delhi, is looking for a Well Educated Girl from good status family , Should be open minded, moderately traditional and caring. Bhullars are Upper Middle Class, Moderate Nuclear very well behaved, educated, highly respected and very well known family having good business, residential and urban property, agricultural land in Saharanpur (U.P.) and in Punjab near Malout.

**For More information :**

**Call Mobile No. 09045898878**

**E-mail: navi_singh001@yahoo.com**

Seeking a Nanny/Babysitter
Call : Aman
510-938-7195

ਨੈਨੀ/ਬੇਬੀ ਸਿਟਰ (ਖਿਡਾਵੀ)
ਦੀ ਜ਼ਰੂਰਤ ਹੈ।
ਸੰਪਰਕ ਕਰੋ :
ਅਮਨ 510-938-7195

## BRIDE WANTED

Ramgarhia Sikh parents from Los Angles seeks matrimonial for their son 25years, height 5' 10" born and brought up in Los Angles , working as Assistant Manager in Marketing. Sikh Families welcome.

Please contact ginamudhar@yahoo.com Or

phone 818-943-0264

## BOY WANTED

Seeking matrimonial for Jat Sikh girl, 35 years, 5'6". Well educated, working in a semi-conductor MNC in Malaysia. Comes from a well-respected family, settled in Malaysia. Sister settled in the US. Cast no bar. Boy should be well settled, preferably from Canada/US. Contact mendhir2017@gmail.com,

Phone : 949-689-0841, 949-864-9735

## ਲੜਕੀ ਦੀ ਲੋੜ

ਲਾਸ ਏਂਜਲਸ ਤੋਂ ਰਾਮਗੜੀਆ ਸਿੱਖ ਪਰਿਵਾਰ ਨੂੰ ਆਪਣੇ ਲਾਸ ਏਂਜਲਸ ਵਿਚ ਜਨਮੇ-ਪਲੇ 25 ਸਾਲਾ ਲੜਕੇ, 5' 10" ਲਈ ਕੰਨਿਆ ਦੀ ਲੋੜ ਹੈ। ਲੜਕਾ ਮਾਰਕੀਟਿੰਗ ਵਿਚ ਅਸਿਸਟੈਂਟ ਮੈਨੇਜਰ। ਸਿੱਖ ਪਰਿਵਾਰਾਂ ਦਾ ਸਵਾਗਤ। ginamudhar@yahoo.com ਜਾਂ ਫ਼ੋਨ ਨੰਬਰ 818-943-0264 'ਤੇ ਸੰਪਰਕ ਕਰੋ।

### ਵਰਕਰਾਂ ਦੀ ਲੋੜ

ਯੂਰੇਕਾ, (Eureka) ਕੈਲੀਫੋਰਨੀਆ ਵਿਖੇ ਰੈਂਸਟੋਰੈਂਟ ਵਿਚ ਕੰਮ ਕਰਨ ਵਾਲੇ ਵਰਕਰ (ਵੇਟਰ ਅਤੇ ਹੈਲਪਰ) ਦੀ ਲੋੜ ਹੈ।

ਸੰਪਰਕ ਕਰੋ: ਗੁਰਪ੍ਰੀਤ ਸਿੰਘ ਸੋਹਲ

ਫੋਨ : 707-498-9325

Email : tandooribiteseureka@gmail.com

# Office for Lease in Union City, CA



**Nice clean office**

1200 to 1500 Sq feet in the business area of Union City. Best for Trucking company if extra warehouse needed.

Call at:

**510-875-3279**

## ਪੰਜਾਬ 'ਚ 'ਆਪ' ਦੀ ਮਜ਼ਬੂਤੀ ਲਈ ਛੋਟੇਪੁਰ ਸਮੇਤ ਸਾਰੇ ਵਲੰਟੀਅਰਾਂ ਨੂੰ ਵਾਪਸੀ ਦੀ ਅਪੀਲ

ਉਨ੍ਹਾਂ ਕਿਹਾ ਕਿ ਪੰਜਾਬ ਵਿੱਚ 'ਆਪ' ਦਾ ਜਥੇਬੰਦਕ ਢਾਂਚਾ ਇੱਕ ਮਹੀਨੇ ਦੇ ਅੰਦਰ-ਅੰਦਰ ਬਣਾ ਦਿੱਤਾ ਜਾਵੇਗਾ ਤੇ ਇਸ ਵਿੱਚ ਦਿੱਲੀ ਹਾਈ ਕਮਾਂਡ ਦੀ ਕੋਈ ਦਖ਼ਲਅੰਦਾਜ਼ੀ ਨਹੀਂ ਹੋਵੇਗੀ। ਭਗਵੰਤ ਮਾਨ ਨੂੰ ਪੰਜਾਬ ਇਕਾਈ ਦਾ ਪ੍ਰਧਾਨ ਬਣਾਏ ਜਾਣ ਸਬੰਧੀ ਪਰਵਾਸੀ ਪੰਜਾਬੀਆਂ ਵੱਲੋਂ ਕੀਤੇ ਗਏ ਵਿਰੋਧ ਬਾਰੇ ਉਨ੍ਹਾਂ ਕਿਹਾ ਕਿ ਸ੍ਰੀ ਮਾਨ ਨੂੰ ਪ੍ਰਧਾਨ ਬਣਾਏ ਜਾਣ ਤੋਂ ਬਾਅਦ ਉਨ੍ਹਾਂ ਨੇ ਪਰਵਾਸੀ ਪੰਜਾਬੀਆਂ ਨਾਲ ਵੀਡੀਓ ਕਾਨਫ਼ਰੰਸ ਰਾਹੀਂ ਗੱਲਬਾਤ ਕੀਤੀ ਤੇ ਉਨ੍ਹਾਂ ਨੂੰ ਪਾਰਟੀ ਵਿੱਚ ਰਹਿਣ ਲਈ ਮਨਾ ਲਿਆ। ਪਾਰਟੀ ਨੂੰ ਆਉਂਦੇ ਫੰਡਾਂ ਬਾਰੇ ਜਾਣਕਾਰੀ ਵੀ ਛੇਤੀ ਹੀ ਵੈੱਬਸਾਈਟ 'ਤੇ ਪਾਈ ਜਾਵੇਗੀ।

ਸ੍ਰੀ ਅਰੋੜਾ ਨੇ ਕਿਹਾ ਕਿ ਨਗਰ ਨਿਗਮ ਚੋਣਾਂ ਲੜਨ ਲਈ ਪਾਰਟੀ ਪੂਰੀ ਤਰ੍ਹਾਂ ਤਿਆਰ ਹੈ ਤੇ ਉਮੀਦਵਾਰਾਂ ਦੀ ਚੋਣ ਕਰਨ ਲਈ 7 ਮੈਂਬਰੀ ਕਮੇਟੀ ਬਣਾਈ ਜਾਵੇਗੀ। ਇਸ ਮੌਕੇ ਡਾ. ਅਮਰਜੀਤ ਸਿੰਘ ਥਿੰਦ, ਡਾ. ਸੰਜੀਵ ਸ਼ਰਮਾ, ਚੰਦਨ ਗਰੇਵਾਲ, ਹੰਸ ਰਾਜ ਰਾਣਾ, ਦਰਸ਼ਨ ਭਗਤ, ਯੂਥ ਆਗੂ ਸੁਖਦੀਪ ਸਿੰਘ ਅੱਪਰਾ, ਬਲਵੰਤ ਭਾਟੀਆ ਹਾਜ਼ਰ ਸਨ।

**ਮੀਟਿੰਗ ਦੌਰਾਨ ਹੋਈ ਤਕਰਾਰ :**

'ਆਪ' ਦੇ ਸੂਬਾਈ ਉਪ ਪ੍ਰਧਾਨ ਅਮਨ ਅਰੋੜਾ ਦੀ ਹਾਜ਼ਰੀ ਵਿੱਚ ਹੋਈ ਮੀਟਿੰਗ ਦੌਰਾਨ ਆਦਮਪੁਰ ਤੋਂ ਚੋਣ ਲੜ ਚੁੱਕੇ ਉਮੀਦਵਾਰ ਹੰਸ ਰਾਜ ਰਾਣਾ ਵਾਲੰਟੀਅਰਾਂ ਨਾਲ ਉਲਝ ਗਏ ਤੇ ਗੱਲ ਅਪਸ਼ਬਦ ਵਰਤਣ ਤੱਕ ਪੁੱਜ ਗਈ। ਇਸੇ ਦੌਰਾਨ ਰਾਣਾ ਅਤੇ ਵਾਲੰਟੀਅਰਾਂ ਨੇ ਇੱਕ ਦੂਜੇ ਨੂੰ ਧਮਕੀਆਂ ਵੀ ਦਿੱਤੀਆਂ। ਸੂਤਰਾਂ ਮੁਤਾਬਕ ਇਹ ਤਕਰਾਰ ਪਾਰਟੀ ਵਿਚ 'ਗ਼ਲਤ ਬੰਦਿਆਂ' ਨੂੰ ਟਿਕਟ ਦੇਣ ਬਾਰੇ ਕੀਤੀਆਂ ਟਿੱਪਣੀਆਂ ਤੋਂ ਹੋਇਆ। ਮਾਮਲਾ ਵਧਦਾ ਦੇਖ ਕੇ ਪਾਰਟੀ ਆਗੂ ਚੰਦਨ ਗਰੇਵਾਲ ਅਤੇ ਡਾ. ਸੰਜੀਵ ਸ਼ਰਮਾ ਨੇ ਦੋਹੇਂ ਧਿਰਾਂ ਨੂੰ ਸ਼ਾਂਤ ਕਰਵਾਇਆ।

## ਗੁਰਦੁਆਰੇ ਦੀ ਜ਼ਮੀਨ ਨੂੰ ਲੈ ਕੇ ਮੌੜ ਕਲਾਂ ਵਾਸੀਆਂ ਨੇ ਸ਼੍ਰੋਮਣੀ ਕਮੇਟੀ ਖ਼ਿਲਾਫ਼ ਖੋਲ੍ਹਿਆ ਮੋਰਚਾ

ਕਮਿਸ਼ਨਰ ਰਾਹੁਲ ਭੰਡਾਰੀ ਨੇ ਪਿੰਡ ਦੀ ਲੋਕਲ ਕਮੇਟੀ ਬਣਾ ਕੇ ਗੁਰਦੁਆਰਾ ਤੇ ਇਸ ਦੀ ਜ਼ਮੀਨ ਦਾ ਪ੍ਰਬੰਧ ਪਿੰਡ ਵਾਸੀਆਂ ਨੂੰ ਸੌਂਪ ਦਿੱਤਾ ਸੀ। ਗ੍ਰੰਥੀ ਪ੍ਰੀਤਮ ਸਿੰਘ ਤੇ ਹੋਰਾਂ ਨੂੰ ਕਤਲ ਕੇਸ ਅਧੀਨ ਜੇਲ੍ਹ ਜਾਣਾ ਪਿਆ। ਇਸੇ ਦੌਰਾਨ ਸ਼੍ਰੋਮਣੀ ਕਮੇਟੀ ਅਤੇ ਗ੍ਰੰਥੀ ਵਿਚਕਾਰ ਗੁਰਦੁਆਰੇ ਦੀ ਮਾਲਕੀ ਨੂੰ ਲੈ ਕੇ ਕੇਸ ਸੁਪਰੀਮ ਕੋਰਟ ਵਿੱਚ ਚੱਲਦਾ ਰਿਹਾ।

ਪਿੰਡ ਵਾਸੀਆਂ ਨੇ ਦੱਸਿਆ ਕਿ ਉਕਤ ਗ੍ਰੰਥੀ ਪ੍ਰੀਤਮ ਸਿੰਘ ਦੀ ਮੌਤ ਤੋਂ ਬਾਅਦ ਹੁਣ ਉਸ ਦੇ ਪਰਿਵਾਰਕ ਮੈਂਬਰਾਂ ਨੇ ਗੁਰਦੁਆਰੇ ਦੀ ਜ਼ਮੀਨ ਨੂੰ ਸ਼੍ਰੋਮਣੀ ਕਮੇਟੀ ਨਾਲ ਮਿਲ ਕੇ ਹਥਿਆਉਣ ਦੀ ਸਾਜ਼ਿਸ਼ ਰਚੀ। ਇਸ ਤਹਿਤ ਉਨ੍ਹਾਂ ਨੇ ਅਦਾਲਤ ਵਿੱਚ ਸ਼੍ਰੋਮਣੀ ਕਮੇਟੀ ਨੂੰ ਗੁਰਦੁਆਰੇ ਦੀ 130 ਏਕੜ ਜ਼ਮੀਨ ਵਿਚੋਂ 100 ਏਕੜ ਜ਼ਮੀਨ ਦੇਣ ਦੀ ਸਹਿਮਤੀ ਦੇ ਦਿੱਤੀ ਜਦਕਿ 30 ਏਕੜ ਜ਼ਮੀਨ 'ਤੇ ਆਪਣਾ ਹੱਕ ਰੱਖਿਆ। ਅਦਾਲਤ ਨੇ 1 ਫਰਵਰੀ 2011 ਨੂੰ 30 ਏਕੜ ਜ਼ਮੀਨ ਗ੍ਰੰਥੀ ਪ੍ਰੀਤਮ ਸਿੰਘ ਤੇ 100 ਏਕੜ ਜ਼ਮੀਨ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਦੇਣ ਦਾ ਫੈਸਲਾ ਸੁਣਾ ਦਿੱਤਾ ਜਿਸ ਦੇ ਅਧਾਰ 'ਤੇ ਹੀ ਸ਼੍ਰੋਮਣੀ ਕਮੇਟੀ ਵੱਲੋਂ ਜ਼ਮੀਨ 'ਤੇ ਕਬਜ਼ਾ ਕਰਨ ਦੀਆਂ ਲਗਾਤਾਰ ਕੋਸ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਸਮੂਹ ਪਿੰਡ ਵਾਸੀਆਂ ਨੇ ਇਕਜੁੱਟਤਾ ਦਾ ਪ੍ਰਗਟਾਵਾ ਕਰਦਿਆਂ ਚਿਤਾਵਨੀ ਦਿੱਤੀ ਕਿ ਜੇਕਰ ਗੁਰਦੁਆਰੇ ਦੀ ਜ਼ਮੀਨ 'ਤੇ ਕਾਬਜ਼ ਹੋਣ ਦਾ ਯਤਨ ਕੀਤਾ ਗਿਆ ਤਾਂ ਉਹ ਕੋਈ ਵੀ ਕੁਰਬਾਨੀ ਦੇਣ ਤੋਂ ਪਿੱਛੇ ਨਹੀਂ ਹਟਣਗੇ। ਉਨ੍ਹਾਂ ਮੰਗ ਕੀਤੀ ਕਿ ਗੁਰਦੁਆਰਾ ਇਤਿਹਾਸਕ ਹੋਣ ਕਾਰਨ ਇਸ ਦੀ ਸਮੁੱਚੀ ਜਾਇਦਾਦ ਗੁਰੂ ਤੇਗ ਬਹਾਦਰ ਪਾਤਸ਼ਾਹੀ ਨੌਵੀਂ ਦੇ ਨਾਂਅ 'ਤੇ ਹੀ ਰਹਿਣ ਦਿੱਤੀ ਜਾਵੇ। ਹਾਲੇ ਕੋਈ ਵੀ ਧਿਰ ਕਬਜ਼ਾ ਲੈਣ ਨਹੀਂ ਪੁੱਜੀ।

## ਗੁਰਦੁਆਰਾ ਲੈਂਕਰਸ਼ਿਮ ਵਿਖੇ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਜਨਮ ਦਿਹਾੜਾ ਬਹੁਤ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ

ਇਸ ਸਾਰੇ ਸਮਾਗਮ ਅਤੇ ਲੰਗਰਾਂ ਦੀ ਸੇਵਾ ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਮੈਮੋਰੀਅਲ ਸੋਸਾਇਟੀ ਵਲੋਂ ਕਰਵਾਈ ਗਈ। ਸਟਾਲਾਂ ਦਾ ਅਤੇ ਗੰਨੇ ਦੇ ਰਸ ਦਾ ਵੀ ਖਾਸ ਪ੍ਰਬੰਧ ਕੀਤਾ ਗਿਆ। ਸ਼ਹੀਦ ਕਰਤਾਰ ਸਿੰਘ ਸਰਾਭਾ ਜੀ ਮੈਮੋਰੀਅਲ ਸੋਸਾਇਟੀ ਦੇ ਮੈਂਬਰ ਜਤਿੰਦਰ ਸਿੰਘ ਗਰੇਵਾਲ, ਬਲਦੇਵ ਸਿੰਘ ਗਰੇਵਾਲ, ਜਸਵੰਤ ਸਿੰਘ ਢਿੱਲੋਂ, ਮਨਜੀਤ ਸਿੰਘ ਪੰਧੇਰ, ਜਗਤਾਰ ਸਿੰਘ ਸਮਰਾ, ਇਕਬਾਲ ਸਿੰਘ ਸਮਰਾ, ਗੁਰਪ੍ਰੀਤ ਸਿੰਘ, ਦਲਜੀਤ ਸਿੰਘ, ਅਜੀਤ ਸਿੰਘ ਥਿੰਦ, ਬਲਜਿੰਦਰ ਸਿੰਘ ਗਰੇਵਾਲ, ਰਣਜੀਤ ਸਿੰਘ, ਦਰਸ਼ਨ ਸਿੰਘ, ਜਸਮਿੰਦਰ ਸਿੰਘ ਗਰੇਵਾਲ ਅਤੇ ਧਰਮਿੰਦਰ ਸਿੰਘ ਗਰੇਵਾਲ ਨੇ ਆਈਆਂ ਸੰਗਤਾਂ ਦਾ ਤਹਿ ਦਿਲੋਂ ਧੰਨਵਾਦ ਕੀਤਾ। ਇਸ ਪ੍ਰੋਗਰਾਮ ਬਾਰੇ ਜਸ ਪੰਜਾਬੀ ਟੀ.ਵੀ. ਤੇ ਵੀ ਜਾਣਕਾਰੀ ਦਿਤੀ ਗਈ। ਸਿੱਖ ਵੇਲਫ਼ੇਅਰ ਆਰਗੇਨਾਈਜ਼ੇਸ਼ਨ ਨੇ ਗੰਨੇ ਦਾ ਰਸ ਅਤੇ ਛੋਲੇ ਭਟੂਰੇ ਦੇ ਲੰਗਰਾਂ ਦੀ ਸੇਵਾ ਵਿਚ ਖਾਸ ਯੋਗਦਾਨ ਦਿਤਾ।



Raja™ SWEETS & CATERING®
AUTHORIZED CATERER FOR MAJOR 5-STAR HOTELS
ਮਿਠਾਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ™

ਹਰ ਮੌਕੇ ਜਿਵੇ ਅਖੰਡ ਪਾਠ, ਜਨਮ ਦਿਨ, ਵਿਆਹ ਸ਼ਾਦੀ ਜਾਂ ਪਰਟੀ ਲਈ ਦਸ ਹਜਾਰ ਬੰਦਿਆਂ ਤੱਕ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਾਂ।

Follow us on:

Toll Free 1-866-FOR-RAJA
www.rajasweets.com
msbains@rajasweets.com

Fresh Sweets, Snacks & Food
Catering with Portable Tandoor
for up to 10000 guests
Lunch - Dinner - Take Out - Banquets

**Raja™ Sweets & Indian Cuisine**
31853 Alvarado Blvd. Union City CA 94587
Ph. (510) 489-9100 Fax (510) 489-9111

**Raja™ Indian Cuisine & Bar**
1275 W Winton Ave. Hayward CA 94545
Ph. (510) 264-9300 Fax (510) 264-9345

**Call Makhan Bains or Ravinder Singh For Your Next Party**

**1-866-FOR-RAJA (367-7252)**
**www.RajaSweets.com**

**Items Serving:**
- All kinds of Sweets
- Snacks & Food
- Chaat & Tikki Stall
- Pani Poori Stall
- Bhel Poori / Pav Bhaji
- Falooda Kulfi

**Catering Services:**
- Wedding Ceremonies
- Receptions
- Birthday Parties
- Religious Gatherings
- Corporate Events
- Picnics / Bar-b-que

**Additional Services:**
- Warmers
- Chaffing Dishes
- China & Silverware
- Linen Rental
- Waiters & Bartenders




ਹਰ ਮੌਕੇ ਜਿਵੇਂ ਵਿਆਹ ਸ਼ਾਦੀ, ਰਿਸੈਪਸ਼ਨ, ਜਨਮਦਿਨ, ਪਾਰਟੀ ਲਈ
200 ਤੋਂ 1000 ਬੰਦਿਆਂ ਦੇ ਬੈਠਣ ਅਤੇ ਖਾਣ ਲਈ ਹਾਲ ਦਾ ਇੰਤਜਾਮ ਹੈ।

# PARADISE BALLROOMS

4100 Peralta Blvd. Fremont, CA 94536

**(510) 900-6319**

info@paradiseballrooms.com www.paradiseballrooms.com

## SERVICES INCLUDE

- CATERING
- SILVERWARE
- CHINAWARE
- DECORATED HALL
- LINEN
- SEVERAL BAR OPTIONS
- SECURITY
- WAIT STAFF
- FULL SETUP INCLUDING
  TABLE CLOTH, NAPKINS, CHAIRS ETC.



# Mortgage Rates ਇਤਿਹਾਸਕ Low ਹਨ

## Residential and Commerical

# No Tax Returns

Credit Score as low as 500

ਇਕ ਤੋਂ ਵੱਧ Lenders ਦੇ rates ਲਵੋ

Self Employed - No W2 - Stated Income Loans available

ਇਕ ਸਾਲ ਦੇ Tax returns ਨਾਲ ਆਪਣਾ Loan approve ਕਰਵਾਓ।

3% down payment ਦੇ ਨਾਲ ਆਪਣਾ ਨਵਾਂ ਘਰ ਖਰੀਦੋ, ਕੋਈ PMI ਨਹੀਂ

**Foreign National Loans available**

ratebeat MORTGAGE
RateBeat LLC (NMLS ID: 1267188)

**(877) 877-7575**

Gas Stations - Hotels/Motels
Multi-Family-Retail
Warehouse- Self-Storage
Auto Service

**ਅੱਜ ਹੀ ਕਾਲ ਕਰੋ**

**Nirmal Singh Mann**
(NMLS 357314)

EQUAL HOUSING LENDER

**(877) 877-7575, www.ratebeat.com**


GLOBAL
CPN
Channel Punjabi Network
3 HD PUNJABI TV CHANNELS - PACK
in
ONE SINGLE APP
SPIRITUAL
NEWS
MUSIC
AATAM ras
GLOBAL PUNJAB
channel punjabi BEATS
Kirtan
Katha
News
Discussion
Debate
Entertainment
DOWNLOAD GLOBAL CPN APP ON
Roku
android
Website
Apple Devices
log on to:
www.globalcpn.tv
For More Details:
GILL PARDEEP
646-520-6706
HARBHAJAN SINGH
201-281-4889




25 year Power Warranty

Empowering the Sun from all Directions™

SUNPREME CONFIDENTIAL



ਅਮਰੀਕਾ 'ਚ ਬਿਜਲੀ ਦੇ ਬਿਲਾਂ ਨੂੰ

Solar Café with Bifacial Solar Panels.

SUNPREME CONFIDENTIAL

ਅਲਵਿਦਾ ਕਹੋ

We are representing SunPREME Solar Panel

ਆਪਣੇ ਘਰਾਂ ਅਤੇ ਕਾਰੋਬਾਰ ਉਪਰ ਸੋਲਰ ਸਿਸਟਮ ਲਗਾਉਣ ਲਈ ਅਤੇ ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ। ਕੇਅਰ ਕੀਮਤ ਤੇ ਕੁਆਲਟੀ ਦੀ ਪੱਕੀ ਗਰੰਟੀ

- Go Solar with Sunpreme's Premium Quality Solar Panels, 25 Year Power Warranty and Most Competitive Prices.
- Residential, Commercial and Solar Farms with Sunpreme High Performance Bifacial Smart Panels.
- Customer Satisfaction Guaranteed.

Please Call

ਸਤਨਾਮ ਸਿੰਘ ਖਾਲਸਾ 510-706-1300


Canadian
Highest Grade Wheat
Say Bana
SHER®
SHER
DURUM ATTA
DESI
STYLE
20 lb
9.07 kg
SHER ATTA GHAR LAAO
www.sherbrarmills.com